ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 9 | Issue 50 | 18 December 2019 to 24 December 2019 | Ph.: (510) 240-5949 | For Advt.: (510) 677-2777 | Fax: (888) 323-6950 | Email: info@amritsartimes.com, asrtimes@gmail.com

### ਉਨਾਓ ਜਬਰ-ਜਨਾਹ ਕੇਸ

## ਸੇਂਗਰ ਦੋਸ਼ੀ ਕਰਾਰ

**ਨਵੀਂ ਦਿੱਲੀ/ਏ.ਟੀ. ਨਿਊਜ਼ :** ਦਿੱਲੀ ਦੀ ਇਕ ਅਦਾਲਤ ਨੇ ਭਾਜਪਾ ਤੋਂ ਬਰਖ਼ਾਸਤ ਵਿਧਾਇਕ ਕੁਲਦੀਪ ਸਿੰਘ ਸੇਂਗਰ ਨੂੰ 2017 'ਚ ਨਾਬਾਲਿਗ



ਨਾਲ ਜਬਰ-ਜਨਾਹ ਦਾ ਦੋਸ਼ੀ ਕਰਾਰ ਦਿੰਦਿਆਂ ਕਿਹਾ ਕਿ 'ਤਾਕਤਵਰ ਵਿਅਕਤੀ' ਖ਼ਿਲਾਫ਼ ਪੀੜਤਾ ਦੀ ਗਵਾਹੀ 'ਸੱਚੀ ਅਤੇ ਬੇਦਾਗ' ਹੈ। ਅਦਾਲਤ ਨੇ ਸੇਂਗਰ ਨੂੰ ਆਈਪੀਸੀ ਤਹਿਤ ਜਬਰ-ਜਨਾਹ ਅਤੇ ਪੋਕਸੋ ਐਕਟ ਤਹਿਤ ਜਨ ਸੇਵਕ ਵੱਲੋਂ ਬੱਚੀ ਖ਼ਿਲਾਫ਼ ਜਿਨਸੀ ਹਮਲੇ ਦੇ ਜੁਰਮ ਦਾ ਦੋਸ਼ੀ ਠਹਿਰਾਇਆ ਹੈ। ਅਦਾਲਤ ਸਜ਼ਾ ਬਾਰੇ ਬੁੱਧਵਾਰ ਨੂੰ ਦਲੀਲਾਂ ਸੁਣੇਗੀ। ਇਸ ਸੰਗੀਨ ਜੁਰਮ ਤਹਿਤ ਵੱਧ ਤੋਂ ਵੱਧ ਸਜ਼ਾ ਉਮਰ ਕੈਦ ਹੋ ਸਕਦੀ ਹੈ। ਉਂਜ ਜ਼ਿਲ੍ਹਾ ਜੱਜ ਧਰਮੇਸ਼ ਸ਼ਰਮਾ ਨੇ ਸਹਿ ਮੁਲਜ਼ਮ ਸ਼ਸ਼ੀ ਸਿੰਘ ਨੂੰ ਸਾਰੇ ਦੋਸ਼ਾਂ ਤੋਂ ਬਰੀ ਕਰ ਦਿੱਤਾ ਹੈ।

ਪੋਕਸੋ ਐਕਟ ਤਹਿਤ ਸੇਂਗਰ ਨੂੰ ਦੋਸ਼ੀ ਠਹਿਰਾਉਂਦਿਆਂ ਅਦਾਲਤ ਨੇ ਕਿਹਾ ਕਿ ਸੀਬੀਆਈ ਨੇ ਸਾਬਿਤ ਕੀਤਾ ਹੈ ਕਿ ਪੀੜਤਾ ਨਾਬਾਲਿਗ ਸੀ ਅਤੇ ਇਸ

ਬਾਕੀ ਸਫ਼ਾ 29 'ਤੇ

# ਨਾਗਰਿਕਤਾ ਕਾਨੂੰਨ ਕਾਰਨ ਭਾਰਤ 'ਚ ਫੈਲੀ ਹਿੰਸਾ

## ਅਸਾਮ, ਬੰਗਾਲ ਤੋਂ ਬਾਅਦ ਦਿੱਲੀ ਤੱਕ ਪਹੁੰਚੀ ਵਿਰੋਧ ਦੀ ਅੱਗ

### ਪੰਜਾਬ ਸਮੇਤ ਕਈ ਪ੍ਰਾਂਤਾਂ ਨੇ ਕਾਨੂੰਨ ਲਾਗੂ ਕਰਨ ਤੋਂ ਕੀਤਾ ਇਨਕਾਰ

**ਦਿੱਲੀ/ਵਿਸ਼ੇਸ਼ ਰਿਪੋਰਟ :** ਨਾਗਰਿਕਤਾ ਸੋਧ ਬਿੱਲ ਰਾਸ਼ਟਰਪਤੀ ਦੇ ਦਸਤਖ਼ਤਾਂ ਤੋਂ ਬਾਅਦ ਨਾਗਰਿਕਤਾ ਸੋਧ ਕਾਨੂੰਨ ਬਣ ਚੁੱਕਾ ਹੈ। ਇਹ ਕਾਨੂੰਨ ਭਾਰਤੀ ਧਰਮ-ਨਿਰਪੱਖ ਢਾਂਚੇ ਉੱਤੇ ਡੂੰਘੀ ਸੱਟ ਹੈ। ਕਾਂਗਰਸ ਦੇ ਸੀਨੀਅਰ ਆਗੂ ਜੈਰਾਮ ਰਮੇਸ਼, ਤ੍ਰਿਣਮੂਲ ਕਾਂਗਰਸ ਦੀ ਸੰਸਦ ਮੈਂਬਰ ਮਹੂਆ ਮੋਇਤਰਾ ਨੇ ਨਾਗਰਿਕਤਾ ਕਾਨੂੰਨ ਨੂੰ ਸੁਪਰੀਮ ਕੋਰਟ ਵਿਚ ਚੁਣੌਤੀ ਦਿੱਤੀ ਹੈ। ਪੱਛਮੀ ਬੰਗਾਲ, ਮੁੰਬਈ, ਉੜੀਸਾ, ਬਿਹਾਰ, ਉੱਤਰ ਪ੍ਰਦੇਸ਼ ਤੋਂ ਲੈ ਕੇ ਪੰਜਾਬ ਤੱਕ ਮੁਜ਼ਾਹਰੇ-ਰੈਲੀਆਂ ਦਾ ਸਿਲਸਿਲਾ ਵਧਦਾ ਹੀ ਜਾ ਰਿਹਾ ਹੈ। ਇਸ ਸਮੇਂ ਪੰਜਾਬ, ਮੱਧ ਪ੍ਰਦੇਸ਼, ਛਤੀਸਗੜ੍ਹ, ਕੇਰਲਾ, ਪੱਛਮੀ ਬੰਗਾਲ ਤੇ ਦਿੱਲੀ ਨੇ ਆਪਣੇ ਰਾਜਾਂ ਵਿੱਚ ਨਾਗਰਿਕਤਾ ਕਾਨੂੰਨ ਲਾਗੂ ਕਰਨ ਤੋਂ ਨਾਂਹ ਕਰ ਦਿੱਤੀ ਹੈ।

ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਕਿਹਾ ਕਿ ਬੰਗਾਲ ਵਿਚ ਐਨ.ਆਰ.ਸੀ. ਅਤੇ ਕੈਬ ਲਾਗੂ ਨਹੀਂ ਹੋਵੇਗਾ। ਉਨ੍ਹਾਂ ਕਿਹਾ ਕਿ




ਬੰਗਾਲ ਵਿਚ ਹਿੰਸਾ ਕਰਨ ਵਾਲੇ ਲੋਕ ਸੰਘ ਪਰਿਵਾਰ ਦੇ ਲੋਕ ਹਨ।

ਬੀਜੇਪੀ ਦੀ ਪੁਰਾਣੀ ਸਾਥੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਦਾ ਕਹਿਣਾ ਹੈ ਕਿ ਸੀਏਏ ਵਿਚ ਮੁਸਲਮਾਨਾਂ ਨੂੰ ਵੀ ਸ਼ਾਮਲ ਕੀਤਾ ਜਾਣਾ ਚਾਹੀਦਾ ਹੈ। ਦੂਜੇ ਪਾਸੇ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਹਿੰਸਕ ਪ੍ਰਦਰਸ਼ਨਾਂ ਤੋਂ ਬਾਅਦ ਪਹਿਲੀ ਵਾਰ ਨਾਗਰਿਕਤਾ ਕਾਨੂੰਨ ਵਿਚ ਕੁਝ ਬਦਲਾਅ ਦੇ ਸੰਕੇਤ ਦਿੱਤੇ ਹਨ।

ਦੱਖਣ ਪੂਰਬੀ ਦਿੱਲੀ ਦੀ ਨਿਊ ਫਰੈਂਡਜ਼ ਕਾਲੋਨੀ ਵਿਚ ਨਾਗਰਿਕਤਾ ਕਾਨੂੰਨ ਦਾ ਵਿਰੋਧ ਕਰ ਰਹੇ ਪ੍ਰਦਰਸ਼ਨਕਾਰੀਆਂ ਤੇ ਪੁਲਿਸ ਵਿਚਾਲੇ ਹਿੰਸਕ ਝੜਪਾਂ ਦੌਰਾਨ 3 ਸਰਕਾਰੀ ਬੱਸਾਂ ਤੇ 1 ਅੱਗ ਬੁਝਾਊ ਵਾਹਨ ਨੂੰ ਅੱਗ ਲਗਾ ਦਿੱਤੀ ਗਈ। ਝੜਪਾਂ ਦੌਰਾਨ ਪੁਲਿਸ ਕਰਮੀਆਂ, ਵਿਦਿਆਰਥੀਆਂ, ਅੱਗ ਬੁਝਾਊ ਦਸਤੇ ਦੇ ਕਰਮੀਆਂ ਸਮੇਤ 60 ਵਿਅਕਤੀ

ਬਾਕੀ ਸਫ਼ਾ 29 'ਤੇ

### ਭਾਰਤ 'ਚ ਫੈਲੀ ਹਿੰਸਾ

ਨਾਗਰਿਕਤਾ ਸੋਧ ਕਾਨੂੰਨ ਹੋਂਦ 'ਚ ਆਉਣ ਕਾਰਨ ਅਸਾਮ ਵਿੱਚ ਅਰਾਜਕਤਾ ਫੈਲ ਚੁੱਕੀ ਹੈ। ਬਹੁਤੇ ਸ਼ਹਿਰਾਂ ਵਿੱਚ ਕਰਫ਼ਿਊ ਲਾ ਦਿੱਤਾ ਗਿਆ ਹੈ। ਗੁਹਾਟੀ ਸ਼ਹਿਰ ਫੌਜ ਦੇ ਹਵਾਲੇ ਕੀਤਾ ਜਾ ਚੁੱਕਾ ਹੈ। ਨਰਕਟਿਆ ਇਲਾਕੇ ਵਿੱਚ ਭੀੜ ਨੇ ਬ੍ਰਹਮਪੁੱਤਰ ਐੱਕਸਪ੍ਰੈੱਸ ਨੂੰ ਅੱਗ ਲਾਉਣ ਦੀ ਕੋਸ਼ਿਸ਼ ਕੀਤੀ, ਪਰ ਫੌਜ ਨੇ ਆ ਕੇ ਮੁਸਾਫ਼ਰਾਂ ਦੀ ਜਾਨ ਬਚਾ ਲਈ। ਸਾਰੇ ਅਸਾਮ ਵਿੱਚ ਇੰਟਰਨੈੱਟ ਸੇਵਾਵਾਂ ਬੰਦ ਕਰ ਦਿੱਤੀਆਂ ਗਈਆਂ ਹਨ। ਹੁਣ ਤੱਕ ਪੁਲਸ ਗੋਲੀ ਨਾਲ 12 ਵਿਅਕਤੀਆਂ ਦੀ ਮੌਤ ਹੋ ਚੁੱਕੀ ਹੈ ਤੇ ਕਈ ਜ਼ਖ਼ਮੀ ਹੋ ਚੁੱਕੇ ਹਨ। ਡਿਬਰੂਗੜ੍ਹ ਸਟੇਸ਼ਨ ਸਾੜ ਦਿੱਤਾ ਗਿਆ ਹੈ। ਇੱਕ ਵਿਧਾਇਕ ਬਿਨੋਦ ਹਜ਼ਾਰਿਕਾ ਦਾ ਘਰ ਸਾੜ ਦਿੱਤਾ ਗਿਆ। ਲੋਕਾਂ ਨੇ ਮੁੱਖ ਮੰਤਰੀ ਸਰਬਾਨੰਦ ਸੋਨੋਵਾਲ ਤੇ ਕੇਂਦਰੀ ਮੰਤਰੀ ਰਾਮੇਸ਼ਵਰ ਤੇਲੀ ਦੇ ਘਰਾਂ ਉੱਤੇ ਵੀ ਹਮਲੇ ਕੀਤੇ ਹਨ।

# ਕੈਲੀਫੋਰਨੀਆ ਦੇ ਸੈਲਮਾ ਸ਼ਹਿਰ ਦੇ ਸਰਕਾਰੀ ਸਕੂਲਾਂ ਵਿਚ ਹੋਵੇਗੀ ਪੰਜਾਬੀ ਦੀ ਪੜ੍ਹਾਈ ਸ਼ੁਰੂ

**ਸੈਲਮਾ/ਏ.ਟੀ. ਨਿਊਜ਼ :** ਕੈਲੀਫੋਰਨੀਆ ਦੇ ਸੈਂਟਰਲ ਵੈਲੀ 'ਚ ਪੈਂਦੇ ਸੈਲਮਾ ਸ਼ਹਿਰ ਦੇ ਪੰਜਾਬੀ ਭਾਈਚਾਰੇ ਨੇ ਸਰਕਾਰੀ ਸਿਖਿਆ ਅਧਿਕਾਰੀਆਂ ਨਾਲ ਮੁਲਾਕਾਤ ਕਰਕੇ ਸਕੂਲਾਂ 'ਚ ਪੰਜਾਬੀ ਦੀ ਪੜ੍ਹਾਈ ਸ਼ੁਰੂ ਕੀਤੇ ਜਾਣ ਦੀ ਮੰਗ ਕੀਤੀ ਹੈ। ਇਲਾਕੇ ਦੇ ਪੰਜਾਬੀ ਪਤਵੰਤਿਆਂ ਵੱਲੋਂ ਇਹ ਮੰਗ ਪਿਛਲੇ ਦੋ ਸਾਲਾਂ ਤੋਂ ਲਗਾਤਾਰ ਕੀਤੀ ਜਾ ਰਹੀ ਹੈ। ਇਸ ਬਾਰੇ ਪਿਛਲੇ ਸੋਮਵਾਰ ਅਤੇ ਮੰਗਲਵਾਰ ਦੋ ਦਿਨ ਇਲਾਕੇ ਦੇ ਪੰਜਾਬੀ ਪਤਵੰਤਿਆਂ ਅਤੇ ਸਿੱਖਿਆ ਮਹਿਕਮੇ ਦੇ ਆਹਲਾ ਅਧਿਕਾਰੀਆਂ ਦਰਮਿਆਨ ਗੱਲਬਾਤ ਚੱਲਦੀ ਰਹੀ ਜਿਸ 'ਚ ਪੰਜਾਬੀ ਬੱਚਿਆਂ ਦੀ ਭਾਸ਼ਾ ਬਾਰੇ ਸਮੱਸਿਆ ਨੂੰ ਵਿਚਾਰਿਆ ਗਿਆ। ਸਥਾਨਕ ਪੰਜਾਬੀਆਂ ਦੀ ਮੰਗ ਹੈ ਕਿ ਫਰੈਂਚ, ਸਪੈਨਿਸ਼ ਅਤੇ ਚੀਨੀ ਭਾਸ਼ਾਵਾਂ ਦੀ ਤਰਜ਼ 'ਤੇ ਪੰਜਾਬੀ ਨੂੰ ਵੀ ਇੱਕ ਵਿਦੇਸ਼ੀ ਭਾਸ਼ਾ ਦੇ ਤੌਰ 'ਤੇ ਸਕੂਲਾਂ ਵਿਚ ਪੜ੍ਹਾਇਆ ਜਾਵੇ। ਪੰਜਾਬੀਆਂ ਵੱਲੋਂ ਨਰਿੰਦਰ ਸਹੋਤਾ, ਰਾਜ ਬਦੇਸ਼ਾ ਅਤੇ ਹੋਰਨਾਂ ਨੇ ਸਿੱਖਿਆ



ਅਧਿਕਾਰੀਆਂ ਨਾਲ ਵਿਚਾਰ ਵਟਾਂਦਰਾ ਕਰਨ ਵਾਲੇ ਡੈਲੀਗੇਟ ਦੀ ਅਗਵਾਈ ਕੀਤੀ ਜਦਕਿ ਸਿਖਿਆ ਮਹਿਕਮੇ ਵੱਲੋਂ ਗੁਇਲੇਰਮੋ ਲੋਪੇਜ਼, ਤਾਨੀਆ ਫਿਸ਼ਰ,

ਬਾਕੀ ਸਫ਼ਾ 29 'ਤੇ

# ਪਾਕਿਸਤਾਨ ਦੇ ਸਾਬਕਾ ਰਾਸ਼ਟਰਪਤੀ ਪਰਵੇਜ਼ ਮੁਸ਼ੱਰਫ਼ ਨੂੰ ਸਜ਼ਾ-ਏ-ਮੌਤ

**ਲਾਹੌਰ/ਏ.ਟੀ. ਨਿਊਜ਼ :** ਪਰਵੇਜ਼ ਮੁਸ਼ਰੱਫ਼ ਨੂੰ ਐਮਰਜੈਂਸੀ ਲਗਾਉਣ ਲਈ ਫਾਂਸੀ ਦੀ ਸਜ਼ਾ ਦਾ ਐਲਾਨ ਹੋਇਆ ਹੈ। ਫ਼ਿਲਹਾਲ ਮੁਸ਼ਰੱਫ਼ ਦੁਬਈ ਵਿੱਚ ਜ਼ੇਰ-ਏ-ਇਲਾਜ਼ ਹਨ। ਪਾਕਿਸਤਾਨ ਦੀ ਇੱਕ ਵਿਸ਼ੇਸ਼ ਅਦਾਲਤ ਨੇ ਮੁਲਕ ਦੇ ਸਾਬਕਾ ਫ਼ੌਜ ਮੁਖੀ ਤੇ ਰਾਸ਼ਟਰਪਤੀ ਪਰਵੇਜ਼ ਮੁਸ਼ੱਰਫ਼ ਨੂੰ ਦੇਸਧ੍ਰੋਹ ਤੇ ਸੰਵਿਧਾਨਕ ਉਲੰਘਣਾ ਦੇ ਮਾਮਲੇ ਵਿਚ ਫਾਂਸੀ ਦੀ ਸਜ਼ਾ ਸੁਣਾਈ ਹੈ। ਸੰਨ 2013 ਵਿਚ ਨਵਾਜ਼ ਸਰੀਫ਼ ਦੀ ਸਰਕਾਰ ਬਣਨ ਤੋਂ ਬਾਅਦ ਪਾਕਿਸਤਾਨ ਮੁਸਲਿਮ ਲੀਗ -ਐੱਨ ਨੇ ਮੁਸ਼ੱਰਫ਼ ਉੱਤੇ 2007 ਵਿਚ ਐਮਰਜੈਂਸੀ ਲਾਉਣ ਤੇ ਦੇਸ਼ਧ੍ਰੋਹ ਦਾ ਮਾਮਲਾ ਦਾਇਰ ਕਰਵਾਇਆ ਸੀ। ਸਾਬਕਾ ਫੌਜੀ ਸਾਸ਼ਕ 2016 ਵਿਚ ਮੈਡੀਕਲ ਗਰਾਊਂਡ ਉੱਤੇ ਵਿਦੇਸ਼ ਚਲੇ ਗਏ ਸਨ।



ਪਾਕਿਸਤਾਨ ਦੇ ਇਤਿਹਾਸ ਵਿਚ ਉਹ ਪਹਿਲਾ ਆਗੂ ਹੈ ਜੋ ਸੰਵਿਧਾਨਕ ਉਲੰਘਣਾ ਦੇ ਮਾਮਲੇ ਦਾ ਸਾਹਮਣਾ ਕਰਨ ਲਈ ਵਾਪਸ ਵਿਦੇਸ਼ ਆਇਆ ਸੀ।

**ਕੀ ਸੀ ਮਾਮਲਾ ? :** ਇਸਲਾਮਾਬਾਦ ਦੀ ਵਿਸ਼ੇਸ਼ ਕੋਰਟ ਨੇ 31 ਮਾਰਚ, 2014 ਨੂੰ ਦੇਸ਼ਧ੍ਰੋਹ ਦੇ ਇੱਕ ਮਾਮਲੇ ਵਿਚ ਪਾਕਿਸਤਾਨ ਦੇ ਸਾਬਕਾ ਫ਼ੌਜੀ ਜਰਨੈਲ ਰਾਸ਼ਟਰਪਤੀ ਜਨਰਲ

ਬਾਕੀ ਸਫ਼ਾ 29 'ਤੇ















ਜ਼ਿੰਦਗੀ ਨੂੰ ਸੁਹਾਵਣੀ ਬਣਾਓ
'ਦ ਕੰਪਨੀ ਯੂ ਕੀਪ'
ਦੇ ਨਾਲ !

NEW YORK LIFE
www.newyorklife.com

1845 ਤੋਂ ਅਸੀਂ ਲੋਕਾਂ ਨੂੰ ਉਨ੍ਹਾਂ ਦੇ ਔਖੇ ਸਮਿਆਂ 'ਚ ਮਨ ਦੀ ਸ਼ਾਂਤੀ ਲਿਆਉਣ ਦੇ ਸਮਰੱਥ ਰਹੇ ਹਾਂ। ਅਸੀਂ ਏਸ਼ੀਆ-ਭਾਰਤੀ ਕੌਮ ਦੀ ਸੇਵਾ ਕਰਦੇ ਮਾਣ ਮਹਿਸੂਸ ਕਰਦੇ ਹਾਂ ਅਤੇ ਜ਼ਿੰਦਗੀ ਦੇ ਹਰ ਪਹਿਲੂ 'ਤੇ ਤੁਹਾਡਾ ਸਾਥ ਨਿਭਾਉਣ ਦਾ ਵਾਅਦਾ ਕਰਦੇ ਹਾਂ।



Open Enrollment for Healthcare Starts November 1, 2017 to January 31, 2018.



COVERED CALIFORNIA

ਸਿਮਰਨ ਕੌਰ ਅਟਵਾਲ
ਏਜੰਟ
ਲਾਇਸੰਸ # OE17073

ਨਿਊ ਯਾਰਕ ਇੰਸ਼ੋਰੈਂਸ ਕੰਪਨੀ
3255 ਵੈਸਟ ਮਾਰਚ ਲੇਨ, # 300 ਸਟਾਕਟਨ, ਕੈਲੀਫੋਰਨੀਆ 95219
ਫੋਨ : 209-955-2418, 209-993-7978
skatwal@ft.newyorklife.com

ਆਪਣੇ ਪਰਿਵਾਰ ਦੀ ਸੁਰੱਖਿਆ ਯਕੀਨੀ ਬਣਾਉਣ ਲਈ
ਹੁਣੇ ਆਪਣੇ ਸਥਾਨਕ ਏਜੰਟ ਨਾਲ ਸੰਪਰਕ ਕਰੋ !!



## Legal Document Preparation



Dolly (Sarvinder Kaur)

- Immigration ਇਮੀਗਰੇਸ਼ਨ
- Wills & Trusts ਵਸੀਅਤਾਂ
- Divorce ਤਲਾਕ
- Power of Attorney ਮੁਖਤਿਆਰਨਾਮਾ
- Affidavits ਐਫੀਡੇਵਿਟ
- Grant Deeds ਗਰਾਂਟ ਡੀਡਜ਼

**510-648-5554**
dolly@worryfreelegaldocs.com
www.worryfreelegaldocs.com
Not an Attorney

35672 Terrace Drive, Fremont, CA 94536 and
39803 Paseo Padre Pkwy, Ste A, Fremont, CA 94538
Paralegal and Regd. & Bonded LDA# 154, Alameda County



## Homeopathicvibes

We treat Acute and chronic diseases like Asthma, Allergies, Mood swings, Migraine, Anxiety, Depression, Insomnia, Bed wetting, Acne, Diabetes, Arthritis, PMS, Acidity, Indigestion, Hot flashes, Blood Pressure, Kidney stones, Neuralgic pains, Skin disorders, especially non specific headaches and many more....



Now we have two locations :
940, E. El Camino Real, Sunnyvale, CA 94087
Office : (408) 737-7100 Fax: (408) 737-7102
39039 Paseo Padre Pkwy Suite #209 (upstairs) Fremont CA 94538
www.homeopathicvibes.com
*We sell and ship homeopathic remedies through out North America.*
ਸਮੂਹ ਸਰਪ੍ਰਸਤਾਂ ਅਤੇ ਸਹਿਯੋਗੀਆਂ ਦਾ ਬਹੁਤ ਬਹੁਤ ਧੰਨਵਾਦ

**Harminder Singh Gill** D.H.M.S;B.C.I.H
*(Ex Homeopathic Medical officer Punjab Govt.)*



Star Alliance BROKERAGE



## Indianapolis, Indiana...
ਵਿਚ ਬਣਾਓ ਆਪਣੇ
ਸੁਪਨਿਆਂ ਦਾ ਘਰ

- ਨਵੇਂ ਨਕੋਰ ਘਰਾਂ ਦੀ ਕੀਮਤ $200,000 ਤੋਂ ਸ਼ੁਰੂ ਹੁੰਦੀ ਹੈ
- 1500 ਵਰਗ ਗਜ ਤੋਂ 5000 ਵਰਗ ਗਜ ਦੇ ਘਰ; 4-6 ਬੈਡ ਰੂਮ, 3-4 ਬਾਥ ਰੂਮ
- ਬੱਚਿਆਂ ਦੀ ਪੜ੍ਹਾਈ ਲਈ ਬੜੇ ਵਧੀਆ ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ
- ਬਹੁਤ ਹੀ ਘੱਟ ਪ੍ਰਾਪਰਟੀ ਟੈਕਸ ਅਤੇ ਘਰਾਂ ਦੀ ਇੰਸ਼ੋਰੈਂਸ ਸਸਤੀ



ONE OF THE FASTEST GROWING CITY IN AMERICA AND BEST SCHOOL SYSTEM...



Manjit Singh Nagra

**Manjit Singh Nagra**
Realtor/Broker
Cell 317-750-1900

**Gurdeep (Garry) Chhokar**
Realtor/Broker
Cell 317-500-1247



Gurdeep (Garry) Chhokar

We do all type of Home and Commercial Loans, Same day loan approval...

ਅਸੀਂ ਘਰਾਂ ਅਤੇ ਬਿਜਨਸ ਲਈ ਹਰ ਤਰ੍ਹਾਂ ਦੇ ਲੋਨ ਕਰਦੇ ਹਾਂ, ਮਨਜ਼ੂਰੀ (Approval) ਉਸੇ ਦਿਨ

6979 Hillsdale Court, Indianapolis, Indiana 46250

# ਪੰਜਾਬੀ ਕਲਚਰਲ ਸੈਂਟਰ ਯੂਐੱਸਏ ਤੇ ਪੰਜਾਬੀ ਰੇਡੀਓ ਯੂਐੱਸਏ ਵਲੋਂ ਕਰਵਾਇਆ ਮਾਤਾ ਗੁਜਰੀ ਅਤੇ ਸਾਹਿਬਜ਼ਾਦਿਆਂ ਨੂੰ ਸਮਰਪਿਤ ਸ਼ਹੀਦੀ ਸਮਾਗਮ



**ਫਰਿਜ਼ਨੋ/ ਏ.ਟੀ. ਨਿਊਜ਼ :** ਪੰਜਾਬੀ ਕਲਚਰਲ ਸੈਂਟਰ ਯੂ.ਐੱਸ.ਏ. ਅਤੇ ਪੰਜਾਬੀ ਰੇਡੀਓ ਯੂ.ਐੱਸ.ਏ. ਵਲੋਂ ਮਾਤਾ ਗੁਜਰੀ ਜੀ ਅਤੇ ਸਾਹਿਬਜ਼ਾਦਿਆਂ ਦੀ ਅਦੁੱਤੀ ਸ਼ਹੀਦੀ ਨੂੰ ਸਿਜਦਾ ਇਕ ਧਾਰਮਿਕ ਸਮਾਗਮ ਕਰਵਾਇਆ ਗਿਆ। ਇਸ ਸਮਾਗਮ ਵਿਚ ਭਾਗ ਲੈਣ ਵਾਲਿਆਂ ਵਲੋਂ ਸੋਚਾਂ ਤੇ ਰੂਹਾਂ ਨੂੰ ਧੁਰ ਅੰਦਰੋਂ ਟੁੰਬਦੀ ਸ਼ਾਇਰੀ ਤੇ ਗਾਇਕੀ ਰਾਹੀਂ ਮਾਤਾ ਗੁਜਰੀ ਜੀ ਤੇ ਸਾਹਿਬਜ਼ਾਦਿਆਂ ਨੂੰ ਸਿਜਦਾ ਕੀਤਾ ਗਿਆ। ਪੰਜਾਬੀ ਰੇਡੀਓ ਯੂ.ਐੱਸ.ਏ. ਦੇ ਫਰਿਜ਼ਨੋ ਸਟੂਡੀਓ 2125 ਐਨ ਬਾਰਟਨ ਐਵੇਨਿਊ (2125 N Barton Ave Fresno, CA 93703) ਦੇ ਵਿਹੜੇ ਵਿੱਚ 14 ਦਸੰਬਰ 2019 ਦਿਨ ਸ਼ਨਿਚਰਵਾਰ ਨੂੰ ਬਾਅਦ ਦੁਪਹਿਰ ਕਰਵਾਏ ਇਸ ਸਮਾਗਮ ਵਿੱਚ ਹਰ ਉਮਰ ਦੇ ਮਰਦ-ਔਰਤਾਂ ਅਤੇ ਬੱਚਿਆਂ ਨੇ ਮਾਤਾ ਗੁਜਰੀ ਜੀ ਅਤੇ ਚਾਰ ਸਾਹਿਬਜ਼ਾਦਿਆਂ ਨੂੰ ਸਮਰਪਿਤ ਰਚਨਾਵਾਂ ਰਾਹੀਂ ਅਜਿਹਾ ਭਾਵੁਕ ਮਾਹੌਲ ਸਿਰਜਿਆ ਕਿ ਵੱਡੀ ਤਾਦਾਦ ਵਿੱਚ ਜੁੜੇ ਸਰੋਤੇ ਅਹਿਸਾਸ ਦੇ ਪੱਧਰ ਉੱਤੇ ਗੁਰੂ ਪਰਿਵਾਰ ਦੀ ਸਿੱਖ ਪੰਥ ਨੂੰ ਮਹਾਨ ਦੇਣ ਅੱਗੇ ਨਤਮਸਤਕ ਹੋਏ ਹੋਏ ਸਨ।

ਪੰਜਾਬੀ ਰੇਡੀਓ ਯੂ.ਐੱਸ.ਏ. ਦੇ ਹੋਸਟ ਰਾਜਕਰਨਬੀਰ ਸਿੰਘ ਨੇ ਪ੍ਰੋਗਰਾਮ ਦਾ ਆਗਾਜ਼ ਕਰਦਿਆਂ ਸਭ ਤੋਂ ਪਹਿਲਾਂ ਰਾਣੀ ਕਾਹਲੋਂ ਨੂੰ ਸਟੇਜ ਉੱਤੇ ਆਉਣ ਦਾ ਸੱਦਾ ਦਿੱਤਾ। ਸੁਰੀਲੀ ਆਵਾਜ਼ ਵਾਲੀ ਰਾਣੀ ਕਾਹਲੋਂ ਨੇ ਬੜੀ ਭਾਵਪੂਰਤ ਸ਼ਾਇਰੀ ਤੇ ਗੀਤਾਂ ਰਾਹੀਂ ਮਾਹੌਲ ਨੂੰ ਧਾਰਮਿਕ ਰੰਗ ਵਿੱਚ ਰੰਗਿਆ। ਇਸ ਤੋਂ ਬਾਅਦ ਰਾਜਕਰਨਬੀਰ ਸਿੰਘ ਨੇ ਸਟੇਜ ਦੀ ਕਾਰਵਾਈ ਪੰਜਾਬੀ ਰੇਡੀਓ ਯੂ.ਐੱਸ.ਏ. ਦੀ ਹੋਸਟ ਤੇ ਗਾਇਕਾ ਜੋਤ ਰਣਜੀਤ ਕੌਰ ਨੂੰ ਸੌਂਪੀ ਜਿਸ ਨੇ ਸਮੁੱਚੀ ਸੰਗਤ ਨੂੰ ਜੀ ਆਇਆਂ ਕਹਿੰਦਿਆਂ ਕਵੀਸ਼ਰੀ ਪਰੰਪਰਾ ਨੂੰ ਸਮਰਪਿਤ ਪਰਿਵਾਰ ਦੇ ਹੋਣਹਾਰ ਬੱਚੇ ਗੁਰਮਨਦੀਪ ਸਿੰਘ ਲੋਪੋਂ ਨੂੰ ਸੱਦਾ ਦਿੱਤਾ ਅਤੇ 'ਬਾਜ਼ਾਂ ਵਾਲੇ ਦੀ ਸ਼ਹਾਦਤ' ਨੂੰ ਬੜੇ ਸੋਹਣੇ ਸ਼ਬਦਾਂ ਰਾਹੀਂ ਯਾਦ ਕੀਤਾ।

ਪੰਜਾਬੀ ਰੇਡੀਓ ਯੂਐੱਸਏ ਨਾਲ ਰੇਡੀਓ ਨਾਲ ਲਗਾਤਾਰ ਜੁੜੇ ਰਹਿਣ ਵਾਲੇ ਬਜ਼ੁਰਗ ਮਾਤਾ ਸ਼ਰਨਜੀਤ ਕੌਰ ਨੇ 'ਨਾ ਉਡੀਕਿਓ ਦਾਦੀ ਜੀ, ਅਸੀਂ ਮੁੜ ਨਹੀਂ ਆਉਣਾ, ਭੁੱਲ ਜਾਇਓ ਪੋਤਿਆਂ ਦਾ, ਹੁਣ ਲਾਡ ਲਡਾਉਣਾ' ਦੇ ਬੋਲ ਜਦੋਂ ਛੋਹੇ ਤਾਂ ਹਰ ਅੱਖ ਨਮ ਹੋ ਗਈ। ਅਮਰੀਕ ਸਿੰਘ ਬਸਰਾ ਨੇ ਭਾਈ ਮੋਤੀ ਮਹਿਰਾ ਦੀ ਸ਼ਰਧਾ ਤੇ ਕੁਰਬਾਨੀ ਦਾ ਵਰਨਣ ਇਉਂ ਕੀਤਾ 'ਇੱਕ ਕਿਰਤੀ ਹਾਂ ਹੱਲ ਨਾ ਕਰ ਸਕਾਂ, ਬੁਰਜਾਂ ਤੋਂ ਉੱਤੇ ਸਵਾਲਾਂ ਨੂੰ, ਇੱਕ ਦੁੱਧ ਦਾ ਗੜਵਾ ਹਾਜ਼ਰ ਹੈ, ਖੁਦ ਛਕੋ ਛਕਾਓ ਲਾਲਾਂ ਨੂੰ।'

ਜਿਨ੍ਹਾਂ ਬੱਚੇ-ਬੱਚੀਆਂ ਨੇ ਇਸ ਸਮਾਗਮ ਵਿੱਚ ਸ਼ਹਾਦਤਾਂ ਨੂੰ ਸਮਰਪਿਤ ਰਚਨਾਵਾਂ ਰਾਹੀਂ ਸਰੋਤਿਆਂ ਨੂੰ ਮਾਣਮੱਤੇ ਇਤਿਹਾਸ ਨਾਲ ਜੋੜਿਆ ਉਨ੍ਹਾਂ ਵਿੱਚ ਅਨਮੋਲ ਕੌਰ, ਕਰਮਬੀਰ ਕੌਰ, ਹਰਨੀਤ ਕੌਰ, ਨਸੀਬ ਸਿੰਘ ਨਸੀਬ, ਮਸਕੀਨ ਕੌਰ, ਜਸਜੋਤ ਸਿੰਘ ਮਨੇਸ਼, ਸਤਨਾਮ ਸਿੰਘ, ਹਰਗੁਨ ਕੌਰ ਮਨੇਸ਼, ਗੁਰਸਿਮਰਨ ਸਿੰਘ ਰਾਠੌਰ, ਮਿਲਨਜੀਤ ਸਿੰਘ, ਤਸਬੀ ਕੌਰ, ਮਸਕੀਨ ਕੌਰ, ਅਮਨਜੋਤ ਕੌਰ, ਸਿਮਰਨ ਕੌਰ, ਰਾਜਬੀਰ ਸਿੰਘ, ਕਰਨਪਾਲ ਸਿੰਘ ਪਰਮਾਰ, ਸੂਰਵੀਰ ਸਿੰਘ, ਗੁਰਸਿਮਰਨ ਸਿੰਘ ਰਾਠੌਰ, ਧਰਮਪਾਲ ਸਿੰਘ ਅਤੇ ਗੁਰਵਿੰਦਰਪਾਲ ਸਿੰਘ ਰਾਠੌਰ ਸ਼ਾਮਲ ਸਨ।

ਬੱਚਿਆਂ ਤੋਂ ਇਲਾਵਾ ਕੁੰਦਨ ਸਿੰਘ ਧਾਮੀ, ਰੇਡੀਓ ਹੋਸਟ ਮਹਿੰਦਰ ਸਿੰਘ ਸੰਧਾਂਵਾਲੀਆ, ਸਿੱਖੀ ਨੂੰ ਸਮਰਪਿਤ ਲੋਪੋਂ ਕਵੀਸ਼ਰੀ ਜਥੇ ਵਾਲੇ ਦਲਜੀਤ ਸਿੰਘ ਲੋਪੋਂ, ਸ਼ਿੰਦਰਪਾਲ ਸਿੰਘ ਮੀਰਪੁਰੀ, ਸਤਨਾਮ ਸਿੰਘ, ਕੁਲਦੀਪ ਸਿੰਘ ਫਰਿਜ਼ਨੋ, ਪਰਮਪਾਲ ਸਿੰਘ ਅਤੇ ਸੁਖਬੀਰ ਕੌਰ ਲੋਪੋਂ ਨੇ ਅਪਣੀਆਂ ਰਚਨਾਵਾਂ ਰਾਹੀਂ ਸ਼ਰਧਾਂਜਲੀ ਭੇਟ ਕੀਤੀ।

ਸਟੇਜ ਦੀ ਸੇਵਾ ਬੜੀ ਸੋਹਣੀ ਤਰ੍ਹਾਂ ਨਿਭਾਉਂਦਿਆਂ ਜੋਤ ਰਣਜੀਤ ਕੌਰ ਅੰਦਰਲੀ ਗਾਇਕਾ 'ਅੱਧੀਂ ਰਾਤੀਂ ਮਾਂ ਗੁਜਰੀ, ਬੈਠੀ ਘੋੜੀਆਂ ਚੰਦਾਂ ਦੀਆਂ ਗਾਵੇ, ਅੱਖੀਆਂ ਦੇ ਤਾਰਿਆਂ ਦਾ ਮੈਨੂੰ ਚਾਣਨਾ ਨਜ਼ਰ ਨਾ ਆਵੇ' ਰਾਹੀਂ ਸਰਹਿੰਦ ਦੇ ਠੰਡੇ ਬੁਰਜ ਵਿੱਚ ਮਾਤਾ ਗੁਜਰੀ ਜੀ ਦੇ ਦਰਦਮਈ ਪਲਾਂ ਦੇ ਦਿਲ ਟੁੰਭਵੇਂ ਜ਼ਿਕਰ ਰਾਹੀਂ ਹਾਜ਼ਰ ਹੋਈ। ਉੱਘੇ ਬਜ਼ੁਰਗ ਸ਼ਾਇਰ ਮਾਸਟਰ ਲਛਮਣ ਸਿੰਘ ਰਾਠੌਰ ਨੇ ਇਸ ਸਮਾਗਮ ਦੀ ਸਫ਼ਲਤਾ ਵਿੱਚ ਅਹਿਮ ਯੋਗਦਾਨ ਪਾਇਆ। ਉਹ ਸਿਰਫ਼ ਅਪਣੀਆਂ ਰਚਨਾਵਾਂ ਰਾਹੀਂ ਹੀ ਨਹੀਂ ਬਲਕਿ ਅਪਣੇ ਪਰਿਵਾਰ ਦੇ ਬੱਚਿਆਂ ਨੂੰ ਲਗਾਤਾਰ ਸਿੱਖ ਇਤਿਹਾਸ ਸਬੰਧੀ ਮਿਆਰੀ ਸ਼ਾਇਰੀ ਨਾਲ ਜੋੜ ਕੇ ਸਰਾਹੁਣਯੋਗ ਕਾਰਜ ਕਰ ਰਹੇ ਹਨ।

ਤਿੰਨ ਘੰਟਿਆਂ ਦੇ ਕਰੀਬ ਚੱਲੇ ਇਸ ਸ਼ਹੀਦੀ ਸਮਾਗਮ ਵਿੱਚ ਸ਼ਾਮਲ ਸਭਨਾਂ ਲਈ ਭੋਜਨ ਤੇ ਚਾਹ ਪਾਣੀ ਦਾ ਲੰਗਰ ਨਿਊ ਇੰਡੀਆ ਸਵੀਟ ਐਂਡ ਸਪਾਈਸਜ ਵਾਲੇ ਜਸਵਿੰਦਰ ਸਿੰਘ ਵਲੋਂ ਲਾਇਆ ਗਿਆ। ਸ਼ਹੀਦੀ ਸਮਾਗਮ ਨੂੰ ਸਪਾਂਸਰ ਕਰਨ ਵਾਲਿਆਂ ਵਿੱਚ ਸਰਬਜੀਤ ਸਿੰਘ ਸਰਾਂ ਕਰਮਨ, ਲੇਖਕ ਸ਼ਾਇਰ ਨਿਰਮਲ ਸਿੰਘ ਲਾਲੀ ਯੂਬਾ ਸਿਟੀ ਅਤੇ ਮਨਜੀਤ ਸਿੰਘ ਦੀਵਾਨਾ ਸ਼ਾਮਲ ਸਨ। ਉੱਘੇ ਵਿਦਵਾਨ ਡਾ. ਗੁਰੂਮੇਲ ਸਿੱਧੂ ਅਪਣੇ ਜਰੂਰੀ ਰੁਝੇਂਵਿਆਂ ਵਿੱਚੋਂ ਕੁਝ ਸਮਾਂ ਕੱਢ ਕੇ ਪ੍ਰਬੰਧਕਾਂ ਦੀ ਹੌਸਲਾ ਅਫ਼ਜ਼ਾਈ ਲਈ ਸਮਾਗਮ 'ਚ ਪੁੱਜੇ।

ਪੰਜਾਬੀ ਕਲਚਰਲ ਸੈਂਟਰ ਯੂ.ਐੱਸ.ਏ. ਤੇ ਪੰਜਾਬੀ ਰੇਡੀਓ ਯੂ.ਐੱਸ.ਏ. ਦੀ ਸਮੁੱਚੀ ਟੀਮ ਦੀ ਤਰਫੋਂ ਹਰਜੋਤ ਸਿੰਘ ਖਾਲਸਾ ਤੇ ਬਲਵਿੰਦਰ ਕੌਰ ਵਲੋਂ ਸਭਨਾਂ ਦਾ ਧੰਨਵਾਦ ਕਰਦਿਆਂ ਪ੍ਰੋਗਰਾਮ ਵਿੱਚ ਭਾਗ ਲੈਣ ਵਾਲੇ ਬੱਚੇ-ਬੱਚੀਆਂ ਦੀ ਹੌਸਲਾ ਅਫ਼ਜ਼ਾਈ ਵਜੋਂ ਸਨਮਾਨ ਚਿੰਨ੍ਹ ਭੇਟ ਕੀਤੇ ਗਏ। ਇਸ ਮੌਕੇ ਹੋਰਨਾਂ ਭਾਗ ਲੈਣ ਵਾਲਿਆਂ ਦਾ ਵੀ ਮਾਣ-ਸਨਮਾਨ ਕੀਤਾ ਗਿਆ। ਸ਼ਹੀਦੀ ਸਮਾਗਮ ਵਿੱਚ ਫਰਿਜ਼ਨੋ ਨੇੜਲੇ ਸ਼ਹਿਰਾਂ ਕਰਮਨ, ਮਡੇਰਾ, ਕਲੋਵਿਸ, ਸੈਂਗਰ ਤੇ ਸੈਲਮਾ ਤੋਂ ਇਲਾਵਾ ਸੈਕਰਾਮੈਂਟੋ ਤੋਂ ਵੀ ਗੁਰਸਿੱਖ ਪਹੁੰਚੇ ਹੋਏ ਸਨ।



# ਇੰਡੀਅਨ ਓਵਰਸੀਜ਼ ਕਾਂਗਰਸ ਵਲੋਂ ਭਾਰਤੀ ਕੌਂਸਲਖਾਨੇ ਮੂਹਰੇ 'ਭਾਰਤ ਬਚਾਓ' ਰੈਲੀ

**ਨਿਊਯਾਰਕ/ਏ.ਟੀ.ਨਿਊਜ਼**

ਇੰਡੀਅਨ ਓਵਰਸੀਜ਼ ਕਾਂਗਰਸ ਨੇ 14 ਦਸੰਬਰ ਨੂੰ ਇੱਥੇ ਭਾਰਤੀ ਕੌਂਸਲਖਾਨੇ ਦੇ ਗੇਟ ਮੂਹਰੇ 'ਭਾਰਤ ਬਚਾਓ' ਦੇ ਨਾਹਰੇ ਹੇਠ ਰੋਸ ਰੈਲੀ ਕੀਤੀ ਜਿਸ ਨੂੰ ਪਾਰਟੀ ਦੇ ਵੱਖ ਵੱਖ ਆਗੂਆਂ ਨੇ ਸੰਬੋਧਨ ਕੀਤਾ।

ਇੰਡੀਅਨ ਓਵਰਸੀਜ਼ ਕਾਂਗਰਸ ਯੂਐਸਏ ਦੇ ਪ੍ਰਧਾਨ ਮਹਿੰਦਰ ਸਿੰਘ ਗਿਲਜ਼ੀਆਂ ਨੇ ਇਸ ਰੈਲੀ ਨੂੰ ਸੰਬੋਧਨ ਕਰਦਿਆਂ ਕਿਹਾ ਕਿ 5 ਸਾਲ ਪਹਿਲਾਂ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇਸ਼ ਦੇ ਵਿਕਾਸ ਦੇ ਵਾਅਦੇ ਨਾਲ ਸਰਕਾਰ ਦੇ ਮੁਖੀ ਦੀ ਕੁਰਸੀ 'ਤੇ ਬੈਠਾ ਸੀ ਪਰ ਇਸ ਅਰਸੇ ਦੌਰਾਨ ਆਰਥਿਕ ਪੱਖੋਂ ਦੇਸ਼ ਦਾ ਦੀਵਾਲਾ ਨਿਕਲ ਗਿਆ ਹੈ। ਉਨ੍ਹਾਂ ਕਿਹਾ ਕਿ ਮੋਦੀ ਸਰਕਾਰ ਦੇ ਨਿਜ਼ਾਮ ਦੌਰਾਨ ਬੇਰੁਜ਼ਗਾਰੀ ਪਿਛਲੇ 45 ਸਾਲਾਂ ਦੇ ਰਿਕਾਰਡ ਤੋੜ ਚੁੱਕੀ ਹੈ। ਸ੍ਰੀ ਗਿਲਜ਼ੀਆਂ ਨੇ ਕਿਹਾ ਕਿ ਆਰਥਿਕ ਵਿਕਾਸ ਵਿਚ ਖੜੋਤ ਆ ਚੁੱਕੀ ਹੈ ਅਤੇ ਆਰਥਿਕਤਾ ਲੜਖੜਾ ਰਹੀ ਹੈ।

ਕੌਂਸਲਖਾਨੇ ਅੱਗੇ ਇਕੱਠੇ ਹੋਏ ਮੁਜ਼ਾਹਰਾਕਾਰੀ 'ਮੋਦੀ ਹਟਾਓ-ਭਾਰਤ ਬਚਾਓ' ਦੇ ਨਾਹਰੇ ਲਗਾ ਰਹੇ ਸਨ। ਇਸ ਤੋਂ ਇਲਾਵਾ ਉਹ 'ਕਿਸਾਨ ਮਰ




ਰਹੇ ਨੇ ਤੇ ਮੋਦੀ ਜਹਾਜ਼ਾਂ 'ਚ ਸਫ਼ਰ ਕਰ ਰਹੇ ਨੇ ਅਤੇ ਧਰਮ ਨਿਰਪੱਖਤਾ ਬਚਾਓ, ਭਾਰਤ ਬਚਾਓ ਅਤੇ ਜਮਹੂਰੀਅਤ ਬਚਾਓ ਦੇ ਨਾਹਰੇ ਬੁਲੰਦ ਕਰ ਰਹੇ ਸਨ।

ਇੰਡੀਅਨ ਓਵਰਸੀਜ਼ ਕਾਂਗਰਸ ਦੇ ਅਮਰੀਕਨ ਚੈਪਟਰ ਦੇ ਉਪ ਪ੍ਰਧਾਨ ਜਾਰਜ ਅਬਰਾਹਿਮ ਨੇ ਕਿਹਾ ਕਿ ਭਾਰਤ ਵਿੱਤੀ ਸੰਕਟ ਵਿਚ ਫਸਿਆ ਹੋਇਆ ਹੈ ਅਤੇ ਮੋਦੀ ਦੀਆਂ ਸਰਮਾਏ ਸਬੰਧੀ ਨੀਤੀਆਂ ਨਾਲ ਬੈਂਕਾਂ ਦੇ ਕਰਜ਼ੇ ਡੁੱਬ ਰਹੇ ਹਨ ਅਤੇ ਬੈਂਕਾਂ ਦੀਆਂ ਅਮਾਨਤਾਂ ਜ਼ੋਖਮ ਵਿਚ

ਬਾਕੀ ਸਫ਼ਾ 29 'ਤੇ

## ਖ਼ਾਲਸਾ ਕੇਅਰ ਫਾਊਂਡੇਸ਼ਨ ਨੇ 800 ਪਰਿਵਾਰਾਂ ਨੂੰ ਸਹਾਇਤਾ ਸਮੱਗਰੀ ਵੰਡੀ







**ਪੈਕੋਇਮਾ/ ਏ.ਟੀ ਨਿਊਜ਼ :** ਪੈਕੋਇਮਾ (ਕੈਲੀਫੋਰਨੀਆ) ਸਥਿਤ ਸਿੱਖ ਜਥੇਬੰਦੀ, ਖ਼ਾਲਸਾ ਕੇਅਰ ਫਾਊਂਡੇਸ਼ਨ (ਕੇ ਸੀ ਐਫ਼) ਨੇ ਕੇਅਰਿੰਗ ਕਾਰਨੀਵਲ ਵਿਚ ਸ਼ਾਮਲ ਹੋ ਕੇ ਸੂਬੇ ਦੇ ਗਰੀਬ ਅਤੇ ਲੋੜਵੰਦ ਲੋਕਾਂ ਦੀ ਭਲਾਈ ਲਈ ਕਈ ਕਦਮ ਚੁੱਕੇ। ਕੇਅਰਿੰਗ ਕਾਰਨੀਵਲ ਵਲੰਟੀਅਰਾਂ ਵਲੋਂ ਸਵੈਇੱਛਾ ਅਤੇ ਸਮਾਜ ਸੇਵਾ ਦੀ ਭਾਵਨਾ ਨਾਲ ਕੱਢਿਆ ਜਾਂਦਾ ਹੈ ਜਿੱਥੇ ਲੋੜਵੰਦਾਂ ਦੀ ਸਹਾਇਤਾ ਲਈ ਜ਼ਰੂਰਤ ਦੀਆਂ ਚੀਜ਼ਾਂ ਵੰਡੀਆਂ ਜਾਂਦੀਆਂ ਹਨ। ਇਸ ਵਾਰ ਵੀ ਜਥੇਬੰਦੀ ਦੇ ਵਲੰਟੀਅਰਾਂ ਨੇ 800 ਤੋਂ ਵੱਧ ਪਰਿਵਾਰਾਂ ਨੂੰ ਖਾਣ ਪੀਣ ਦੀਆਂ ਵਸਤਾਂ, ਗਰਮ ਕੱਪੜੇ ਅਤੇ ਖਿਡਾਉਣਿਆਂ ਨਾਲ ਭਰੇ ਤਿੰਨ ਤਿੰਨ ਥੈਲੇ ਹਰੇਕ ਲੋੜਵੰਦ ਪਰਿਵਾਰਾਂ ਨੂੰ ਤਕਸੀਮ ਕੀਤੇ। ਇਸ ਸਮਾਗਮ ਦਾ ਮੁੱਖ ਆਕਰਸ਼ਣ ਰੈਫਲ ਪੁਰਸਕਾਰ ਸਨ ਜਿਨ੍ਹਾਂ ਵਿਚ ਲੋਕਾਂ ਨੇ ਬਹੁਤ ਦਿਲਚਸਪੀ ਵਿਖਾਈ। ਇਸ ਕਾਰਨੀਵਲ ਵਿਚ ਕੋਈ 4200 ਬਾਲਗਾਂ ਨੇ ਹਿੱਸਾ ਲਿਆ। ਕਾਰਨੀਵਲ ਦੌਰਾਨ ਖਾਣ ਪੀਣ ਦੀਆਂ ਚੀਜ਼ਾਂ ਅਤੇ ਡਰਿਕਸ ਵਗੈਰਾ ਵਰਤਾਏ ਗਏ। ਇਸ ਮੌਕੇ ਰੌਚਿਕ ਖੇਡਾਂ ਵੀ ਕਰਵਾਈਆਂ ਗਈਆਂ। ਛੋਟੇ ਬੱਚੇ ਆਪਣੇ ਪਾਲਤੂ ਪਸ਼ੂ ਪੰਛੀਆਂ ਦੇ ਬੱਚਿਆਂ ਸਮੇਤ ਸ਼ਾਮਲ ਹੋਏ ਜੋ ਛੋਟੇ ਚਿੜੀਆ ਘਰ ਦਾ ਭੁਲੇਖਾ ਪਾ ਰਿਹਾ ਸੀ।

## ਜ਼ਬਤ ਹੋਵੇਗਾ ਮੇਧਾ ਪਾਟਕਰ ਦਾ ਪਾਸਪੋਰਟ

**ਨਵੀਂ ਦਿੱਲੀ/ਏ.ਟੀ. ਨਿਊਜ਼ :** ਨਰਮਦਾ ਬਚਾਓ ਅੰਦੋਲਨ ਦੀ ਕਾਰਕੁਨ ਮੇਧਾ ਪਾਟਕਰ ਲਈ ਨਵੀਂ ਮੁਸੀਬਤ ਪੈਦਾ ਹੋਣ ਜਾ ਰਹੀ ਹੈ। ਮੁੰਬਈ ਦੇ ਖੇਤਰੀ ਪਾਸਪੋਰਟ ਦਫ਼ਤਰ ਵੱਲੋਂ ਉਨ੍ਹਾਂ ਦਾ ਪਾਸਪੋਰਟ ਜ਼ਬਤ ਕੀਤਾ ਜਾਵੇਗਾ ਕਿਉਂਕਿ ਪਾਟਕਰ ਨੇ ਆਪਣੀ ਪਾਸਪੋਰਟ ਦੀ ਅਰਜ਼ੀ ਵਿਚ ਬਕਾਇਆ ਪਏ ਅਪਰਾਧਿਕ ਕੇਸਾਂ ਦਾ ਜ਼ਿਕਰ ਨਹੀਂ ਕੀਤਾ ਸੀ। ਸੂਤਰਾਂ ਅਨੁਸਾਰ ਉਨ੍ਹਾਂ 9 ਦਸੰਬਰ ਨੂੰ ਪਾਸਪੋਰਟ ਜਮ੍ਹਾਂ ਕਰਵਾਇਆ ਸੀ ਜਿਸ ਨਾਲ ਇਹ ਤਕਨੀਕੀ ਰੂਪ ਵਿਚ ਜ਼ਬਤ ਹੋ ਗਿਆ ਹੈ। ਇਕ ਪੱਤਰਕਾਰ ਨੇ ਜੂਨ ਵਿਚ ਮੇਧਾ ਖ਼ਿਲਾਫ਼ ਸ਼ਿਕਾਇਤ ਦਰਜ ਕਰਵਾਈ ਸੀ ਕਿ ਉਨ੍ਹਾਂ ਪਾਸਪੋਰਟ ਹਾਸਲ ਕਰਨ ਸਮੇਂ ਆਰਪੀਓ ਮੁੰਬਈ ਕੋਲੋਂ ਕੁਝ ਤੱਥਾਂ ਨੂੰ ਛੁਪਾਇਆ ਸੀ। ਸ਼ਿਕਾਇਤਕਰਤਾ ਨੇ ਮੱਧ ਪ੍ਰਦੇਸ਼ ਵਿਚ ਉਨ੍ਹਾਂ ਖ਼ਿਲਾਫ਼ ਦਰਜ 9 ਅਪਰਾਧਿਕ ਕੇਸਾਂ ਦੇ ਦਸਤਾਵੇਜ਼ ਮੁਹੱਈਆ ਕਰਵਾਏ ਸਨ। ਪਾਟਕਰ ਨੇ ਨੋਟਿਸ ਦਾ ਜਵਾਬ ਦੇਣ ਲਈ ਸਮਾਂ ਮੰਗਿਆ ਹੈ।

## 2017 ਤੋਂ ਬਾਅਦ ਦੀਆਂ ਕਿਸਾਨ ਖ਼ੁਦਕੁਸ਼ੀਆਂ ਬਾਰੇ ਕੇਂਦਰ ਕੋਲ ਰਿਕਾਰਡ ਨਹੀਂ

**ਨਵੀਂ ਦਿੱਲੀ/ਏ.ਟੀ. ਨਿਊਜ਼ :** ਖੇਤੀ ਖੇਤਰ ਨਾਲ ਜੁੜੇ ਕੁੱਲ 11,379 ਵਿਅਕਤੀਆਂ ਨੇ 2016 ਦੌਰਾਨ ਖ਼ੁਦਕੁਸ਼ੀ ਕੀਤੀ ਸੀ ਪਰ ਉਸ ਤੋਂ ਬਾਅਦ ਕਿਸਾਨਾਂ ਵੱਲੋਂ ਆਤਮ-ਹੱਤਿਆ ਕਰਨ ਸਬੰਧੀ ਸਰਕਾਰ ਨੇ ਕੋਈ ਰਿਪੋਰਟ ਪ੍ਰਕਾਸ਼ਿਤ ਨਹੀਂ ਕੀਤੀ ਹੈ। ਕੇਂਦਰ ਸਰਕਾਰ ਦੇ ਖੇਤੀ ਮੰਤਰੀ ਨਰੇਂਦਰ ਸਿੰਘ ਤੋਮਰ ਨੇ ਇਹ ਜਾਣਕਾਰੀ ਦਿੱਤੀ ਦੱਸਿਆ ਕਿ ਸਾਲ 2016 ਤੱਕ ਦੀ ਸੂਚਨਾ ਬਿਊਰੋ ਦੀ ਵੈੱਬਸਾਈਟ 'ਤੇ ਉਪਲਬਧ ਹੈ ਪਰ ਸਾਲ 2017 ਤੋਂ ਬਾਅਦ ਇਹ ਰਿਪੋਰਟ ਪ੍ਰਕਾਸ਼ਿਤ ਨਹੀਂ ਹੋਈ ਹੈ। ਤੋਮਰ ਨੇ ਦੱਸਿਆ ਕਿ ਖੇਤੀ ਰਾਜ ਦਾ ਵਿਸ਼ਾ ਹੈ।

## ਉੱਘੇ ਸਮਾਜ ਸੇਵੀ ਗੁਰਚਰਨ ਸਿੰਘ ਢਿੱਲੋਂ ਦਾ ਪੰਜਾਬੀ ਭਾਈਚਾਰੇ ਵਲੋਂ ਸਨਮਾਨ

**ਸਿਆਟਲ/ਏ.ਟੀ. ਨਿਊਜ਼ :** ਸਿਆਟਲ ਦੇ ਪੰਜਾਬੀ ਭਾਈਚਾਰੇ ਵਲੋਂ ਸਾਂਝੇ ਕੰਮਾਂ ਵਿਚ ਵਡਮੁੱਲਾ ਯੋਗਦਾਨ ਪਾਉਣ ਵਾਲੇ, ਬੱਚਿਆਂ ਦੇ ਖੇਡ ਕੈਂਪ ਦੇ ਸੰਚਾਲਕ ਗੁਰਚਰਨ ਸਿੰਘ ਢਿੱਲੋਂ ਨੂੰ ਵਿਸ਼ੇਸ਼ ਸਮਾਗਮ ਦੌਰਾਨ ਸਨਮਾਨਤ ਕੀਤਾ ਗਿਆ। ਸਟੇਜ ਦਾ ਸੰਚਾਲਨ



ਕਰਦਿਆਂ ਹਰਦੇਵ ਸਿੰਘ ਜੱਜ ਨੇ ਦੱਸਿਆ ਕਿ ਪਿਛਲੇ 10 ਸਾਲ ਤੋਂ ਪੰਜਾਬੀ ਭਾਈਚਾਰੇ ਦੇ ਬੱਚਿਆਂ ਨੂੰ ਗਰਮੀਆਂ ਦੀਆਂ ਛੁੱਟੀਆਂ ਦੌਰਾਨ ਸਰੀਰਕ ਫਿਟਨੈਸ ਤੇ ਖੇਡਾਂ ਵੱਲ ਉਤਸ਼ਾਹਤ ਕੀਤਾ ਜਾ ਰਿਹਾ ਹੈ। ਜਿੱਥੇ ਬੱਚਿਆਂ ਦੀ ਸਾਂਝ, ਆਪਸੀ ਮਿਲਵਰਤਨ ਤੇ ਵਿਹਲੇ ਸਮੇਂ ਦੀ ਸਹੀ ਵਰਤੋਂ ਕਰਕੇ ਬੱਚਿਆਂ ਨੂੰ ਪੰਜਾਬੀ ਵਿਰਸੇ ਤੇ ਸੱਭਿਆਚਾਰ ਨਾਲ ਜੋੜਨ ਦਾ ਉਪਰਾਲਾ ਕੀਤਾ ਜਾ ਰਿਹਾ ਹੈ। ਰਾਜਬੀਰ ਸਿੰਘ ਸੰਧੂ, ਮਨਮੋਹਨ ਸਿੰਘ ਧਾਲੀਵਾਲ, ਪਿੰਟੂ ਬਾਠ ਤੇ ਹਰਦੀਪ ਸਿੰਘ ਗਿੱਲ ਅਤੇ ਡਾ. ਪ੍ਰਭਜੋਤ ਸਿੰਘ ਸਿੱਧੂ ਨੇ ਇਸ ਉਪਰਾਲੇ ਦੀ ਸ਼ਲਾਘਾ ਕੀਤੀ। ਹਰਸ਼ਿੰਦਰ ਸਿੰਘ ਸੰਧੂ ਨੇ ਦੱਸਿਆ ਕਿ ਬੱਚੇ ਕੌਮ ਦਾ ਭਵਿੱਖ ਹਨ ਜਿਨ੍ਹਾਂ ਦੀ ਦੇਖ ਭਾਲ ਕਰਨਾ ਤੇ ਸਹੀ ਦਿਸ਼ਾ ਵੱਲ ਲੈ ਕੇ ਜਾਣਾ ਸਾਰਿਆਂ ਦਾ ਫਰਜ਼ ਹੈ। ਸਤਪਾਲ ਸਿੰਘ ਸਿੱਧੂ ਤੇ ਹਰਦੇਵ ਸਿੰਘ ਨੇ ਪ੍ਰਮਾਣ ਪੱਤਰ ਤੇ ਸਨਮਾਨ ਚਿੰਨ੍ਹ ਪੜ੍ਹ ਕੇ ਸੁਣਾਇਆ ਤੇ ਢਿੱਲੋਂ ਵਲੋਂ ਕਮਿਊਨਿਟੀ ਪ੍ਰਤੀ ਸੇਵਾਵਾਂ ਦੀ ਸ਼ਲਾਘਾ ਕੀਤੀ।

## ਕਰਮਨ ਸ਼ਹਿਰ ਦੀ ਕ੍ਰਿਸਮਿਸ ਪਰੇਡ 'ਤੇ ਸਿੱਖ ਭਾਈਚਾਰੇ ਨੇ ਲਾਏ ਲੰਗਰ






**ਕਰਮਨ/ਕੁਲਵੰਤ ਧਾਲੀਆਂ, ਨੀਟਾ ਮਾਛੀਕੇ):** ਫਰਿਜ਼ਨੋ ਨਜ਼ਦੀਕੀ ਸ਼ਹਿਰ ਕਰਮਨ ਵਿਖੇ ਸਿਟੀ ਪ੍ਰਬੰਧਕਾਂ ਵੱਲੋਂ ਸਮੁੱਚੇ ਸਥਾਨਕ ਭਾਈਚਾਰੇ ਦੇ ਸਹਿਯੋਗ ਨਾਲ ਸਲਾਨਾ ਪਰੇਡ ਕੀਤੀ ਗਈ, ਜਿਸ ਦੀ ਰਸਮੀ ਸ਼ੁਰੂਆਤ ਸਿਟੀ ਹਾਲ ਤੋਂ ਹੋਈ ਅਤੇ ਇਕ ਵੱਡੇ ਕ੍ਰਿਸਮਿਸ ਦੇ ਦਰੱਖਤ ਦੀਆਂ ਲਾਈਟਾਂ ਚਲਾ ਰੋਸ਼ਨੀ ਕਰਦੇ ਹੋਏ ਸਮੁੱਚੇ ਕ੍ਰਿਸ਼ਚੀਅਨ ਭਾਈਚਾਰੇ ਨੂੰ ਮੁਬਾਰਕਬਾਦ ਦਿੱਤੀ ਗਈ। ਇਸ ਉਪਰੰਤ ਸਿਟੀ ਦੇ ਵੱਖ-ਵੱਖ ਵਿਭਾਗਾਂ ਤੋਂ ਇਲਾਵਾ ਨਿੱਜੀ ਕੰਪਨੀਆਂ, ਸਟੋਰਾਂ ਅਤੇ ਸੰਸਥਾਵਾਂ ਦੇ ਲਾਈਟਾਂ ਅਤੇ ਝਾਕੀਆਂ ਨਾਲ ਬਹੁਤ ਸਾਰੇ ਸਜੇ ਫਲੋਟ ਸੜਕ ਦੇ ਦੋਵੇਂ ਪਾਸੇ ਬੈਠੇ ਲੋਕਾਂ ਦੀ ਖਿੱਚ ਦਾ ਕੇਂਦਰ ਰਹੇ। ਇਸ ਪਰੇਡ ਵਿੱਚ ਪਹਿਲੀ ਵਾਰ ਸਿੱਖ ਭਾਈਚਾਰੇ ਵੱਲੋਂ ਸਿੱਖ ਪਹਿਚਾਣ ਦੀ ਗੱਲ ਕਰਦਾ ਅਤੇ ਕ੍ਰਿਸਮਿਸ ਦੀਆਂ ਛੁੱਟੀਆਂ ਦੌਰਾਨ ਸਮੁੱਚੇ ਭਾਈਚਾਰੇ ਨੂੰ ਮੁਬਾਰਕਬਾਦ ਦਿੰਦਾ ਹੋਇਆ ਆਪਣਾ ਫਲੋਟ ਸ਼ਾਮਲ ਕੀਤਾ ਗਿਆ। ਇਸ ਦੌਰਾਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ 1000 ਦੇ ਕਰੀਬ ਖਾਣੇ ਦੇ ਡੱਬੇ ਦੇ ਲੰਗਰ ਲਾਏ ਗਏ ਅਤੇ ਬੱਚਿਆਂ ਨੂੰ ਖਿਡੌਣੇ ਵੰਡੇ ਗਏ। ਲੰਗਰ ਲੈਣ ਵਾਲੇ ਹਰ ਵਿਅਕਤੀ ਨੂੰ ਖਾਣੇ ਦੇ ਡੱਬੇ ਦੇ ਨਾਲ ਸਿੱਖਾਂ ਦੀ ਪਹਿਚਾਣ ਅਤੇ ਇਤਿਹਾਸ ਦੀ ਜਾਣਕਾਰੀ ਦਿੰਦਾ ਹੋਇਆ ਅੰਗਰੇਜ਼ੀ ਵਿੱਚ ਛਪਿਆ ਪੈਫਲਿਟ (ਪਰਚਾ) ਦਿੱਤਾ ਗਿਆ। ਬੇਸ਼ੱਕ ਇੱਥੋਂ ਦੇ ਮੈਕਸੀਕਨ ਮੂਲ ਦੀ ਬਹੁ-ਗਿਣਤੀ ਸਪੈਨਿਸ਼ ਭਾਸ਼ਾ ਦੇ ਜਾਣਕਾਰ ਹਨ, ਜੋ ਕਿ ਆਮ ਤੌਰ 'ਤੇ ਪੰਜਾਬੀ ਭਾਈਚਾਰੇ ਅਤੇ ਸਿੱਖ ਪਹਿਚਾਣ ਤੋਂ ਚੰਗੀ ਤਰਾਂ ਜਾਣੂ ਵੀ ਹਨ ਪਰ ਸਿੱਖ ਇਤਿਹਾਸ ਦੀ ਜਾਣਕਾਰੀ ਦੇਣ ਵਿੱਚ ਇਹ ਵੰਡਿਆ ਗਿਆ ਪੇਪਰ ਹੋਰ ਵੀ ਸਹਾਈ ਹੋਵੇਗਾ। ਇਸ ਪਰੇਡ ਵਿੱਚ ਸੇਵਾਦਾਰਾਂ ਤੋਂ ਇਲਾਵਾ ਬਹੁਤੇ ਸਥਾਨਕ ਪੰਜਾਬੀ ਭਾਈਚਾਰੇ ਦੀ ਸ਼ਮੂਲੀਅਤ ਨਜ਼ਰ ਨਹੀਂ ਆਈ ਪਰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਇਸ ਮਿਸ਼ਨ ਦੀ ਸ਼ੁਰੂਆਤ ਹੋਣ 'ਤੇ ਸਥਾਨਕ ਲੋਕਾਂ ਵਿੱਚ ਚੰਗੀ ਪ੍ਰਸ਼ੰਸਾ ਹੋਈ, ਜਿਸ ਬਾਰੇ ਬੋਲਦੇ ਹੋਏ ਕਰਮਨ ਸ਼ਹਿਰ ਦੇ ਪੁਲਿਸ ਮੁਖੀ ਮਿਸਟਰ ਜੌਹਨ ਗੋਲਡਨ ਨੇ ਵੀ ਸਿੱਖ ਭਾਈਚਾਰੇ ਨੂੰ ਵਧਾਈ ਦਿੱਤੀ। ਇਸ ਨਾਨਕ ਮਿਸ਼ਨ ਨੂੰ ਅੱਗੇ ਤੋਰਨ ਵਿੱਚ ਵਿਰਸਾ ਫਾਉਂਡੇਸ਼ਨ ਦੇ ਮੈਂਬਰਾਂ ਨੇ ਅਹਿਮ ਸੇਵਾ ਨਿਭਾਈ। ਸਮੁੱਚੇ ਅਮਰੀਕਨ ਭਾਈਚਾਰੇ ਵਿੱਚ ਖ਼ੁਸ਼ੀਆਂ ਵੰਡਦੀ ਇਹ ਸਲਾਨਾ ਪਰੇਡ ਯਾਦਗਾਰੀ ਹੋ ਨਿੱਬੜੀ।

# ਇੰਡੋ ਅਮੈਰਿਕਨ ਹੈਰੀਟੇਜ ਫੋਰਮ ਫਰਿਜ਼ਨੋਂ ਦੀ 20ਵੇਂ ਮੇਲੇ ਦੇ ਸਬੰਧੀ ਹੋਈ ਅਹਿਮ ਇਕੱਤਰਤਾ

### *ਕਾਲੇ ਪਾਣੀ ਦੇ ਸ਼ਹੀਦਾਂ ਨੂੰ ਸਮਰਪਿਤ ਹੋਵੇਗਾ 20ਵਾਂ ਮੇਲਾ*

**ਫਰਿਜ਼ਨੋਂ/ਕੁਲਵੀਰ ਹੇਅਰ:**

ਗਦਰੀ ਬਾਬਿਆਂ ਅਤੇ ਦੇਸ਼ ਦੇ ਸ਼ਹੀਦਾਂ ਨੂੰ ਸਮਰਪਿਤ ਸੰਸਥਾ ਇੰਡੋ ਅਮੈਰਿਕਨ ਹੈਰੀਟੇਜ ਫੋਰਮ ਫਰਿਜ਼ਨੋ ਦੇ ਅਹੁਦੇਦਾਰਾਂ ਅਤੇ ਸਹਿਯੋਗੀਆਂ ਦੀ ਇਕ ਅਹਿਮ ਮੀਟਿੰਗ ਫੋਰਮ ਦੇ ਆਗੂ ਜਸਵੰਤ ਸਿੰਘ ਮਾਨ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਵਿਚ ਇਸ ਸਾਲ ਕਰਵਾਏ ਜਾ ਰਹੇ 20ਵੇਂ ਮੇਲੇ ਦੀਆਂ ਤਿਆਰੀਆਂ ਸਬੰਧੀ ਵਿਚਾਰਾਂ ਹੋਈਆਂ ਅਤੇ ਮੇਲੇ ਦੇ ਪ੍ਰਬੰਧਾਂ ਦੀਆਂ ਵੱਖ-ਵੱਖ ਜ਼ਿੰਮੇਵਾਰੀਆਂ ਸੌਂਪੀਆਂ ਗਈਆਂ। ਮੀਟਿੰਗ ਉਪਰੰਤ ਜਸਵੰਤ ਸਿੰਘ ਮਾਨ ਵਲੋਂ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਹ 20ਵਾਂ ਮੇਲਾ



ਕਾਲੇ ਪਾਣੀ ਅਤੇ ਦੇਸ਼ ਦੇ ਹੋਰ ਸ਼ਹੀਦਾਂ ਨੂੰ ਸਮਰਪਿਤ ਹੋਵੇਗਾ। ਪਿਛਲੇ ਸਾਲ ਦੀ ਤਰ੍ਹਾਂ ਇਹ ਮੇਲਾ ਵੀ ਸੈਂਟਰਲ ਹਾਈ ਸਕੂਲ 3535 ਨੌਰਥ ਕਰੋਲੀਨਾ (ਫਰਿਜ਼ਨੋਂ) ਵਿਖੇ 29 ਮਾਰਚ 2020, ਦਿਨ ਐਤਵਾਰ ਦੁਪਿਹਰ 12 ਵਜੇ ਤੋਂ ਸ਼ਾਮ 6 ਵਜੇ ਤੱਕ ਹੋਵੇਗਾ। ਇਸ ਮੇਲੇ ਦੌਰਾਨ ਉੱਚ ਕੋਟੀ ਦੇ ਬੁਲਾਰੇ ਅਤੇ ਬੁੱਧੀਜੀਵੀ ਆਪਣੇ ਵਿਚਾਰ ਪੇਸ਼ ਕਰਨਗੇ, ਲੋਕ ਗਾਇਕ ਸ਼ਹੀਦਾਂ ਦੀ ਸ਼ਹਾਦਤ ਦਾ ਬ੍ਰਿਤਾਂਤ ਸੰਗੀਤਕ ਵੰਨਗੀਆਂ ਵਿਚ ਪੇਸ਼ ਕਰਨਗੇ। ਬੱਚਿਆਂ ਵਲੋਂ ਗੀਤ, ਕਵਿਤਾ, ਗਿੱਧਾ, ਭੰਗੜਾ ਆਦਿ ਦਾ ਪ੍ਰੋਗਰਾਮ ਪੇਸ਼ ਹੋਵੇਗਾ। ਮੀਟਿੰਗ ਦੌਰਾਨ ਬੀਤੇ ਸਮੇਂ ਵਿਚ ਹੋਏ ਹਰ ਮੇਲੇ ਵਿਚ ਸਹਿਯੋਗ ਦੇਣ ਲਈ ਸੈਂਟਰਲ ਵੈਲੀ ਦੇ ਭਾਰਤੀ ਭਾਈਚਾਰੇ ਅਤੇ ਸਾਰੀਆਂ ਸੰਸਥਵਾਂ ਦਾ ਧੰਨਵਾਦ ਕੀਤਾ ਗਿਆ ਅਤੇ ਇਸ ਵਾਰ ਵੀ ਸਭ ਨੂੰ ਵੱਧ ਤੋਂ ਵੱਧ ਸਹਿਯੋਗ ਦੇਣ ਦੀ ਅਪੀਲ ਕੀਤੀ ਗਈ। ਸ. ਮਾਨ ਨੇ ਦਸਿਆ ਕਿ ਮੇਲੇ ਵਿਚ ਬੱਚਿਆਂ ਵਲੋਂ ਖਾਸ ਪ੍ਰੋਗਰਾਮ ਹੋਵੇਗਾ, ਜਿਸ ਦੌਰਾਨ ਕੋਈ ਵੀ ਬੱਚਾ ਹਿੱਸਾ ਲੈ ਸਕਦਾ ਹੈ। ਇਸ ਮੀਟਿੰਗ ਵਿਚ ਸਮੂਹ ਪ੍ਰਬੰਧਕਾਂ ਅਤੇ ਸਹਿਯੋਗੀਆਂ ਨੇ ਬਹੁਤ ਹੀ ਉਤਸ਼ਾਹ ਨਾਲ ਹਿੱਸਾ ਲਿਆ ਅਤੇ ਆਪੋ-ਆਪਣੇ ਵਿਚਾਰ ਸਾਂਝੇ ਕੀਤੇ। ਹੋਰ ਜਾਣਕਾਰੀ ਲਈ ਸੰਸਥਾ ਨਾਲ 559-618-0156 , 559-287-0822 ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਵਰਲਡ ਸਿੱਖ ਪਾਰਲੀਮੈਂਟ ਵਲੋਂ ਸਮੂਹ ਸਿੱਖਾਂ ਨੂੰ ਨਾਗਰਿਕਤਾ ਸੋਧ ਦਾ ਪੁਰਜ਼ੋਰ ਵਿਰੋਧ ਕਰਨ ਦਾ ਸੱਦਾ



**ਰਿਚਮੰਡ ਹਿੱਲ/ਸੁਰਿੰਦਰ ਸਿੰਘ :** ਭਾਰਤ ਦੀ ਹਿੰਦੂਵਾਦੀ ਸਰਕਾਰ ਵੱਲੋਂ ਪਿਛਲੇ ਦਿਨੀਂ ਪਾਸ ਕੀਤਾ ਗਿਆ ਨਾਗਰਿਕਤਾ ਸੋਧ ਬਿੱਲ 2019 ਵਿਤਕਰੇ ਭਰਪੂਰ ਤੇ ਘੱਟ ਗਿਣਤੀ ਵਿਰੋਧੀ ਹੈ ਅਤੇ ਭਾਰਤ ਦੇਸ਼ ਦੇ ਇੱਕ ਹਿੰਦੂ ਰਾਸ਼ਟਰ ਵਿੱਚ ਪੂਰੀ ਤਰ੍ਹਾਂ ਤਬਦੀਲ ਹੋ ਜਾਣ ਦੀ ਨਿਸ਼ਾਨਦੇਹੀ ਕਰਦਾ ਹੈ । ਇਸ ਬਿੱਲ ਵਿੱਚ ਬੰਗਲਾਦੇਸ਼, ਅਫ਼ਗਾਨਿਸਤਾਨ ਅਤੇ ਪਾਕਿਸਤਾਨ ਦੇ ਛੇ ਘੱਟ ਗਿਣਤੀ ਭਾਈਚਾਰੇ (ਹਿੰਦੂ, ਬੋਧੀ, ਜੈਨ, ਪਾਰਸੀ, ਇਸਾਈ ਅਤੇ ਸਿੱਖ) ਨਾਲ ਸਬੰਧ ਰੱਖਣ ਵਾਲੇ ਲੋਕਾਂ ਨੂੰ ਭਾਰਤੀ ਨਾਗਰਿਕਤਾ ਦੇਣਾ ਮਨਜ਼ੂਰ ਕੀਤਾ ਗਿਆ ਹੈ ਤੇ ਕਿਸੇ ਵੀ ਮਜ਼ਲੂਮ ਮੁਸਲਮਾਨ ਨੂੰ ਇਸ ਬਿੱਲ ਅਧੀਨ ਸ਼ਰਣ ਜਾਂ ਨਾਗਰਿਕਤਾ ਨਾ ਦੇਣ ਨੂੰ ਯਕੀਨੀ ਬਣਾ ਦਿੱਤਾ ਗਿਆ ਹੈ।

ਭਾਰਤ ਸਰਕਾਰ ਵੱਲੋਂ ਅੰਤਰਰਾਸ਼ਟਰੀ ਪੱਧਰ ਤੇ ਆਪਣੀ ਦਿੱਖ ਧਰਮ ਨਿਰਪੱਖ ਹੋਣ ਦਾ ਜੋ ਮੁਖੌਟਾ ਪਾਇਆ ਗਿਆ ਸੀ, ਉਹ ਇਸ ਬਿੱਲ ਨਾਲ ਉਤਰ ਗਿਆ ਹੈ ਤੇ ਇਹ ਹੁਣ ਚਿੱਟੇ ਦਿਨ ਵਾਂਗ ਸਾਫ ਹੋ ਗਿਆ ਹੈ ਕਿ ਭਾਰਤ ਇੱਕ ਹਿੰਦੂ ਬਹੁਗਿਣਤੀ ਹਿੰਦੂ ਰਾਸ਼ਟਰ ਹੈ ।ਭਾਰਤ ਵੱਲੋਂ ਅੰਤਰਰਾਸ਼ਟਰੀ ਪੱਧਰ ਤੇ ਆਪਣੀ ਸਾਖ ਬਚਾਉਣ ਲਈ ਜਿਨ੍ਹਾਂ ਘੱਟ ਗਿਣਤੀਆਂ ਨੂੰ ਨਾਗਰਿਕਤਾ ਦੇਣ ਦਾ ਵਾਅਦਾ ਵੀ ਕੀਤਾ ਗਿਆ ਹੈ ਉਹ ਘੱਟ ਗਿਣਤੀਆਂ ਵੀ ਅਸਲ ਵਿੱਚ ਭਾਰਤ ਅੰਦਰ ਹਿੰਦੂਵਾਦੀ ਤਾਕਤਾਂ ਦੇ ਨਿਸ਼ਾਨੇ 'ਤੇ ਹਨ ।

ਅੱਜ ਜਿਸ ਤਰ੍ਹਾਂ ਭਾਰਤ ਸਕਾਰ ਵੱਲੋਂ ਮੁਸਲਮਾਨਾਂ ਨੂੰ ਨਿਸ਼ਾਨਾ ਬਣਾ ਕਿ ਹਿੰਦੂ ਰਾਸ਼ਟਰਵਾਦ ਉਭਾਰਿਆ ਜਾ ਰਿਹਾ ਹੈ ਇਸੇ ਤਰ੍ਹਾਂ ਸੰਨ 1984 ਵਿੱਚ ਸਿੱਖਾਂ ਨੂੰ ਨਿਸ਼ਾਨਾ ਬਣਾ ਕੇ ਹਿੰਦੂ ਰਾਸ਼ਟਰਵਾਦ ਉਭਾਰਿਆ ਗਿਆ ਸੀ ਤੇ ਸਿੱਖਾਂ ਦੀ ਨਸਲਕੁਸ਼ੀ ਕੀਤੀ ਗਈ ਸੀ । ਸਿੱਖ ਕੌਮ ਦੀ ਇਸ ਉਦਾਹਰਣ ਤੋਂ ਸਪੱਸ਼ਟ ਹੈ ਕਿ ਹੁਣ ਮੁਸਲਮਾਨਾਂ ਨਾਲ ਭਾਰਤ ਵਿੱਚ ਕਾਨੂੰਨੀ ਤੌਰ 'ਤੇ ਵਿਤਕਰਾ ਕਰ ਕੇ ਉਹਨਾਂ ਦਾ ਵੱਡੇ ਰੂਪ ਵਿੱਚ ਨਸਲਘਾਤ ਕਰਨ ਦਾ ਮਨਸੂਬਾ ਬਣਾਇਆ ਜਾ ਰਿਹਾ ਹੈ ।

ਸਿੱਖਾਂ ਦਾ ਭਾਰਤ ਸਰਕਾਰ ਨਾਲ ਤਜਰਬਾ ਹਮੇਸ਼ਾ ਹੀ ਇਹ ਦਰਸਾਉਂਦਾ ਰਿਹਾ ਹੈ ਕਿ ਭਾਰਤ ਸਰਕਾਰ ਹਿੰਦੂ ਬਹੁਗਿਣਤੀ ਪੱਖੀ ਸਰਕਾਰ ਹੈ । ਸੰਨ 1984 ਵਿੱਚ ਸ੍ਰੀ ਦਰਬਾਰ ਸਾਹਿਬ ਉੱਤੇ ਹਮਲਾ ਇਸ ਦੀ ਪ੍ਰਮੁੱਖ ਉਦਾਹਰਣ ਹੈ । ਮੁਸਲਮਾਨਾਂ ਦੀ ਬਾਬਰੀ ਮਸਜਿਦ ਨੂੰ ਢਾਹੁਣਾ ਵੀ ਇਸੇ ਕੜੀ ਦਾ ਹੀ ਹਿੱਸਾ ਸੀ। ਅਜੇ ਤੱਕ ਵੀ ਭਾਰਤ ਸਰਕਾਰ ਸਿੱਖਾਂ ਦੇ ਧਾਰਮਿਕ ਅਸਥਾਨ ਗੁਰਦੁਆਰਾ ਗਿਆਨ ਗੋਦੜੀ ਅਤੇ ਅਤੇ ਗੁਰਦੁਆਰਾ ਮੰਗੂ ਮੱਠ ਜਿਹੇ ਗੁਰਦੁਆਰਾ ਅਸਥਾਨਾਂ ਨੂੰ ਢਾਹ ਕੇ ਸਿੱਖਾਂ ਦੇ ਇਤਿਹਾਸ ਨੂੰ ਖਤਮ ਕਰਨ ਤੇ ਤੁਲੀ ਹੋਈ ਹੈ।

'ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ' ਦੇ ਗੁਰ ਸਿਧਾਂਤ ਦੇ ਧਾਰਨੀ ਸਿੱਖ ਕਦੇ ਵੀ ਭਾਰਤ ਦੀ ਹਿੰਦੂਵਾਦੀ ਸਰਕਾਰ ਵੱਲੋਂ ਪਾਸ ਕੀਤੇ ਗਏ ਨਾਗਰਿਕਤਾ ਸੋਧ ਬਿੱਲ 2019 ਦੇ ਹੱਕ ਵਿੱਚ ਨਹੀਂ ਹੋ ਸਕਦੇ ਤੇ ਇਸ ਲਈ ਵਰਲਡ ਸਿੱਖ ਪਾਰਲੀਮੈਂਟ ਸਮੂਹ ਸਿੱਖਾਂ ਨੂੰ ਇਸ ਬਿੱਲ ਦਾ ਪੁਰਜ਼ੋਰ ਵਿਰੋਧ ਕਰਨ ਦਾ ਸੱਦਾ ਦਿੰਦੀ ਹੈ। ਸਿੱਖ ਕੌਮ ਲਈ ਇਸ ਦੇ ਵਕਤੀ ਫਾਇਦੇ ਕੁਝ ਵੀ ਹੋਣ ਪਰ ਇਹ ਬਿੱਲ ਅਸਲ ਵਿੱਚ ਘੱਟ ਗਿਣਤੀ ਵਿਰੋਧੀ ਹੈ ਤੇ ਜਿੰਨਾ ਮੁਸਲਮਾਨਾਂ ਲਈ ਖਤਰਨਾਕ ਹੈ ਉਨਾ ਹੀ ਕੱਲ ਸਿੱਖਾਂ ਲਈ ਵੀ ਹੋਵੇਗਾ । ਜੇ ਭਾਰਤ ਸਰਕਾਰ ਅੱਜ ਮੁਸਲਮਾਨਾਂ ਨਾਲ ਵਿਤਕਰਾ ਕਰ ਸਕਦੀ ਹੈ ਕੱਲ੍ਹ ਕਿਸੇ ਹੋਰ ਧਰਮ ਨਾਲ ਕਰਨ ਦਾ ਵੀ ਫਿਰ ਸੰਵਿਧਾਨਕ ਆਧਾਰ ਰੱਖੇਗੀ । ਵਰਲਡ ਸਿੱਖ ਪਾਰਲੀਮੈਂਟ ਇਸ ਬਿੱਲ ਦੇ ਘਟ ਗਿਣਤੀ ਵਿਰੋਧੀ ਖਾਸੇ ਬਾਰੇ ਪੂਰੀ ਦੁਨੀਆਂ ਅਤੇ ਯੂ ਐਨ ਓ ਨੂੰ ਜਾਣੂੰ ਕਰਵਾਏਗੀ ਅਤੇ ਇਸ ਬਿੱਲ ਰਾਹੀਂ ਭਾਰਤ ਦੇ ਹਿੰਦੂ ਰਾਸ਼ਟਰ ਬਨਣ ਦੇ ਕਰੂਰ ਚਿਹਰੇ ਨੂੰ ਨੰਗਾ ਕਰੇਗੀ । ਭਾਰਤ ਅੰਦਰ ਸਿੱਖਾਂ ਨੂੰ ਭਵਿੱਖਤ ਖਤਰੇ ਨੂੰ ਮੁੱਖ ਰੱਖਦਿਆਂ ਹੀ ਵਰਲਡ ਸਿੱਖ ਪਾਰਲੀਮੈਂਟ ਸਿੱਖਾਂ ਲਈ ਸਵੈ ਨਿਰਣੈ ਦਾ ਹੱਕ ਚਾਹੁੰਦੀ ਹੈ ਤਾਂ ਕਿ ਸਿੱਖ ਆਪਣੇ ਅਲੱਗ ਅਜ਼ਾਦ ਦੇਸ਼ ਦਾ ਨਿਰਮਾਣ ਕਰ ਸਕਣ ਅਤੇ ਭਵਿੱਖ ਵਿੱਚ ਬਹੁਗਿਣਤੀ ਹਿੰਦੂਵਾਦੀ ਤਾਕਤਾਂ ਵੱਲੋਂ ਹੋਣ ਵਾਲੇ ਨਸਲਘਾਤ ਤੋਂ ਬਚ ਸਕਣ ।

## ਪੰਜਾਬੀ ਦੀ ਪੜ੍ਹਾਈ ਕਰਨ ਤੋਂ ਦੂਰ ਜਾ ਰਹੇ ਨੇ ਵਿਦਿਆਰਥੀ

### *ਕਈ ਕਾਲਜਾਂ 'ਚ ਪੰਜਾਬੀ ਦੀ ਪੋਸਟ ਗ੍ਰੈਜੂਏਟ ਹੋਈ ਬੰਦ*

**ਚੰਡੀਗੜ੍ਹ/ਏ.ਟੀ. ਨਿਊਜ਼ :** ਪੰਜਾਬੀ ਪੜ੍ਹਾਈ ਦਾ ਭਵਿੱਖ ਪੰਜਾਬ ਵਿਚ ਧੁੰਦਲਾ ਪੈਂਦਾ ਦਿਖਾਈ ਦੇ ਰਿਹਾ ਹੈ। ਰਿਪੋਰਟਾਂ ਮੁਤਾਬਿਕ ਦੁਆਬੇ ਦੇ ਜਲੰਧਰ ਸ਼ਹਿਰ ਦੇ ਕੁਝ ਕਾਲਜਾਂ ਵਿੱਚ ਐੱਮ ਏ ਪੰਜਾਬੀ ਦੀ ਪੜ੍ਹਾਈ ਵਿੱਚ ਦਾਖਲੇ ਲੈਣ ਵਾਲਿਆਂ ਲਈ ਲੁਭਾਉਣੇ ਯਤਨ ਕਰਨ ਦੇ ਬਾਵਜੂਦ ਕੋਈ ਵੀ ਵਿਦਿਆਰਥੀ ਦਾਖਲਾ ਲੈਣ ਲਈ ਤਿਆਰ ਨਹੀਂ ਹੈ। ਪੰਜਾਬੀ ਵਿੱਚ ਦਾਖਲਾ ਲੈਣ ਵਾਲੇ ਵਿਦਿਆਰਥੀਆਂ ਨੂੰ ਫੀਸਾਂ ਵਿਚ ਰਿਆਇਤਾਂ, ਪ੍ਰਵਾਸੀ ਪੰਜਾਬੀਆਂ ਦੀ ਮਦਦ ਨਾਲ ਕੀਤੇ ਪ੍ਰਬੰਧ ਤੋਂ ਇਲਾਵਾ ਅਧਿਆਪਕ ਵੀ ਵਿਦਿਆਰਥੀਆਂ ਦੀਆਂ ਫੀਸਾਂ ਦਾ ਖਰਚਾ ਆਪ ਝੱਲਣ ਲਈ ਤਿਆਰ ਹਨ। ਪਰ ਇਸ ਸਭ ਦੇ ਬਾਵਜੂਦ ਵਿਦਿਆਰਥੀ ਪੰਜਾਬੀ ਵਿਸ਼ੇ ਵਿਚ ਦਾਖਲਾ ਲੈਣ ਲਈ ਤਿਆਰ ਨਹੀਂ ਹਨ। ਜਲੰਧਰ ਦੇ ਅੱਠ ਵੱਡੇ ਕਾਲਜਾਂ ਵਿਚ ਕੋਈ ਵੀ ਵਿਦਿਆਰਥੀ ਪੰਜਾਬੀ ਭਾਸ਼ਾ ਦੀ ਐੱਮ ਏ ਦੀ ਪੜ੍ਹਾਈ ਨਹੀਂ ਕਰ ਰਿਹਾ। ਇਸ ਕਾਰਨ ਦੋ ਕਾਲਜਾਂ ਨੇ ਇਹ ਕੋਰਸ ਬੰਦ ਕਰ ਦਿੱਤਾ ਹੈ। ਦੂਜੇ ਕਾਲਜਾਂ ਵਿੱਚ ਇਹ ਸ਼ਰਤ ਹੈ ਕਿ ਜੇ ਸੀਟਾਂ ਪੂਰੀਆਂ ਨਾ ਹੋਈਆਂ ਤਾਂ ਕੋਰਸ ਬੰਦ ਕਰ ਦਿੱਤਾ ਜਾਵੇਗਾ। ਜਲੰਧਰ ਸਥਿਤ ਗੁਰੂ ਨਾਨਕ ਦੇਵ ਯੂਨੀਵਰਸਟੀ ਦੇ ਰਿਜੀਨਲ ਕੈਂਪਸ, ਲੱਧੇਵਾਲੀ ਵਿਚ ਛੇ ਵਿਦਿਆਰਥੀ ਐੱਮ ਏ-1 ਅਤੇ ਪੰਜ ਐੱਮ ਏ-2 ਕਰ ਰਹੇ ਹਨ। ਇਸੇ ਤਰ੍ਹਾਂ ਡੀ ਏ ਵੀ ਕਾਲਜ, ਜਲੰਧਰ ਵਿੱਚ 9 ਵਿਦਿਆਰਥੀ ਪਹਿਲੇ ਸਾਲ ਅਤੇ ਦਸ ਵਿਦਿਆਰਥੀ ਐੱਮ ਏ-2 ਵਿੱਚ ਪੜ੍ਹਦੇ ਹਨ। ਐੱਚ ਐੱਮ ਵੀ ਕਾਲਜ ਵਿੱਚ 11 ਵਿਦਿਆਰਥੀ ਪਹਿਲੇ ਸਾਲ ਅਤੇ ਸੱਤ ਵਿਦਿਆਰਥੀ ਦੂਜੇ ਸਾਲ ਵਿੱਚ ਐੱਮ ਏ ਪੰਜਾਬੀ ਕਰ ਰਹੇ ਹਨ।

## ਭਾਰਤ ਨੇ ਫ਼ਾਰੂਕ ਦੀ ਨਜ਼ਰਬੰਦੀ ਤਿੰਨ ਮਹੀਨੇ ਹੋਰ ਵਧਾਈ

**ਸ੍ਰੀਨਗਰ/ਏ.ਟੀ. ਨਿਊਜ਼ :** ਜੰਮੂ ਕਸ਼ਮੀਰ ਦੇ ਤਿੰਨ ਵਾਰ ਮੁੱਖ ਮੰਤਰੀ ਰਹੇ ਤੇ ਨੈਸ਼ਨਲ ਕਾਨਫਰੰਸ ਦੇ ਪ੍ਰਧਾਨ ਫ਼ਾਰੂਕ ਅਬਦੁੱਲਾ ਦੀ ਆਪਣੀ ਰਿਹਾਇਸ਼ ਵਿਖੇ ਨਜ਼ਰਬੰਦੀ ਵਿਚ ਤਿੰਨ ਮਹੀਨੇ ਦਾ ਹੋਰ ਵਾਧਾ ਕਰ ਦਿੱਤਾ ਗਿਆ ਹੈ। ਇਸ ਸਬੰਧੀ ਅਧਿਕਾਰੀਆਂ ਨੇ ਦੱਸਿਆ ਕਿ ਮੌਜੂਦਾ ਸੰਸਦ ਮੈਂਬਰ ਫ਼ਾਰੂਕ ਅਬਦੁੱਲਾ ਦੇ ਮਾਮਲੇ ਦੀ ਸਮੀਖਿਆ ਜੰਮੂ-ਕਸ਼ਮੀਰ ਕੇਂਦਰ ਸ਼ਾਸਤ ਦੇ ਗ੍ਰਹਿ ਮੰਤਰਾਲੇ ਵਲੋਂ ਕੀਤੀ ਗਈ, ਜਿਸ ਨੇ ਪੀ.ਐਸ.ਏ. ਤਹਿਤ ਉਨ੍ਹਾਂ ਦੀ ਨਜ਼ਰਬੰਦੀ ਹੋਰ ਤਿੰਨ ਮਹੀਨੇ ਵਧਾਉਣ ਦੀ ਸਿਫ਼ਾਰਸ਼ ਕੀਤੀ ਹੈ। ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਵਲੋਂ 5 ਅਗਸਤ, 2019 ਨੂੰ ਧਾਰਾ 370 ਹਟਾਉਣ ਦਾ ਐਲਾਨ ਕਰਨ ਤੋਂ ਇਕ ਦਿਨ ਪਹਿਲਾਂ ਸਰਕਾਰ ਨੇ ਜੰਮੂ-ਕਸ਼ਮੀਰ ਵਿਚ ਵੱਡੇ ਪੱਧਰ 'ਤੇ ਸੁਰੱਖਿਆ ਪਾਬੰਦੀਆਂ ਲਗਾ ਦਿੱਤੀਆਂ ਸਨ, ਜਿਸ ਤਹਿਤ ਜੰਮੂ-ਕਸ਼ਮੀਰ ਦੇ ਸੈਂਕੜੇ ਰਾਜਨੀਤਕ ਆਗੂਆਂ, ਜਿਨ੍ਹਾਂ ਵਿਚ ਪੀ.ਡੀ.ਪੀ. ਮੁਖੀ ਮਹਿਬੂਬਾ ਮੁਫਤੀ, ਨੈਸ਼ਨਲ ਕਾਨਫਰੰਸ ਦੇ ਨੇਤਾ ਉਮਰ ਅਬਦੁੱਲਾ ਤੇ ਫਾਰੂਕ ਅਬਦੁੱਲਾ ਨੂੰ ਉਨ੍ਹਾਂ ਦੇ ਘਰਾਂ ਵਿਚ ਨਜ਼ਰਬੰਦ ਕਰ ਦਿੱਤਾ ਗਿਆ ਸੀ ਤੇ ਉਦੋਂ ਹੀ ਉਕਤ ਨੇਤਾ ਆਪੋ-ਆਪਣੇ ਘਰਾਂ ਵਿਚ ਨਜ਼ਰਬੰਦ ਹਨ।



## ਵਾਸ਼ਿੰਗਟਨ ਦੇ ਡਿਪਟੀ ਚੀਫ ਆਫ ਇੰਡੀਅਨ ਮਿਸ਼ਨ ਨਾਲ ਨਿੱਘੀ ਮਿਲਣੀ



**ਮੈਰੀਲੈਂਡ /ਰਾਜ ਗੋਗਨਾ:** ਨੈਸ਼ਨਲ ਕੌਂਸਲ ਆਫ਼ ਏਸ਼ੀਅਨ ਅਮਰੀਕਨ ਅਤੇ ਸਿੱਖਸ ਆਫ ਅਮਰੀਕਾ ਦੇ ਸਾਂਝੇ ਉੱਦਮ ਨਾਲ ਅਮਿਤ ਕੁਮਾਰ ਡਿਪਟੀ ਚੀਫ ਆਫ ਮਿਸ਼ਨ ਭਾਰਤੀ ਅੰਬੈਸੀ ਵਾਸ਼ਿੰਗਟਨ ਨਾਲ ਜਿੱਥੇ ਨਿੱਘੀ ਮਿਲਣੀ ਅਤੇ ਜੀ ਆਇਆਂ ਦਾ ਸਮਾਗਮ ਵੱਖਰੀ ਛਾਪ ਛੱਡ ਗਿਆ। ਸਮਾਗਮ ਦੀ ਸ਼ੁਰੂਆਤ ਬਲਜਿੰਦਰ ਸਿੰਘ ਸ਼ੰਮੀ ਪ੍ਰਧਾਨ ਵੱਲੋਂ ਆਏ ਮਹਿਮਾਨਾਂ ਅਤੇ ਮੁੱਖ ਮਹਿਮਾਨ ਮਿਸਟਰ ਅਤੇ ਮਿਸਜ਼ ਅਮਿਤ ਕੁਮਾਰ, ਅਨੁਰਾਗ ਕੁਮਾਰ ਕਮਿਊਨਿਟੀ ਮਨਿਸਟਰ, ਡਾ. ਜੈਦੀਪ ਸਿੰਘ ਨਾਯਰ ਮਨਿਸਟਰ ਕੌਂਸਲਰ ਨੂੰ ਜੀ ਆਇਆਂ ਕਿਹਾ ਤੇ ਸਮਾਗਮ ਦੀ ਸੋਭਾ ਵਧਾਉਣ ਤੇ ਧੰਨਵਾਦ ਕੀਤਾ।ਪਵਨ ਬੈਜਵਾੜਾ ਚੇਅਰਮੈਨ ਨੈਸ਼ਨਲ ਕੌਂਸਲ ਵਲੋਂ ਐੱਨ. ਸੀ. ਆਈ. ਏ. ਦੀਆਂ ਕਾਰਗੁਜ਼ਾਰੀਆਂ ਅਤੇ ਸੇਵਾਵਾਂ ਦਾ ਭਰਪੂਰ ਜ਼ਿਕਰ ਕੀਤਾ।ਸ: ਜਸਦੀਪ ਸਿੰਘ ਜੱਸੀ ਚੇਅਰਮੈਨ ਸਿੱਖਸ ਆਫ ਅਮਰੀਕਾ ਨੇ ਭਾਰਤੀ ਅੰਬੈਸੀ ਅਫਸਰਾਂ ਦੀ ਖ਼ੂਬ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਕਰਤਾਰਪੁਰ ਕੋਰੀਡੋਰ ਤੇ ਭੇਜੇ ਡੈਲੀਗੇਟ ਨੇ ਇੱਕ ਐਸਾ ਮੀਲ ਪੱਥਰ ਗੱਡਿਆ ਹੈ ।ਜਿਸ ਦਾ ਜ਼ਿਕਰ ਪੂਰੇ ਸੰਸਾਰ ਵਿੱਚ ਹੋਇਆ ਹੈ। ਉਨ੍ਹਾਂ ਕਿਹਾ ਕਿ ਭਾਰਤੀ ਅੰਬੈਸੀ ਸਾਡਾ ਪਰਿਵਾਰ ਤੇ ਕਮਿਊਨਿਟੀ ਦਾ ਪ੍ਰਮੁੱਖ ਹਿੱਸਾ ਹੈ। ਜੱਸੀ ਸਿੰਘ ਨੇ ਸਾਜਿਦ ਤਰਾਰ ਮੁਸਲਿਮ ਫਾਰ ਟਰੰਪ ਅਮਰੀਕਾ ਦੀ ਤਾਰੀਫ ਕੀਤੀ ਅਤੇ ਭਾਰਤੀ ਕਮਿਊਨਿਟੀ ਪ੍ਰਤੀ ਪਾਏ ਯੋਗਦਾਨ ਨੂੰ ਵੀ ਸਰਾਹਿਆ।ਡਾ. ਸੁਰੇਸ਼ ਕੁਮਾਰ ਗੁਪਤਾ ਚੇਅਰਮੈਨ ਟੱਰਸਟੀ ਨੇ ਅਮਿਤ ਕੁਮਾਰ ਡਿਪਟੀ ਅੰਬੈਸਡਰ ਦੇ ਜੀਵਨ ਕਾਲ ਤੇ ਆਹੁਦਿਆਂ ਦਾ ਜ਼ਿਕਰ ਕਰਦੇ ਹੋਏ ਕਿਹਾ ਕਿ ਇਹ ਆਈ. ਆਈ. ਟੀ. ਦੀ ਐਸੀ ਸਖਸ਼ੀਅਤ ਹੈ। ਜਿਸਨੇ ਵੱਡੇ ਵੱਡੇ ਅਹੁਦਿਆਂ ਤੇ ਰਹਿ ਕੇ ਭਾਰਤੀ ਆਫੀਸ਼ਲਾਂ ਦੀ ਵਧੀਆ ਕਾਰਗੁਜ਼ਾਰੀਆਂ ਕਰਨ ਵਾਲੇ ਅਫਸਰਾਂ ਵਿੱਚ ਆਪਣਾ ਨਾਮ ਦਰਜ ਕਰਵਾਇਆ ਹੈ। ਡਾ. ਸੁਰੇਸ਼ ਕੁਮਾਰ ਨੇ ਭਾਰਤੀ ਡਿਪਟੀ ਅੰਬੈਸਡਰ ਨੂੰ ਸੱਦਾ ਦਿੱਤਾ ਕਿ ਉਹ ਆਏ ਮਹਿਮਾਨਾਂ ਨੂੰ ਸੰਬੋਧਨ ਕਰਨ।ਅਮਿਤ ਕੁਮਾਰ ਡਿਪਟੀ ਚੀਫ ਮਿਸ਼ਨ ਭਾਰਤੀ ਅੰਬੈਸੀ ਨੇ ਕਿਹਾ ਕਿ ਭਾਰਤੀ ਕਮਿਊਨਿਟੀ ਨੇ ਅਮਰੀਕਾ ਵਿੱਚ ਅਜਿਹਾ ਨਾਮ ਕਮਾਇਆ ਹੈ ।ਇਹ ਹਰੇਕ ਖੇਤਰ ਵਿੱਚ

**ਬਾਕੀ ਸਫ਼ਾ 29 'ਤੇ**

# ਇਕ ਖ਼ੂਬਸੂਰਤ ਸਾਹਿਤਕ ਸ਼ਾਮ : ਕਵਿਤਾ ਕਾਨਫਰੰਸ ਦਾ ਐਲਾਨ

**ਮਨਟਿਕਾ/ਏ.ਟੀ. ਨਿਊਜ਼ :** ਬੀਤੇ ਸ਼ਨਿਚਰਵਾਰ ਤੰਦੂਰੀ ਗਰਿੱਲ (ਇੰਡੀਅਨ ਰੈਸਟੋਰੈਂਟ) ਮਨਟਿਕਾ ਵਿਖੇ ਇਕ ਖ਼ੂਬਸੂਰਤ ਸਾਹਿਤਕ ਸ਼ਾਮ ਦਾ ਆਯੋਜਨ ਕੀਤਾ ਗਿਆ। ਇਸ ਵਿਚ ਰਾਈਟਰਜ਼ ਕਲੱਬ ਚੰਡੀਗੜ੍ਹ ਦੇ ਕਨਵੀਨਰ ਬਲਵਿੰਦਰ ਸਿੰਘ ਉੱਤਮ ਤੇ ਪ੍ਰਸਿੱਧ ਕਹਾਣੀਕਾਰ ਅਮਰਜੀਤ ਚਾਹਲ ਨੇ ਵਿਸ਼ੇਸ਼ ਮਹਿਮਾਨਾਂ ਵਜੋਂ ਹਿੱਸਾ ਲਿਆ। ਇਸ ਸਮਾਗਮ ਦਾ ਆਗਾਜ਼ ਮਨਦੀਪ ਗੋਰਾ ਵੱਲੋਂ ਜੀ ਆਇਆਂ ਕਹਿਣ ਤੋਂ ਮਗਰੋਂ ਰੂਬਰੂ ਪ੍ਰੋਗਰਾਮ ਨਾਲ ਹੋਇਆ। ਬਲਵਿੰਦਰ ਸਿੰਘ ਨੇ ਚੰਡੀਗੜ੍ਹ ਦੀਆਂ ਸਾਹਿਤਕ ਗਤੀਵਿਧੀਆਂ ਬਾਰੇ ਦੱਸਦਿਆਂ ਆਪਣੇ ਰੈਸਟੋਰੈਂਟ ਉੱਤਮ ਵਿਚ ਹੁਣ ਤੱਕ ਸੰਪੰਨ ਹੋਏ ਤਿੰਨ ਸੌ ਦੇ ਕਰੀਬ ਸਾਹਿਤਕ ਪ੍ਰੋਗਰਾਮਾਂ ਦਾ ਜ਼ਿਕਰ ਬੜੇ ਮਾਣ ਤੇ ਫ਼ਖ਼ਰ ਨਾਲ ਕੀਤਾ। ਉਸਨੇ ਪਰਵਾਸੀ ਲੇਖਕਾਂ ਨੂੰ ਆਪਣੇ ਸਾਹਿਤਕ ਫੰਕਸ਼ਨ ਉੱਤਮ ਵਿਚ ਕਰਵਾਉਣ ਲਈ ਖੁੱਲ੍ਹਾ ਸੱਦਾ ਦਿੱਤਾ, ਜਿਸਦਾ ਭਰਪੂਰ ਸਵਾਗਤ ਹੋਇਆ। ਅਮਰਜੀਤ ਚਾਹਲ ਨੇ ਸਰੀ-ਵੈਨਕੂਵਰ ਖੇਤਰ ਦੀਆਂ ਸਾਹਿਤਕ ਸਰਗਰਮੀਆਂ ਬਾਰੇ ਗੱਲਬਾਤ ਕਰਦਿਆਂ ਆਪਣੀ ਸਿਰਜਨ ਪ੍ਰਕਿਰਿਆ ਬਾਰੇ ਅਰਥ-ਭਰਪੂਰ ਜਾਣਕਾਰੀ ਪ੍ਰਦਾਨ ਕੀਤੀ ਅਤੇ ਆਪਣੇ ਕਹਾਣੀ-ਸੰਗ੍ਰਹਿ ਬਾਹਰੋਂ ਆਇਆ ਆਦਮੀ ਦੀਆਂ ਪੁਸਤਕਾਂ ਭੇਂਟ ਕੀਤੀਆਂ।

ਕਵੀ ਦਰਬਾਰ ਦਾ ਆਰੰਭ ਹਰਪ੍ਰੀਤ ਕੌਰ ਧੂਤ ਦੀਆਂ ਤਾਜ਼ਾ ਕਾਵਿ-ਰਚਨਾਵਾਂ ਨਾਲ ਹੋਇਆ। ਫਿਰ ਹਰਜੀਤ ਹਠੂਰ, ਕੁਲਵੰਤ ਸੇਖੋਂ, ਤਾਰਾ ਸਾਗਰ, ਅਮਰਜੀਤ ਚਾਹਲ, ਪ੍ਰੋ. ਹਰਭਜਨ ਸਿੰਘ ਅਤੇ ਮਨਦੀਪ ਗੋਰਾ ਨੇ ਕਵਿਤਾਵਾਂ, ਗੀਤਾਂ ਅਤੇ ਗ਼ਜ਼ਲਾਂ ਦਾ ਅਜਿਹਾ ਖ਼ੂਬਸੂਰਤ ਰੰਗ ਬੰਨ੍ਹਿਆ ਕਿ ਸ਼ਾਮ ਦਾ ਰੰਗ ਗੂੜ੍ਹਾ ਸੁਰਮਈ ਹੋ ਕੇ ਸੰਦਲੀ ਬਣ ਗਿਆ ਅਤੇ ਫ਼ਿਜ਼ਾ ਸੰਗੀਤਮਈ ਹੋ ਕੇ ਝੂਮ ਉੱਠੀ। ਕਾਵਿ-ਰਚਨਾਵਾਂ ਦੇ ਪਾਠ ਦਾ ਇਕ ਹੋਰ ਸ਼ਾਨਦਾਰ ਦੌਰ ਚੱਲਿਆ, ਸਰੋਤਿਆਂ ਵੱਲੋਂ ਤਾਲੀਆਂ ਦੇ ਨਾਲ ਸਵਾਗਤ ਹੁੰਦਾ ਰਿਹਾ ਅਤੇ ਕਾਵਿ-ਮਹਿਫ਼ਲ ਸਿਖਰ ਤੇ ਪਹੁੰਚ ਕੇ ਚਹਿਕ ਮਹਿਕ ਉੱਠੀ।



ਪ੍ਰੋ. ਹਰਭਜਨ ਸਿੰਘ ਨੇ ਅਮਰੀਕੀ ਪਰਵਾਸੀ ਪੰਜਾਬੀ ਕਵਿਤਾ ਕਾਨਫਰੰਸ ਕਰਵਾਉਣ ਬਾਰੇ ਪ੍ਰਸਤਾਵ ਰੱਖਿਆ। ਇਸ ਬਾਰੇ ਖੁੱਲ੍ਹੇ ਵਿਚਾਰ ਵਟਾਂਦਰੇ ਤੋਂ ਬਾਅਦ ਇਹ ਪ੍ਰਸਤਾਵ ਸਰਬ-ਸੰਮਤੀ ਨਾਲ ਪ੍ਰਵਾਨ ਕਰ ਲਿਆ ਗਿਆ। ਕਵਿਤਾ ਕਾਨਫਰੰਸ ਦਾ ਇਹ ਪ੍ਰਯੋਜਨ ਤੇ ਸਮੁੱਚਾ ਪ੍ਰੋਗਰਾਮ ਕੈਲੀਫਰਨੀਆ ਦੇ ਸਾਰੇ ਸਾਹਿਤਕ ਸੰਗਠਨਾਂ ਦੇ ਸਹਿਯੋਗ ਨਾਲ ਨੇਪਰੇ ਚਾੜ੍ਹਨ ਦਾ ਫੈਸਲਾ ਵੀ ਸਰਬ-ਸੰਮਤੀ ਨਾਲ ਲਿਆ ਗਿਆ। ਇਹ ਵੀ ਤੈਅ ਕੀਤਾ ਗਿਆ ਕਿ ਇਹ ਕਾਨਫਰੰਸ ਗਦਰੀ ਬਾਬਿਆਂ ਦੀ ਕਵਿਤਾ ਨੂੰ ਸਮਰਪਿਤ ਹੋਵੇਗੀ ਤੇ ਅਗਲੇ ਸਾਲ ਜੁਲਾਈ ਦੇ ਅੰਤ ਜਾਂ ਅਗਸਤ ਮਹੀਨੇ ਦੇ ਆਰੰਭ ਵਿਚ ਕਰਵਾਈ ਜਾਵੇਗੀ। ਇਸ ਕਾਨਫਰੰਸ ਵਿਚ ਪੜ੍ਹਨ ਲਈ ਗਦਰੀ ਬਾਬਿਆਂ ਦੀ ਕਵਿਤਾ ਬਾਰੇ ਖੋਜ ਪੇਪਰ ਪ੍ਰਸਿੱਧ ਆਲੋਚਕ ਤੇ ਵਿਦਵਾਨ ਡਾ. ਧਨਵੰਤ ਕੌਰ ਵੱਲੋਂ ਤਿਆਰ ਕੀਤਾ ਜਾਵੇਗਾ। ਅਮਰੀਕੀ ਪੰਜਾਬੀ ਕਵਿਤਾ ਤੇ ਗ਼ਜ਼ਲ ਦੇ ਮੁਲੰਕਣ ਬਾਰੇ ਡਾ. ਜਸਵਿੰਦਰ ਸਿੰਘ ਤੇ ਸਮੁੱਚੇ ਅਮਰੀਕੀ ਪੰਜਾਬੀ ਸਾਹਿਤ ਬਾਰੇ ਡਾ. ਗੁਰਪਾਲ ਸੰਧੂ ਵਿਸ਼ੇਸ਼ ਖੋਜ ਪੇਪਰ ਲਿਖਣਗੇ।

ਅੰਤਿਮ ਦੌਰ ਵਿਚ ਪ੍ਰਿੰਸੀਪਲ ਹਰਨੇਕ ਸਿੰਘ ਨੇ ਦੋ ਮਿੰਨੀ ਕਹਾਣੀਆਂ: ਤੇਰੇ ਨਾਲ ਤਾਂ ਨਹੀਂ ਲੜਦਾ ਤੇ ਮਾਂ ਦੀ ਕੁੱਖ ਪੜ੍ਹ ਕੇ ਸੁਣਾਈਆਂ। ਹਰਜੀਤ ਹਠੂਰ ਵੱਲੋਂ ਦੋ ਮਿੰਨੀ ਕਹਾਣੀਆਂ: ਛੱਤ ਤੇ ਆਜ਼ਾਦੀ ਪੇਸ਼ ਕੀਤੀਆਂ ਗਈਆਂ। ਅਮਰਜੀਤ ਚਾਹਲ ਨੇ ਛੋਟੀ ਕਹਾਣੀ ਆਜ਼ਾਦੀ ਦਾ ਦਿਨ ਪੜ੍ਹ ਕੇ ਸੁਣਾਈ। ਸਰੋਤਿਆਂ ਵਜੋਂ ਹਿੰਦੀ ਨਾਵਲਕਾਰ ਪੀ. ਭਾਨੂੰ, ਪੰਜਾਬੀ ਸਾਹਿਤ ਸਭਾ ਸਟਾਕਟਨ ਦੀ ਵਰਤਮਾਨ ਆਰਗੇਨਾਈਜ਼ਰ ਗੁਰਪ੍ਰੀਤ ਕੌਰ ਤੇ ਸਾਬਕਾ ਆਰਗੇਨਾਈਜ਼ਰ ਮਨਜੀਤ ਕੌਰ ਸੰਧੂ ਦੇ ਇਲਾਵਾ; ਮਾਨਵਜੀਤ ਸਿੰਘ, ਹਰਸ਼ਰਨ ਸਿੰਘ, ਬੀਬੀ ਅਜੀਤ ਕੌਰ, ਸ੍ਰੀਮਤੀ ਰਮੇਸ਼ ਸਾਗਰ ਆਦਿ ਨੇ ਸਰਗਰਮ ਹਿੱਸਾ ਲਿਆ। ਮਨਦੀਪ ਗੋਰਾ ਨੇ ਸਮੁੱਚੇ ਪ੍ਰੋਗਰਾਮ ਦੇ ਮੰਚ ਸੰਚਾਲਨ ਦੀ ਕਾਰਵਾਈ ਕਾਵਿਕ ਅੰਦਾਜ਼ ਵਿਚ ਬਾਖ਼ੂਬੀ ਨਿਭਾਈ। ਇਸ ਖ਼ੂਬਸੂਰਤ ਸਾਹਿਤਕ ਸ਼ਾਮ ਦਾ ਸਭ ਹਾਜ਼ਰੀਨ ਨੇ ਪੂਰਾ ਲੁਤਫ਼ ਮਾਣਿਆ।


A-ONE EXPRESS

ਸਾਨੂੰ ਤਜ਼ਰਬੇਕਾਰ ਡਰਾਈਵਰਾਂ ਅਤੇ ਓਨਰ ਅਪਰੇਟਰਾਂ ਦੀ ਲੋੜ ਹੈ

- ਲੰਬਾ ਸਮਾਂ ਕੰਮ ਕਰਨ ਵਾਲੇ ਡਰਾਈਵਰ ਵੀ ਟਰੇਂਡ ਕੀਤੇ ਜਾਂਦੇ ਹਨ
- ਕੈਲੀਫੋਰਨੀਆ ਤੋਂ ਮਿਡਵੈਸਟ, ਨਾਰਥ-ਈਸਟ, ਸਾਊਥ-ਈਸਟ
- ਸੌਖੇ ਲੋਡ, ਚੰਗੇ ਪੈਸੇ ਅਤੇ ਤਨਖ਼ਾਹ ਸਮੇਂ ਸਿਰ
- 50% ਹੁੱਕ ਡਰਾਪ
- Excellent Payment
- Easy Aboard ELD Logbook



ਪਿਛਲੇ 20 ਸਾਲਾਂ ਤੋਂ ਲਗਾਤਾਰ ਕੰਮ ਕਰਨ ਦਾ ਤਜ਼ਰਬਾ

MC NO. # 464630

3096 Farrar Ave Modesto, CA 95354

TAX ID #32-0065398

ਹੋਰ ਜਾਣਕਾਰੀ ਲਈ ਮਨਜੀਤ ਸਿੰਘ ਜਾਂ ਸੰਦੀਪ ਸਿੰਘ ਨਾਲ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ

TOLL FREE 888.725.7441 OFFICE: 209.537.0975 FAX: 209.537.0375

# ਯੂਨੀਵਰਸਿਟੀਆਂ ਵਿੱਚ ਹੋ ਰਹੀ ਹਿੰਸਾ ਦੇ ਮੁੱਦੇ ’ਤੇ ਵਿਰੋਧੀ ਪਾਰਟੀਆਂ ਰਾਸ਼ਟਰਪਤੀ ਭਵਨ ਪੁੱਜੀਆਂ

**ਨਵੀਂ ਦਿੱਲੀ/ਏ.ਟੀ .ਨਿਊਜ਼ :** ਕਾਂਗਰਸ ਸਮੇਤ ਹੋਰਨਾਂ ਵਿਰੋਧੀ ਪਾਰਟੀਆਂ ਦੇ ਆਗੂਆਂ ਨੇ ਰਾਸ਼ਟਰਪਤੀ ਰਾਮ ਨਾਥ ਕੋਵਿੰਦ ਦੇ ਦਰਾਂ ‘ਤੇ ਦਸਤਕ ਦਿੰਦਿਆਂ ਕੇਂਦਰੀ ਯੂਨੀਵਰਸਿਟੀਆਂ ਵਿੱਚ ਹੋ ਰਹੀ ਹਿੰਸਾ ਦੇ ਮੁੱਦੇ ‘ਤੇ ਦਖ਼ਲ ਦੀ ਮੰਗ ਕੀਤੀ ਹੈ। ਆਗੂਆਂ ਨੇ ਰਾਸ਼ਟਰਪਤੀ ਨੂੰ ਅਪੀਲ ਕੀਤੀ ਕਿ ਉਹ ਮੋਦੀ ਸਰਕਾਰ ਨੂੰ ‘ਗ਼ੈਰਸੰਵਿਧਾਨਕ ਤੇ ਵੰਡੀਆਂ ਪਾਉਣ ਵਾਲੇ’ ਨਾਗਰਿਕਤਾ ਸੋਧ ਕਾਨੂੰਨ ਨੂੰ ਵਾਪਸ ਲੈਣ ਦੀ ਸਲਾਹ ਦੇਣ। ਵਫ਼ਦ ਵਿੱਚ ਕਾਂਗਰਸ, ਸੀਪੀਐੱਮ, ਸੀਪੀਆਈ, ਡੀਐੱਮਕੇ, ਸਪਾ, ਟੀਐੱਮਸੀ, ਆਰਜੇਡੀ ਸਮੇਤ 12 ਪਾਰਟੀਆਂ ਦੇ ਆਗੂ ਸ਼ਾਮਲ ਸਨ।

ਵਿਰੋਧੀ ਪਾਰਟੀਆਂ ਦੇ ਵਫ਼ਦ ਦੀ ਅਗਵਾਈ ਕਰਨ ਵਾਲੀ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਨੇ ਮੁਲਾਕਾਤ ਮਗਰੋਂ ਰਾਸ਼ਟਰਪਤੀ ਭਵਨ ਦੇ ਬਾਹਰ ਪੱਤਰਕਾਰਾਂ ਦੇ ਰੂਬਰੂ ਹੁੰਦਿਆਂ ਕਿਹਾ ਕਿ ਮੋਦੀ ਸਰਕਾਰ ਲੋਕਾਂ ਦੀ ਆਵਾਜ਼ ਨੂੰ ਕਥਿਤ ‘ਦਬਾਉਣ’ ਲਈ ਹੀ ਅਜਿਹੇ ਕਾਨੂੰਨ ਲਿਆ ਰਹੀ ਹੈ, ਜੋ ਉਨ੍ਹਾਂ ਨੂੰ ਸਵੀਕਾਰ ਨਹੀਂ ਹਨ। ਉਨ੍ਹਾਂ ਕਿਹਾ, ‘12 ਵੱਖ ਵੱਖ ਸਿਆਸੀ ਪਾਰਟੀਆਂ ਦੇ ਨੁਮਾਇੰਦਿਆਂ ਨੇ ਅੱਜ ਰਾਸ਼ਟਰਪਤੀ ਕੋਵਿੰਦ ਨਾਲ ਮੁਲਾਕਾਤ ਕਰਕੇ ਉਨ੍ਹਾਂ ਤੋਂ ਉੱਤਰ-ਪੂਰਬ ਵਿੱਚ ਬਣੇ ਹਾਲਾਤ ‘ਤੇ ਦਖ਼ਲ ਮੰਗਿਆ ਹੈ। ਨਾਗਰਿਕਤਾ ਸੋਧ ਐਕਟ ਖ਼ਿਲਾਫ਼ ਹੋ ਰਹੇ ਹਿੰਸਕ ਪ੍ਰਦਰਸ਼ਨ ਹੌਲੀ ਹੌਲੀ ਕੌਮੀ ਰਾਜਧਾਨੀ ਸਮੇਤ ਦੇਸ਼ ਦੇ ਹੋਰਨਾਂ ਹਿੱਸਿਆਂ ‘ਚ ਫੈਲ ਰਹੇ ਹਨ। ਇਹ ਬਹੁਤ ਸੰਜੀਦਾ ਹਾਲਾਤ ਹਨ। ਸਾਨੂੰ ਡਰ ਹੈ ਕਿ ਇਹ ਅਜੇ ਹੋਰ ਫੈਲਣਗੇ।‘ ਸੋਨੀਆ ਨੇ ਕਿਹਾ, ‘ਮੈਨੂੰ ਲਗਦਾ ਹੈ ਕਿ ਤੁਸੀਂ ਸਾਰਿਆਂ ਨੇ ਅੱਖੀਂ ਵੇਖ ਲਿਆ ਹੈ ਕਿ ਜਦੋਂ ਕਦੇ ਵੀ ਲੋਕਾਂ ਦੀ ਆਵਾਜ਼ ਦਬਾਉਣ ਤੇ ਕਿਸੇ ਕਾਨੂੰਨ, ਜੋ ਜਮਹੂਰੀਅਤ ਵਿੱਚ ਲੋਕਾਂ ਨੂੰ ਸਵੀਕਾਰ ਨਹੀਂ, ਨੂੰ ਲਾਗੂ ਕਰਨ ਦੀ ਗੱਲ ਤੁਰਦੀ ਹੈ ਤਾਂ ਭਾਜਪਾ ਸਰਕਾਰ ਭਾਵ ਮੋਦੀ ਸਰਕਾਰ ਕਿਸੇ ਵੀ ਹੱਦ ਤਕ ਜਾ ਸਕਦੀ ਹੈ।‘ ਸੀਪੀਐੱਮ ਦੇ ਆਗੂ ਸੀਤਾਰਾਮ ਯੇਚੁਰੀ ਨੇ ਕਿਹਾ ਕਿ ਰਾਸ਼ਟਰਪਤੀ ਸੰਵਿਧਾਨ ਦਾ ਰਖਵਾਲਾ ਹੁੰਦਾ ਹੈ। ਉਨ੍ਹਾਂ ਕਿਹਾ, ‘ਅਸੀਂ ਰਾਸ਼ਟਰਪਤੀ ਨੂੰ ਕਿਹਾ ਕਿ ਉਹ ਢੀਠਪੁਣੇ ਨਾਲ ਕੀਤੀ ਜਾ ਰਹੀ ਸੰਵਿਧਾਨ ਦੀ ਉਲੰਘਣਾ ਨੂੰ ਰੋਕਣ। ਅਸੀਂ ਉਨ੍ਹਾਂ ਨੂੰ ਅਪੀਲ ਕੀਤੀ ਕਿ ਉਹ ਸਰਕਾਰ ਨੂੰ ਇਹ ਕਾਨੂੰਨ ਵਾਪਸ ਲੈਣ ਦੀ ਸਲਾਹ ਦੇਣ।‘ ਕਾਂਗਰਸ ਆਗੂ ਗੁਲਾਮ ਨਬੀ ਆਜ਼ਾਦ ਨੇ ਕਿਹਾ ਕਿ ਇਹ ਕਾਨੂੰਨ ਵੰਡੀਆਂ ਪਾਉਣ ਵਾਲਾ ਤੇ ਦੇਸ਼ ਹਿੱਤਾਂ ਦੇ ਖ਼ਿਲਾਫ਼ ਹੈ। ਟੀਐੱਮਸੀ ਆਗੂ ਡੈਰੇਕ ਓਬ੍ਰਾਇਨ ਨੇ ਕਿਹਾ, ‘ਅਸੀਂ ਰਾਸ਼ਟਰਪਤੀ ਨੂੰ ਇਸ ਵੰਡੀਆਂ ਪਾਉਣ ਵਾਲੇ ਤੇ ਨਿਰਦਈ ਐਕਟ ਨੂੰ ਵਾਪਸ ਲੈਣ ਦੀ ਮੰਗ ਕੀਤੀ ਹੈ। ਇਹ ਐਕਟ ਸਭ ਤੋਂ ਵੱਧ ਗਰੀਬਾਂ ਨੂੰ ਨੁਕਸਾਨ ਕਰੇਗਾ।‘ ਸਮਾਜਵਾਦੀ ਪਾਰਟੀ ਦੇ ਆਗੂ ਰਾਮ ਗੋਪਾਲ ਯਾਦਵ ਨੇ ਕਿਹਾ ਕਿ ਇਹ ਕਾਨੂੰਨ ਦੇਸ਼ ਨੂੰ ਵੰਡੀਆਂ ਵੱਲ ਲਿਜਾਏਗਾ। ਇਸ ਕਾਨੂੰਨ ਨੇ ਲੋਕਾਂ ਦੇ ਮਨਾਂ ‘ਚ ਡਰ ਪੈਦਾ ਕੀਤਾ ਹੈ ਤੇ ਇਸ ਦੇ ਮਾੜੇ ਨਤੀਜੇ ਨਿਕਲਣਗੇ।



## ਪੁਲੀਸ ਕਾਰਵਾਈ ਨੇ ਜੱਲਿਆਂਵਾਲਾ ਕਾਂਡ ਚੇਤੇ ਕਰਵਾਇਆ: ਊਧਵ

**ਨਾਗਪੁਰ/ਏ.ਟੀ .ਨਿਊਜ਼,** ਮਹਾਰਾਸ਼ਟਰ ਦੇ ਮੁੱਖ ਮੰਤਰੀ ਊਧਵ ਠਾਕਰੇ ਨੇ ਜਾਮੀਆ ਮਿਲੀਆ ਇਸਲਾਮੀਆ ਯੂਨੀਵਰਸਿਟੀ ਦੇ ਵਿਦਿਆਰਥੀਆਂ ‘ਤੇ ਪੁਲੀਸ ਕਾਰਵਾਈ ਨੂੰ ਜੱਲਿਆਂਵਾਲਾ ਬਾਗ ਕਾਂਡ ਦੇ ਬਰਾਬਰ ਦੱਸਿਆ ਹੈ। ਸ੍ਰੀ ਠਾਕਰੇ ਨੇ ਕਿਹਾ ਕਿ ਨੌਜਵਾਨ ਬੰਬ ਵਾਂਗ ਹਨ ਜਿਨ੍ਹਾਂ ਨੂੰ ਫਟਣ ਨਹੀਂ ਦੇਣਾ ਚਾਹੀਦਾ। ਵਿਧਾਨ ਭਵਨ ਦੇ ਬਾਹਰ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਅਜਿਹੀ ਕਾਰਵਾਈਆਂ ਨਾਲ ‘ਡਰ ਦਾ ਮਾਹੌਲ’ ਬਣਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ,“ਜਿਸ ਢੰਗ ਨਾਲ ਪੁਲੀਸ ਨੇ ਯੂਨੀਵਰਸਿਟੀ ਅੰਦਰ ਜਬਰੀ ਦਾਖ਼ਲ ਹੋ ਕੇ ਵਿਦਿਆਰਥੀਆਂ ‘ਤੇ ਗੋਲੀਆਂ ਚਲਾਈਆਂ, ਉਸ ਤੋਂ ਜੱਲਿਆਂਵਾਲਾ ਬਾਗ ਕਾਂਡ ਚੇਤੇ ਆ ਗਿਆ। ਨੌਜਵਾਨਾਂ ਦੇ ਦਿਲਾਂ ‘ਚ ਡਰ ਪੈਦਾ ਕੀਤਾ ਜਾ ਰਿਹਾ ਹੈ।“ ਮੁੱਖ ਮੰਤਰੀ ਨੇ ਕਿਹਾ ਕਿ ਜਿਸ ਮੁਲਕ ‘ਚ ਨੌਜਵਾਨ ਪ੍ਰੇਸ਼ਾਨ ਹਨ, ਉਹ ਕਦੇ ਵੀ ਸਥਿਰ ਨਹੀਂ ਰਹਿ ਸਕਦਾ ਹੈ। ਉਨ੍ਹਾਂ ਪ੍ਰਧਾਨ ਮੰਤਰੀ ਨੂੰ ਕਿਹਾ ਕਿ ਉਹ ਨੌਜਵਾਨਾਂ ਨੂੰ ਅਸਥਿਰ ਕਰਨ ਦੀ ਕੋਸ਼ਿਸ਼ ਨਾ ਕਰਨ। ਉਧਰ ਭਾਜਪਾ ਦੇ ਸੀਨੀਅਰ ਆਗੂ ਦੇਵੇਂਦਰ ਫੜਨਵੀਸ ਨੇ ਊਧਵ ਠਾਕਰੇ ਵੱਲੋਂ ਜਾਮੀਆ ਮਿਲੀਆ ਇਸਲਾਮੀਆ ਯੂਨੀਵਰਸਿਟੀ ‘ਚ ਵਿਦਿਆਰਥੀਆਂ ‘ਤੇ ਪੁਲੀਸ ਕਾਰਵਾਈ ਦੀ ਤੁਲਨਾ ਜੱਲਿਆਂਵਾਲਾ ਬਾਗ ਕਾਂਡ ਨਾਲ ਕਰਨ ਦੇ ਬਿਆਨ ਨੂੰ ‘ਸ਼ਹੀਦਾਂ ਦਾ ਵੱਡਾ ਅਪਮਾਨ’ ਦੱਸਿਆ ਹੈ। ਸਾਬਕਾ ਮੁੱਖ ਮੰਤਰੀ ਨੇ ਕਿਹਾ ਕਿ ਅਜਿਹੇ ਪ੍ਰਦਰਸ਼ਨਾਂ ਨੂੰ ਉਤਸ਼ਾਹਿਤ ਕਰਕੇ ਸ਼ਿਵ ਸੈਨਾ ਨੇ ਦਿਖਾ ਦਿੱਤਾ ਹੈ ਕਿ ਉਹ ‘ਨਿੱਜੀ ਲਾਲਚ’ ਲਈ ਕਿੰਨਾਂ ਹੇਠਾਂ ਡਿੱਗ ਸਕਦੀ ਹੈ।

## ਜਾਮੀਆ ਤੇ ਏਐੱਮਯੂ ਵਿਦਿਆਰਥੀਆਂ ਦੇ ਹੱਕ ’ਚ ਨਿੱਤਰੀਆਂ ਵਿਦੇਸ਼ੀ ਯੂਨੀਵਰਸਿਟੀਆਂ

**ਨਵੀਂ ਦਿੱਲੀ/ਏ.ਟੀ .ਨਿਊਜ਼**

ਆਕਸਫੋਰਡ ਤੇ ਹਾਵਰਡ ਸਮੇਤ ਕਈ ਵਿਦੇਸ਼ੀ ਯੂਨੀਵਰਸਿਟੀਆਂ, ਜਾਮੀਆ ਮਿਲੀਆ ਇਸਲਾਮੀਆ ਯੂਨੀਵਰਸਿਟੀ ਤੇ ਅਲੀਗੜ੍ਹ ਮੁਸਲਿਮ ਯੂਨੀਵਰਸਿਟੀ ਦੇ ਵਿਦਿਆਰਥੀਆਂ ਦੇ ਹੱਕ ਵਿੱਚ ਨਿੱਤਰ ਆਈਆਂ ਹਨ। ਆਕਸਫੋਰਡ, ਹਾਵਰਡ ਤੇ ਯੇਲ ਅਤੇ ਐੱਮਆਈਟੀ ਸਮੇਤ ਅਮਰੀਕਾ ਦੀਆਂ ਵੱਖ ਵੱਖ ਯੂਨੀਵਰਸਿਟੀਆਂ ਦੇ ਚਾਰ ਸੌ ਤੋਂ ਵਧ ਵਿਦਿਆਰਥੀਆਂ ਨੇ ਇਕ ਸਾਂਝੇ ਬਿਆਨ ਵਿੱਚ ਜਾਮੀਆ ਤੇ ਏਐੱਮਯੂ ਵਿਦਿਆਰਥੀਆਂ ਨਾਲ ਇਕਜੁੱਟਤਾ ਦਾ ਪ੍ਰਗਟਾਵਾ ਕਰਦਿਆਂ ਦਿੱਲੀ ਪੁਲੀਸ ਵੱਲੋਂ ਕੀਤੇ ਲਾਠੀਚਾਰਜ ਦੀ ਨਿਖੇਧੀ ਕੀਤੀ ਹੈ। ਵਿਦੇਸ਼ੀ ਯੂਨੀਵਰਸਿਟੀਆਂ ਦੇ ਵਿਦਵਾਨਾਂ ਨੇ ਬਿਆਨ ਵਿੱਚ ਕਿਹਾ ਕਿ ਪੁਲੀਸ ਦੀ ਇਹ ਕਾਰਵਾਈ ਭਾਰਤੀ ਸੰਵਿਧਾਨ ਤਹਿਤ ਮਿਲੇ ਅਧਿਕਾਰਾਂ ਤੇ ਕੌਮਾਂਤਰੀ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਹੈ। ਆਕਸਫੋਰਡ ਯੂਨੀਵਰਸਿਟੀ ਦੇ ਵਿਦਿਆਰਥੀਆ ਨੇ ਲੰਡਨ ਵਿੱਚ ਇੰਡੀਆ ਹਾਊਸ ਦੇ ਬਾਹਰ ਰੋਸ ਮੁਜ਼ਾਹਰਾ ਵੀ ਕੀਤਾ। ਇਸ ਦੌਰਾਨ ਕੋਲੰਬੀਆ ਯੂਨੀਵਰਸਿਟੀ ਦੇ ਵਿਦਿਆਰਥੀਆਂ ਤੇ ਅਧਿਆਪਕਾਂ ਨੇ ਵੀ ਇਕ ਬਿਆਨ ਜਾਰੀ ਕਰਕੇ ਇਕਜੁਟਤਾ ਵਿਖਾਈ ਹੈ। ਇਸੇ ਤਰ੍ਹਾਂ ਬਰਲਿਨ ਤੇ ਜਿਊਰਿਖ਼ ਵਿੱਚ ਵੀ ਧਰਨੇ ਪ੍ਰਦਰਸ਼ਨ ਵਿਉਂਤੇ ਗਏ ਹਨ।

ਇਸ ਦੌਰਾਨ ਅਰੁੰਧਤੀ ਰੌਇ, ਦੇਵਦੱਤ ਪਟਨਾਇਕ ਤੇ ਰਾਮਚੰਦਰ ਗੁਹਾ ਜਿਹੇ ਲੇਖਕਾਂ ਨੇ ਨਾਗਰਿਕਤਾ ਸੋਧ ਐਕਟ ਦਾ ਵਿਰੋਧ ਕਰਦਿਆਂ ਇਸ ਨੂੰ ‘ਸੰਵਿਧਾਨ ਦੀ ਰੀੜ੍ਹ ਦੀ ਹੱਡੀ ਤੋੜਨ’ ਵਾਲਾ ਕਾਨੂੰਨ ਦੱਸਿਆ ਹੈ। ਉਨ੍ਹਾਂ ਜਾਮੀਆ ਤੇ ਅਲੀਗੜ੍ਹ ਮੁਸਲਿਮ ਯੂਨੀਵਰਸਿਟੀ ਦੇ ਵਿਦਿਆਰਥੀਆਂ ਖਿਲਾਫ਼ ਪੁਲੀਸ ਕਾਰਵਾਈ ਦੀ ਨੁਕਤਾਚੀਨੀ ਕੀਤੀ। ਚੇਤਨ ਭਗਤ ਨੇ ਚਿਤਾਵਨੀ ਦਿੱਤੀ ਕਿ ਇਹ ਕਾਨੂੰਨ ਮੁਲਕ ਨੂੰ ਅੱਗ ਵਿੱਚ ਝੋਕ ਦੇਵੇਗਾ। ਭਗਤ ਨੇ ਕਿਹਾ ਕਿ ਸਰਕਾਰ ਨੌਜਵਾਨਾਂ ਦੇ ਸੰਜਮ ਦਾ ਇਮਤਿਹਾਨ ਨਾ ਲਏ। ਉਧਰ ਬੌਲੀਵੁੱਡ ਨਾਲ ਜੁੜੀਆਂ ਹਸਤੀਆਂ ਮੁਹੰਮਦ ਜ਼ੀਸ਼ਾਨ ਅਯੂਬ, ਪਰਿਨੀਤੀ ਚੋਪੜਾ, ਹੁਮਾ ਕੁਰੈਸ਼ੀ, ਵਿਸ਼ਾਲ ਭਾਰਦਵਾਜ, ਸਿਧਾਰਥ ਮਲਹੋਤਰਾ, ਲੇਖਕ ਜਾਵੇਦ ਅਖ਼ਤਰ ਨੇ ਜਾਮੀਆ ਦੇ ਵਿਦਿਆਰਥੀਆਂ ਦੀ ਹਮਾਇਤ ਕੀਤੀ ਹੈ।


ALL STATE INSURANCE
Allstate You're in good hands.
ਕਿਸੇ ਕਿਸਮ ਦੀ ਇਨਸ਼ੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS
Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544





CAPITAL SERVICES
Capital services
ਸਾਰੀਆਂ ਸੇਵਾਵਾਂ ਇਕੋ ਥਾਂ
- ਇੰਡੀਅਨ ਪਾਸਪੋਰਟ
- ਇੰਡੀਅਨ ਵੀਜ਼ਾ, OCI
- ਮੁਖਤਿਆਰਨਾਮਾ
- ਇਮੀਗਰੇਸ਼ਨ ਸਰਵਿਸਜ਼
- ਸਿਟੀਜਨ, ਗਰੀਨ ਕਾਰਡ
- ਫੈਮਲੀ ਪਟੀਸ਼ਨ

ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਇਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ

ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿੰਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ

Call, Banga (916) 427-4321, Fax (916) 258-0441
Email : sacramento99@yahoo.co, website: capitalservices.us





CIS CALIFORNIA IMMIGRATION SERVICES
(Registered & Bonded)
- FAMILY IMMIGRATION
- GREEN CARD PETITION
- CITIZENSHIP
- OCI CARD / INDIAN PASSPORT
- BUSINESS / VISITOR VISA
- STUDENT VISA
- RELIGIOUS VISA
- U.K. VISA
- CANADA VISA & P.R.







Rosy (Kanwal) Kaur
Immigration Consultant / LDA
CALL FOR FREE INITIAL CONSULTATION !
Ph: 510-573-3666, 408-422-8585
Fremont Office: 4127 Bay Street, Suite 5 | Tracy Office: 68 E 11th St., Suite 103
Yuba City Office: 1650 Sierra Ave. Suite 206, CA 95993
www.caials.com rosy@caials.com

## ਲੋੜਵੰਦ ਪਰਿਵਾਰਾਂ ਦੇ ਬੱਚਿਆਂ ਦੀ ਪੜ੍ਹਾਈ ਲਈ ਸਿੱਖ ਹਿਊਮਨ ਡਿਵੈਲਪਮੈਂਟ ਫਾਊਂਡੇਸ਼ਨ ਵੱਲੋਂ 540 ਡਾਲਰ ਮਦਦ ਦਾ ਐਲਾਨ



**ਵਾਸ਼ਿੰਗਟਨ ਡੀ.ਸੀ/(ਰਾਜ ਗੋਗਨਾ)**
ਪਿਛਲੇ ਕਈ ਸਾਲਾਂ ਤੋਂ ਪੰਜਾਬ ਦੇ ਗਰੀਬ ਲੋੜਵੰਦ ਪਰਿਵਾਰਾਂ ਦੇ ਨੌਜਵਾਨ ਬੱਚਿਆਂ ਦੀ ਪੜ੍ਹਾਈ ਲਈ ਵਾਸ਼ਿੰਗਟਨ ਦੀ ਜਥੇਬੰਦੀ ਸਿੱਖ ਹਿਊਮਨ ਡਿਵੈਲਪਮੈਂਟ ਫਾਊਂਡੇਸ਼ਨ ਨਾਂ ਦੀ ਜਥੇਬੰਦੀ ਵੱਲੋਂ 540 ਡਾਲਰ ਦੇ ਵਜ਼ੀਫ਼ੇ ਨਾਲ ਹਰ ਸਾਲ ਹਰ ਇੱਕ ਲਾਇਕ ਨੌਜਵਾਨ ਦੀ ਮਦਦ ਕੀਤੀ ਜਾਂਦੀ ਹੈ।ਇਹ ਜਾਣਕਾਰੀ ਅਮਰੀਕਾ ਦੇ ਵਾਸ਼ਿੰਗਟਨ ’ਚ ਸਥਿਤ ਹਿਊਮਨ ਡਿਵੈਲਪਮੈਂਟ ਫਾਊਂਡੇਸ਼ਨ ਨਾਂ ਦੀ ਜਥੇਬੰਦੀ ਵੱਲੋਂ ਦਿੱਤੀ ਗਈ।

ਜਥੇਬੰਦੀ ਦੇ ਆਗੂਆਂ ਨੇ ਦੱਸਿਆ ਕਿ ਪੰਜਾਬ ’ਚ 6500 ਤੋਂ ਵੱਧ ਬੱਚਿਆਂ ਨੂੰ ਡਿਗਰੀ ਕੋਰਸ ਕਰਵਾ ਕੇ ਪ੍ਰੋਫੈਸ਼ਨਲ ਬਣਾ ਦਿੱਤਾ ਗਿਆ ਹੈ ਅਤੇ 3500 ਦੇ ਕਰੀਬ ਬੱਚੇ ਗ੍ਰੈਜੂਏਟ ਵੀ ਹੋ ਚੁੱਕੇ ਹਨ ਅਤੇ ਕਈ ਆਪਣੇ ਕੰਮ ’ਤੇ ਵੀ ਲੱਗ ਗਏ ਹਨ। ਇਨ੍ਹਾਂ ਵਿੱਚੋਂ ਕਈ ਮੈਡੀਕਲ ਡਾਕਟਰ, ਨਰਸ, ਆਈ.ਟੀ. ਮਾਹਾਰ, ਵਕੀਲ, ਅਤੇ ਅਫਸਰ ਬਣ ਗਏ ਹਨ। ਜਿਨ੍ਹਾਂ ’ਚ 65% ਪਿੰਡਾਂ ਦੇ ਬੱਚੇ ਹਨ ਅਤੇ 70% ਕੁੜੀਆਂ ਹਨ ਜਿਨ੍ਹਾਂ ਨੂੰ ਵਜ਼ੀਫ਼ਾ ਦਿੱਤਾ ਜਾਂਦਾ ਹੈ। ਜਥੇਬੰਦੀ ਨੇ ਇਹ ਵੀ ਦੱਸਿਆ ਕਿ ਇਸ ਸਾਲ ਦੇ ਅਖੀਰ ’ਚ ਕੋਈ ਵੀ ਆਪਣੇ ਇੱਕ ਬੱਚੇ ਦੀ ਪੜ੍ਹਾਈ ਲਈ ਸਪਾਂਸਰ ਕਰ ਸਕਦਾ ਹੈ।

## ਰੰਧਾਵਾ ਕੈਲੀਫੋਰਨੀਆ ਨੌਰਥ ਸਟੇਟ ਯੂਨੀਵਰਸਿਟੀ ਦੇ ਪ੍ਰੈਜ਼ੀਡੈਂਟ ਸਲਾਹਕਾਰ ਕੌਂਸਲ ਦੇ ਮੈਂਬਰ ਨਾਮਜ਼ਦ

**ਸੈਕਰਾਮੈਂਟੋ/ਏ.ਟੀ. ਨਿਊਜ਼ :** ਐਲਕ ਗਰੋਵ ਸਿਟੀ ਵਿਖੇ ਲਗਭਗ 1 ਬਿਲੀਅਨ ਡਾਲਰ ਦੇ ਬਜਟ ਦਾ ਮੈਡੀਕਲ ਯੂਨੀਵਰਸਿਟੀ ਅਤੇ ਹਸਪਤਾਲ ਉਸਾਰਿਆ ਜਾ ਰਿਹਾ ਹੈ। ਇਸ ਯੂਨੀਵਰਸਿਟੀ ਦਾ ਕੁੱਝ ਹਿੱਸਾ ਪਹਿਲਾਂ ਹੀ ਸ਼ੁਰੂ ਹੋ ਚੁੱਕਾ ਹੈ, ਜਿੱਥੇ ਕਿ ਵਿਦਿਆਰਥੀ ਮੈਡੀਕਲ ਦੀ ਸਿੱਖਿਆ ਪ੍ਰਾਪਤ ਕਰ ਰਹੇ ਹਨ। ਪਰ ਆਉਣ ਵਾਲੇ ਸਮੇਂ ਵਿਚ ਇਸ ਨੂੰ ਬਹੁਤ ਵੱਡੇ ਅਦਾਰੇ ਦਾ ਰੂਪ ਦਿੱਤਾ ਜਾ ਰਿਹਾ ਹੈ। ਕੈਲੀਫੋਰਨੀਆ ਨੌਰਥ ਸਟੇਟ ਯੂਨੀਵਰਸਿਟੀ ਦੇ ਪ੍ਰੈਜ਼ੀਡੈਂਟ ਅਤੇ ਸੀ.ਈ.ਓ. ਐਲਵਿਨ ਚਿਓਂਗ ਨੇ ਇਸ ਕਾਰਜ ਲਈ ਇਕ ਕਮੇਟੀ ਦਾ ਗਠਨ ਕੀਤਾ ਹੈ, ਜਿਸ ਵਿਚ ਪੰਜਾਬੀ ਭਾਈਚਾਰੇ ਵਿਚੋਂ ਗੁਰਜਤਿੰਦਰ ਸਿੰਘ ਰੰਧਾਵਾ ਨੂੰ ਨਾਮਜ਼ਦ ਕੀਤਾ ਗਿਆ ਹੈ। ਇਸ ਤੋਂ ਇਲਾਵਾ ਹੋਰ ਵੀ ਵੱਖ-ਵੱਖ ਭਾਈਚਾਰੇ ਦੇ ਲੋਕਾਂ ਨੂੰ ਸ਼ਾਮਲ ਕੀਤਾ ਗਿਆ ਹੈ। ਇਸ ਦੀ ਪਹਿਲੀ ਮੀਟਿੰਗ ਯੂਨੀਵਰਸਿਟੀ



ਦੇ ਐਗਜ਼ੈਕਟਿਵ ਕਾਨਫਰੰਸ ਰੂਮ ਵਿਚ ਹੋਈ, ਜਿਸ ਦੀ ਪ੍ਰਧਾਨਗੀ ਖੁਦ ਐਲਵਿਨ ਚਿਓਂਗ ਨੇ ਕੀਤੀ। ਇਸ ਮੌਕੇ ਉਨ੍ਹਾਂ ਯੂਨੀਵਰਸਿਟੀ ਦੇ ਮਿੱਥੇ ਪ੍ਰਾਜੈਕਟਾਂ ਬਾਰੇ ਵਿਸਥਾਰ ਨਾਲ ਦੱਸਿਆ ਅਤੇ ਨਵੀਂ ਐਡਵਾਇਜ਼ਰੀ ਕੌਂਸਲ ਮੈਂਬਰਾਂ ਕੋਲੋਂ ਮਸ਼ਵਰੇ ਵੀ ਲਏ।

ਜ਼ਿਕਰਯੋਗ ਹੈ ਕਿ ਇਹ ਬਹੁਮੰਜ਼ਲੀ ਇਮਾਰਤ 100 ਏਕੜ ਵਿਚ ਬਣਾਈ ਜਾ ਰਹੀ ਹੈ, ਜਿਸ ਵਿਚ 255 ਬੈੱਡ ਦਾ ਹਸਪਤਾਲ ਵੀ ਹੋਵੇਗਾ ਅਤੇ ਇਸ ਤੋਂ ਇਲਾਵਾ 30 ਬੈੱਡ ਦਾ ਐਮਰਜੈਂਸੀ ਕੇਂਦਰ ਵੀ ਬਣਾਇਆ ਜਾਵੇਗਾ ਜਿੱਥੇ ਤਰ੍ਹਾਂ ਦੀ ਸਰਜਰੀ ਦਾ ਇੰਤਜ਼ਾਮ ਵੀ ਇਥੇ ਹੋਵੇਗਾ। ਮੀਟਿੰਗ ਦੌਰਾਨ ਨਵੇਂ ਬਣੇ ਸਲਾਹਕਾਰ ਗੁਰਜਤਿੰਦਰ ਸਿੰਘ ਰੰਧਾਵਾ ਨੇ ਕਿਹਾ ਕਿ ਐਲਕ ਗਰੋਵ ਸਿਟੀ ਵਿਚ ਹਸਪਤਾਲ ਅਤੇ ਯੂਨੀਵਰਸਿਟੀ ਬਣਾਉਣਾ ਇਕ ਚੰਗਾ ਉਪਰਾਲਾ ਹੈ। ਸਥਾਨਕ ਬੱਚਿਆਂ ਨੂੰ ਮੈਡੀਕਲ ਦੀ ਪੜ੍ਹਾਈ ਕਰਨ ਲਈ ਦੂਜੇ ਸ਼ਹਿਰਾਂ ਵਿਚ ਜਾਣਾ ਪੈਂਦਾ ਸੀ ਅਤੇ ਐਮਰਜੈਂਸੀ ਇਲਾਜ ਕਰਵਾਉਣ ਲਈ ਵੀ ਸਥਾਨਕ ਲੋਕਾਂ ਨੂੰ ਦੂਰ ਜਾਣਾ ਪੈਂਦਾ ਸੀ। ਉਨ੍ਹਾਂ ਕਿਹਾ ਕਿ ਆਉਣ ਵਾਲੇ ਸਮੇਂ ਵਿਚ ਇਸ ਹਸਪਤਾਲ ਅਤੇ ਯੂਨੀਵਰਸਿਟੀ ਦੇ ਬਣਨ ਨਾਲ ਸਥਾਨਕ ਲੋਕਾਂ ਨੂੰ ਬਹੁਤ ਫਾਇਦਾ ਹੋਵੇਗਾ।

## ਧੋਖਾਧੜੀ ਦੇ ਮਾਮਲੇ ’ਚ ਡਾ. ਦਲਜੀਤ ਸਿੰਘ ਚੀਮਾ ਨੂੰ ਅੰਤ੍ਰਿਮ ਜ਼ਮਾਨਤ

**ਹੁਸ਼ਿਆਰਪੁਰ/ਏ.ਟੀ. ਨਿਊਜ਼ :** ਸੋਸ਼ਲਿਸਟ ਪਾਰਟੀ ਦੇ ਸੀਨੀਅਰ ਆਗੂ ਬਲਵੰਤ ਸਿੰਘ ਖੇੜਾ ਨੇ ਸਥਾਨਕ ਅਦਾਲਤ ਵਿੱਚ ਸ਼੍ਰੋਮਣੀ ਅਕਾਲੀ



ਦਲ ਦੀ ਸੀਨੀਅਰ ਲੀਡਰਸ਼ਿਪ ਖ਼ਿਲਾਫ਼ ਧੋਖਾਧੜੀ ਬਾਰੇ ਪਟੀਸ਼ਨ ਦਾਇਰ ਕੀਤੀ ਹੋਈ ਹੈ। ਇਸ ਸਬੰਧੀ ਸਥਾਨਕ ਅਦਾਲਤ ਨੇ ਬੀਤੇ ਦਿਨੀਂ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ, ਸਾਬਕਾ ਪ੍ਰਧਾਨ ਪ੍ਰਕਾਸ਼ ਸਿੰਘ ਬਾਦਲ ਤੇ ਸੀਨੀਅਰ ਉਪ ਪ੍ਰਧਾਨ ਦਲਜੀਤ ਸਿੰਘ ਚੀਮਾ ਨੂੰ ਸੰਮਨ ਜਾਰੀ ਕੀਤੇ ਸਨ। ਚੀਮਾ ਨੇ ਅਗਾਊਂ ਜ਼ਮਾਨਤ ਲਈ ਵਧੀਕ ਸੈਸ਼ਨ ਜੱਜ ਦੀ ਅਦਾਲਤ ਵਿੱਚ ਅਰਜ਼ੀ ਦਾਇਰ ਕੀਤੀ ਸੀ, ਜਿਸ ਨੂੰ ਮਨਜ਼ੂਰ ਕਰਦਿਆਂ ਅਦਾਲਤ ਨੇ ਅੰਤ੍ਰਿਮ ਦਿੰਦਿਆਂ ਉਨ੍ਹਾਂ ਨੂੰ 7 ਦਿਨ ਦੇ ਅੰਦਰ-ਅੰਦਰ ਅਦਾਲਤ ਸਾਹਮਣੇ ਪੇਸ਼ ਹੋ ਕੇ ਇਕ ਲੱਖ ਰੁਪਏ ਦਾ ਨਿੱਜੀ ਬਾਂਡ ਭਰਨ ਦੀ ਹਦਾਇਤ ਕੀਤੀ ਹੈ। ਸੋਸ਼ਲਿਸਟ ਪਾਰਟੀ ਦੇ ਉਪ ਪ੍ਰਧਾਨ ਬਲਵੰਤ ਸਿੰਘ ਖੇੜਾ ਨੇ ਅਕਾਲੀ ਦਲ ਖ਼ਿਲਾਫ਼ ਧੋਖਾਧੜੀ ਦਾ ਦੋਸ਼ ਲਾਉਂਦਿਆਂ ਅਦਾਲਤ ਵਿੱਚ ਰਿੱਟ ਪਾਈ ਹੋਈ ਹੈ। ਉਨ੍ਹਾਂ ਦੋਸ਼ ਲਾਇਆ ਹੈ ਅਕਾਲੀ ਦਲ ਨੇ ਸਿਆਸੀ ਪਾਰਟੀ ਵਜੋਂ ਮਾਨਤਾ ਹਾਸਲ ਕਰਨ ਲਈ ਮੁੱਖ ਚੋਣ ਕਮਿਸ਼ਨ ਕੋਲ ਗਲਤ ਹਲਫਨਾਮਾ ਦਾਇਰ ਕੀਤਾ ਹੈ। ਕੇਸ ਦੀ ਅਗਲੀ ਸੁਣਵਾਈ 20 ਦਸੰਬਰ ਨੂੰ ਨਿਸ਼ਚਿਤ ਹੋਈ ਹੈ।

HOTHI FREIGHTLINES

HOTHI FREIGHTLINES

ਸਾਨੂੰ ਓਨਰ ਅਪਰੇਟਰ ਅਤੇ ਡਰਾਈਵਰਾਂ ਦੀ ਲੋੜ ਹੈ।

- California to Michigan, New Jersey Florida & Texas
- Dedicated Load (ਪੱਕੇ ਲੋਡ)



- ਪੈਸਿਆਂ ਦਾ ਭੁਗਤਾਨ ਆਪ ਸਾਨੂੰ ਲੋਡ ਡਲਿਵਰ ਕਰਕੇ ਪੇਪਰ ਦਿਉ ਅਤੇ ਆਪਣੇ ਪੈਸੇ ਲਉ।
- ਸਾਡੇ ਡਿਸਪੈਚਰ ਪੰਜਾਬੀ ਅਤੇ ਇੰਗਲਿਸ਼ ਬੋਲਦੇ ਹਨ।

ਹੋਰ ਜਾਣਕਾਰੀ ਲਈ ਸੰਪਰਕ ਕਰੋ ਜੀ

ਗੁਰਜੀਤ ਸਿੰਘ ਹੋਠੀ (408) 332-9355

248 South Hillview Dr Milpitas CA 95035

ਅੰਮ੍ਰਿਤਸਰ ਟਾਈਮਜ਼ Weekly Punjabi Newspaper

Corporate Office
4127 Bay Street, Suite 8
Fremont, CA 94538
Email: asrtimes@gmail.com

Tel: (510) 240-5949
Fax: (888) 323-6950
ਐਡਵਰਟਾਈਜ਼ਮੈਂਟ ਲਈ ਸੰਪਰਕ
(408) 457-6157

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ’ਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।
*The opinions expressed in this newspaper donot necessarily represent the views or opinions of the staff or employees of Quomantry Amritsar times. *All Disputes must be Handled in Santa Clara Superior Court.

# ਪੰਜਾਬ ਦੀ ਸਿਆਸਤ ਪਰਿਵਾਰਕ ਮੋਹ ’ਚ ਫਸੀ

**ਗੁਰਮੀਤ ਪਲਾਹੀ**



ਕਾਂਗਰਸ ਵਾਂਗਰ ਇੱਕ ਸਦੀ ਪੁਰਾਣੇ ਸ਼ੋ੍ਰਮਣੀ ਅਕਾਲੀ ਦਲ ਜੋ 100ਵੇਂ ਵਰ੍ਹੇ ਵਿੱਚ ਪੈਰ ਧਰ ਬੈਠਾ ਹੈ, ਨੂੰ ਵੀ ਪਰਿਵਾਰਵਾਦ ਨੇ ਲਪੇਟਾ ਮਾਰਿਆ ਹੋਇਆ ਹੈ। ਪੰਜ ਵੇਰ ਸੂਬੇ ਪੰਜਾਬ ਦੇ ਮੁੱਖ ਮੰਤਰੀ ਰਹੇ ਪ੍ਰਕਾਸ਼ ਸਿੰਘ ਬਾਦਲ ਨੂੰ ਵੀ ਪੁੱਤਰ-ਮੋਹ ਨੇ ਇੰਨਾ ਹਾਲੋਂ-ਬੇਹਾਲ ਕੀਤਾ ਕਿ ਆਪਣੇ ਸਿਆਣੇ, ਸਾਥੀਆਂ ਨੂੰ ਛੱਡਕੇ ਸਮੇਂ-ਸਮੇਂ ਉਹ ਆਪਣੀ ਤੱਕੜੀ ਵਿਚ, ਆਪਣੇ ਹੀ ਸਾਵੇਂ ਵੱਟੇ ਪਾਉਂਦਾ ਰਿਹਾ ਅਤੇ ਪਹਿਲਾਂ ਗੁਰਚਰਨ ਸਿੰਘ ਟੋਹੜਾ, ਜਗਦੇਵ ਸਿੰਘ ਤਲਵੰਡੀ, ਸੰਤ ਹਰਚੰਦ ਸਿੰਘ ਲੌਂਗੋਵਾਲ ਵਰਗੇ ਵੱਡੇ ਪੰਥਕ ਨੇਤਾਵਾਂ ਨੂੰ ਨੁਕਰੇ ਲਾਉਣ ਦੀਆਂ ਤਰਕੀਬਾਂ ਨੂੰ ਅਮਲ ਵਿਚ ਲਿਆਉਂਦਾ ਰਿਹਾ ਅਤੇ ਬਾਅਦ ਵਿਚ ਆਪਣੇ ਪੁੱਤਰ-ਮੋਹ ਕਾਰਨ, ਆਪਣੇ ਸਿਆਣੇ ਭਤੀਜੇ ਮਨਪ੍ਰੀਤ ਸਿੰਘ ਬਾਦਲ ਨੂੰ ਵੀ ਉਸਨੇ ਨਹੀਂ ਬਖਸ਼ਿਆ ਅਤੇ ਆਪਣੇ ਪੁੱਤਰ ਸੁਖਬੀਰ ਬਾਦਲ ਨੂੰ ਸ਼ੋ੍ਰਮਣੀ ਅਕਾਲੀ ਦਲ ਦਾ ਪ੍ਰਧਾਨ ਅਤੇ ਸਿਆਸੀ ਵਾਰਸ ਬਣਾਉਣ ਵਿਚ ਕਾਮਯਾਬ ਹੋ ਗਿਆ। ਆਪਣੇ ਸਾਥੀ ਸੁਖਦੇਵ ਸਿੰਘ ਢੀਂਡਸਾ ਵਰਗੇ ਪ੍ਰਪੱਕ ਪੰਥਕ ਆਗੂ ਦੀ ਵੀ ਇਸ ਮਾਮਲੇ ਵਿਚ ਉਸਨੇ ਕੋਈ ਪ੍ਰਵਾਹ ਨਾ ਕੀਤੀ। ਢੀਂਡਸਾ ਦਾ, ਕੇਂਦਰੀ ਸਰਕਾਰ ਵਿੱਚ ਕੇਂਦਰੀ ਮੰਤਰੀ ਬਨਣ ਦਾ ਹੱਕ ਖੋਹਕੇ, ਆਪਣੀ ਨੂੰਹ ਅਤੇ ਸੁਖਬੀਰ ਸਿੰਘ ਬਾਦਲ ਦੀ ਪਤਨੀ ਹਰਸਿਮਰਤ ਕੌਰ ਬਾਦਲ ਨੂੰ ਕੇਂਦਰੀ ਮੰਤਰੀ ਬਣਾ ਦਿੱਤਾ।

ਪਰਿਵਾਰਵਾਦ ਦੀ ਇਸ ਕਿਸਮ ਦੀ ਮਿਸਾਲ ਦੇਸ਼ ਦੇ ਹੋਰ ਸੂਬਿਆਂ ‘ਚ ਵੀ ਵੇਖਣ ਨੂੰ ਮਿਲਦੀ ਹੈ। ਬਿਹਾਰ ‘ਚ ਲਾਲੂ ਪ੍ਰਸ਼ਾਦ, ਯੂ.ਪੀ.ਦਾ ਮੁਲਾਇਮ ਸਿੰਘ ਯਾਦਵ, ਹਰਿਆਣਾ ਵਿਚ ਚੌਧਰੀ ਦੇਵੀ ਲਾਲ, ਯੂ.ਪੀ. ਵਿਚ ਮਾਇਆਵਤੀ, ਪਰਿਵਾਰਵਾਦ ਨੂੰ ਉਤਸ਼ਾਹਤ ਕਰਦੇ ਹੋਏ, ਜਿਥੇ ਆਪਣੇ ਵਰਕਰਾਂ ਅਤੇ ਨੇਤਾਵਾਂ ਵਿੱਚ ਆਪਣੀ ਮਾਣ, ਸਤਿਕਾਰ, ਰੁਤਬਾ ਗੁਆ ਬੈਠੇ, ਉਥੇ ਸਿਆਸੀ ਤਾਕਤ ਤੋਂ ਵੀ ਹੱਥ ਧੋ ਬੈਠੇ। ਇਹੋ ਹਾਲ ਪੰਜਾਬ ਵਿੱਚ ਬਾਦਲ ਪਰਿਵਾਰ ਦਾ ਹੋਇਆ ਹੈ। ਦਸ ਸਾਲ ਲਗਾਤਾਰ ਭਾਜਪਾ ਨਾਲ ਸਾਂਝ-ਭਿਆਲੀ ਨਾਲ ਸਰਕਾਰ ਚਲਾਕੇ 2017 ਦੀਆਂ ਵਿਧਾਨ ਸਭਾ ਚੋਣਾਂ ਵਿਚ ਪ੍ਰਕਾਸ਼ ਸਿੰਘ ਬਾਦਲ ਬੁਰੀ ਤਰ੍ਹਾਂ ਹਾਰ ਗਏ ਅਤੇ ਵਿਧਾਨ ਸਭਾ ਵਿਚ ਵਿਰੋਧੀ ਧਿਰ ਦਾ ਦਰਜ਼ਾ ਵੀ ਹਾਸਲ ਨਾ ਕਰ ਸਕੇ। ਇਥੋਂ ਤੱਕ ਕਿ 2018 ਦੀਆਂ ਲੋਕ ਸਭਾ ਚੋਣਾਂ ‘ਚ ਪੰਜਾਬ ਦੀਆਂ 13 ਸੀਟਾਂ ਵਿੱਚੋਂ ਸ਼ੋ੍ਰਮਣੀ ਅਕਾਲੀ ਦਲ ਨੇ ਸਿਰਫ਼ ਦੋ ਲੋਕ ਸਭਾ ਸੀਟਾਂ ਉਤੇ ਜਿੱਤ ਹਾਸਲ ਕੀਤੀ। ਇਹ ਉਹ ਹੀ ਸੀਟਾਂ ਸਨ ਜਿਥੇ ਬਾਦਲ ਪਰਿਵਾਰ ਦੇ ਦੋ ਜੀਅ ਸੁਖਬੀਰ ਸਿੰਘ ਬਾਦਲ ਤੇ ਉਹਨਾਂ ਦੀ ਪਤਨੀ ਹਰਸਿਮਰਤ ਕੌਰ ਬਾਦਲ ਉਮੀਦਵਾਰ ਸਨ। ਜਿੱਤ ਉਪਰੰਤ ਹਰਸਿਮਰਤ ਕੌਰ ਮੁੜ ਮੋਦੀ ਸਰਕਾਰ ਦੀ ਦੂਜੀ ਵੇਰ ਬਣੀ ਸਰਕਾਰ ਵਿੱਚ ਕੈਬਨਿਟ ਰੈਂਕ ਦੇ ਮੰਤਰੀ ਵਜੋਂ ਪ੍ਰਕਾਸ਼ ਸਿੰਘ ਬਾਦਲ ਵਲੋਂ ਸ਼ਾਮਲ ਕਰਵਾਈ ਗਈ। ਇਸ ਸਭ ਕੁਝ ਦਾ ਲੋਕਾਂ ਅਤੇ ਵਰਕਰਾਂ ਵਿੱਚ ਮੁੜਕੇ ਫਿਰ ਇਹੋ ਪ੍ਰਭਾਵ ਗਿਆ ਕਿ ਬਾਦਲ ਪਰਿਵਾਰ ਨੇ ਸ਼ੋ੍ਰਮਣੀ ਅਕਾਲੀ ਦਲ ਨੂੰ “ਆਪਣਿਆਂ ਘਰ ਦਿਆਂ” ਲਈ ਹੀ ਵਰਤਿਆ ਹੈ, ਦੂਜੇ ਆਪਣੇ ਖੜੇ ਕੀਤੇ ਲੋਕ ਸਭਾ ਦੇ 8 ਉਮੀਦਵਾਰਾਂ ਅਤੇ ਭਾਜਪਾ ਦੇ ਤਿੰਨ ਉਮੀਦਵਾਰਾਂ ਦੀ ਚੋਣ ਮੁਹਿੰਮ ਵਿਚ ਬਾਦਲਾਂ ਸਾਰ ਨਹੀਂ ਲਈ, ਜਦਕਿ ਅਕਾਲੀ ਦਲ ਦੇ ਪ੍ਰਧਾਨ ਵਜੋਂ ਇਹ ਜ਼ੁੰਮੇਵਾਰੀ ਸੁਖਬੀਰ ਸਿੰਘ ਬਾਦਲ ਦੀ ਬਣਦੀ ਸੀ।

ਦੇਸ਼ ਦੀ ਲੋਕ ਸਭਾ ਚੋਣ 2018 ਅਤੇ ਪੰਜਾਬ ਦੀ ਵਿਧਾਨ ਸਭਾ ਚੋਣ 2017 ਤੋਂ ਪਹਿਲਾਂ ਹੀ ਬਾਦਲ ਦਲ ਦੇ ਵਰਕਰਾਂ ਅਤੇ ਨੇਤਾਵਾਂ ਵਿੱਚ ਅਸੰਤੁਸ਼ਟਤਾ ਵੇਖਣ ਨੂੰ ਮਿਲ ਰਹੀ ਸੀ। ਬਾਦਲ ਪਰਿਵਾਰ ਤੋਂ ਵਿਰੋਧ ਵਾਲੀ ਸੁਰ ਰੱਖਣ ਵਾਲਿਆਂ ਅਤੇ ਖ਼ਾਸ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਮਾਮਲੇ ’ਤੇ ਅਕਾਲੀ-ਭਾਜਪਾ ਸਰਕਾਰ ਅਤੇ ਖ਼ਾਸ ਕਰਕੇ ਸ਼ੋ੍ਰਮਣੀ ਅਕਾਲੀ ਦਲ (ਬ) ਵਲੋਂ ਦੋਸ਼ੀਆਂ ਵਿਰੁੱਧ ਬਣਦੀ ਕਾਰਵਾਈ ਨਾ ਕਰਨ ਕਰਕੇ ਮਨ ਵਿਚ ਰੋਸਾ ਰੱਖਣ ਵਾਲੇ ਨੇਤਾਵਾਂ ਨੂੰ ‘ਬਾਦਲ ਪਰਿਵਾਰ’ ਵਲੋਂ ਨੁਕਰੇ ਲਗਾ ਦਿੱਤਾ ਗਿਆ। ਸਿੱਟੇ ਵਜੋਂ ਟਕਸਾਲੀ ਅਕਾਲੀ ਦਲ ਹੋਂਦ ਵਿੱਚ ਆਇਆ ਅਤੇ ਉਸ ਦਿਨ, ਜਿਸ ਦਿਨ ਸੁਖਬੀਰ ਸਿੰਘ ਬਾਦਲ ਸ਼ੋ੍ਰਮਣੀ ਅਕਾਲੀ ਦਲ ਦੇ ਤੀਜੀ ਵੇਰ,ਆਪਣੇ 600 ਡੇਲੀਗੇਟਾਂ ਵਿੱਚੋਂ ਸਰਬਸੰਮਤੀ ਨਾਲ ਪ੍ਰਧਾਨ ਚੁਣੇ ਗਏ ਹਨ, ਅਕਾਲੀ ਦਲ ਬਾਦਲ ਤੋਂ ਬਾਗੀ ਹੋਏ ਵੱਖ-ਵੱਖ ਧੜਿਆਂ ਨੇ ਰਾਜ ਸਭਾ ਮੈਂਬਰ ਸੁਖਦੇਵ ਸਿੰਘ ਢੀਂਡਸਾ ਦੀ ਅਗਵਾਈ ‘ਚ ਇੱਕ ਪ੍ਰਧਾਨ, ਇੱਕ ਵਿਧਾਨ ਅਤੇ ਇੱਕ ਪਾਰਟੀ ਬਨਾਉਣ ਲਈ ਵੱਡਾ ਇੱਕਠ ਅੰਮ੍ਰਿਤਸਰ ਵਿੱਚ ਕੀਤਾ, ਜਿਸ ਵਿੱਚ ਬੁਲਾਰਿਆਂ ਨੇ ਬਾਦਲਾਂ ਦੇ ਬਾਈਕਾਟ ਦਾ ਸੱਦਾ ਦਿੱਤਾ। ਜ਼ਾਹਰ ਹੈ ਕਿ ਇਹ ਅਕਾਲੀ ਆਗੂ ਬਾਦਲਾਂ ਦੀਆਂ ਧੱਕੇਸ਼ਾਹੀਆਂ ਤੋਂ ਸਤਾਏ ਘਰ ਬੈਠੇ ਆਗੂ ਸਨ, ਜਿਹਨਾ ਨੇ ਬਾਦਲ ਪਰਿਵਾਰ ਉਤੇ ਇਹ ਦੋਸ਼ ਲਾਇਆ ਕਿ ਉਹਨਾ ਨੇ ਸਿੱਖ ਧਰਮ ਅਤੇ ਸਿੱਖ ਸਭਿਆਚਾਰ ਨੂੰ ਪੂਰੀ ਤਰ੍ਹਾਂ ਖ਼ਤਮ ਕਰ ਦਿੱਤਾ ਹੈ ਅਤੇ ਸ਼ੋ੍ਰਮਣੀ ਅਕਾਲੀ ਦਲ ਦੇ ਮੁੱਖ ਏਜੰਡੇ ਨੂੰ ਤਹਿਸ਼-ਨਹਿਸ਼ ਕਰਕੇ ਰੱਖ ਦਿੱਤਾ ਹੈ। ਇਹਨਾ ਨੇਤਾਵਾਂ ‘ਚ ਸੁਖਦੇਵ ਸਿੰਘ ਢੀਂਡਸਾ, ਰਣਜੀਤ ਸਿੰਘ ਬ੍ਰਹਮਪੁਰਾ, ਰਵੀਇੰਦਰ ਸਿੰਘ, ਮਨਜੀਤ ਸਿੰਘ ਜੀ ਕੇ, ਸੁਖਦੇਵ ਸਿੰਘ ਭੌਰ, ਸੇਵਾ ਸਿੰਘ ਸੇਖਵਾਂ ਜਿਹੇ ਆਗੂ ਸ਼ਾਮਲ ਸਨ। ਅਕਾਲੀ ਦਲ (ਮਾਨ) ਨੇ ਭਾਵੇਂ ਆਪਣੀ ਵੱਖਰੀ ਡਫਰੀ ਵਜਾਉਂਦਿਆਂ ਸਿਮਰਨਜੀਤ ਸਿੰਘ ਮਾਨ ਨੂੰ ਅਗਲੇ ਪੰਜ ਸਾਲਾਂ ਲਈ ਪ੍ਰਧਾਨ ਚੁਣ ਲਿਆ ਹੈ, ਪਰ ਉਸ ਦਲ ਵਲੋਂ ਵੀ ‘ਬਾਦਲ ਪਰਿਵਾਰ’ ਦੇ ‘ਅਕਾਲੀ ਦਲ’ ਉਤੇ ਵੱਡੇ ਹਮਲੇ ਕੀਤੇ ਗਏ ਹਨ।

ਸ਼ੋ੍ਰਮਣੀ ਅਕਾਲੀ ਦਲ ਦੇ ਸਥਾਪਨਾ ਦਿਹਾੜੇ ਦੇ ਮੌਕੇ ਤੇ ਨਾਰਾਜ਼ ਅਕਾਲੀਆਂ ਨੇ ਬਾਦਲ ਪਰਿਵਾਰ ਉਤੇ ਜਿੱਥੇ ‘ਧਨ ਅਤੇ ਬਲ’ ਦੀ ਸ਼ਕਤੀ ਇੱਕਠੀ ਕਰਨ ਦਾ ਦੋਸ਼ ਲਾਇਆ, ਉਥੇ ਸ਼ੋ੍ਰਮਣੀ ਕਮੇਟੀ ਅੰਮ੍ਰਿਤਸਰ, ਜੋ ਕਿ ਸਿੱਖਾਂ ਦੇ ਧਾਰਮਿਕ ਮਾਮਲਿਆਂ ਸਬੰਧੀ ਕਮੇਟੀ ਹੈ, ਨੂੰ ਵੀ ਆਪਣੇ ਹਿੱਤਾਂ ਲਈ ਵਰਤਣ ਦਾ ਦੋਸ਼ ਲਾਇਆ ਹੈ। ਇਹਨਾ ਨੇਤਾਵਾਂ ਨੇ ਹੋਰਨਾਂ ਮੰਗਾਂ ਦੇ ਨਾਲ-ਨਾਲ ਇਕੱਠ ਵਿੱਚ ਸ਼ੋ੍ਰਮਣੀ ਕਮੇਟੀ ਦੀਆਂ ਚੋਣਾਂ ਕਰਾਉਣ ਲਈ ਕੇਂਦਰ ਸਰਕਾਰ ਤੋਂ ਮੰਗ ਵੀ ਕੀਤੀ ਹੈ, ਕਿਉਂਕਿ ਇਹ ਨੇਤਾ ਸਮਝਦੇ ਤੇ ਮਹਿਸੂਸ ਕਰਦੇ ਹਨ ਕਿ ਜਦੋਂ ਤੱਕ ਸ਼ੋ੍ਰਮਣੀ ਕਮੇਟੀ ਉਤੇ ‘ਬਾਦਲ ਪਰਿਵਾਰ’ ਦਾ ਕਬਜ਼ਾ ਹੈ ਅਤੇ ਜਿਸਦਾ ਪ੍ਰਧਾਨ ‘ਬਾਦਲ ਪਰਿਵਾਰ’ ਵਲੋਂ ਭੇਜੀ ਗਈ ‘ਪਰਚੀ’ ਨਾਲ ਬਣਦਾ ਹੈ, ਉਦੋਂ ਤੱਕ ਬਾਦਲ ਪਰਿਵਾਰ ਨੂੰ ਸਿੱਖ ਸਿਆਸਤ ਤੋਂ ਲਾਂਭੇ ਨਹੀਂ ਕੀਤਾ ਜਾ ਸਕਦਾ, ਜਿਹਨਾ ਨੇ ਸਿੱਖ ਮੁਦਿਆਂ ਤੋਂ ਕਿਨਾਰਾ ਕਰਕੇ, ਪੰਜਾਬ ਦੇ ਲੋਕਾਂ ਦੀਆਂ ਭਖਦੀਆਂ ਮੰਗਾਂ ਅਤੇ ਸਮੱਸਿਆਵਾਂ ਤੋਂ ਮੁੱਖ ਮੋੜਕੇ ਸਿਰਫ਼ ਆਪਣੇ ਹਿੱਤ ਸਾਹਮਣੇ ਰੱਖਣ ਨੂੰ ਹੀ ਪਹਿਲ ਦਿੱਤੀ ਹੈ।

ਪੰਜਾਬ ਦੀ ਸਿੱਖ ਸਿਆਸਤ ਗੰਭੀਰ ਸੰਕਟ ਵਿੱਚ ਹੈ। ਲੰਮਾ ਸਮਾਂ ਸਿੱਖ ਸਿਆਸਤ ਉਤੇ ਕਾਬਜ਼ ਰਿਹਾ ‘ਬਾਦਲ ਪਰਿਵਾਰ’ ਹੁਣ ਆਪਣੇ ਭਾਈਵਾਲ “ਭਾਜਪਾ“ ਦੀਆਂ ਨਜ਼ਰਾਂ ਵਿੱਚ ‘ਸ਼ਕਤੀਸ਼ਾਲੀ’ ਨਹੀਂ ਰਿਹਾ। ਭਾਜਪਾ ਕਿਉਂਕਿ ਪੰਜਾਬ ਉਤੇ ਇਕੱਲਿਆਂ ਰਾਜ ਕਰਨ ਦੀ ਸਥਿਤੀ ਵਿੱਚ ਨਹੀਂ ਹੈ, ਉਸਨੂੰ ਇਹੋ ਜਿਹੀ ਸਿੱਖ ਲੀਡਰਸ਼ਿਪ ਜਾਂ ਸਿੱਖ ਸਿਆਸਤਦਾਨ ਦੀ ਪੰਜਾਬ ਵਿੱਚ ਲੋੜ ਹੈ, ਜੋ ਪੰਜਾਬ ਵਿਚਲੀ ਕਾਂਗਰਸ ਅਤੇ ਸਰਕਾਰ ਨੂੰ ਟੱਕਰ ਦੇ ਸਕੇ, ਜੋ ਟੱਕਰ ਬਾਦਲ ਪਰਿਵਾਰ ਦੇਣ ਵਿਚ ਕਾਮਯਾਬ ਹੋ ਰਿਹਾ ਹੈ। ਲੋਕ ਸਭਾ ਅਤੇ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਇਸਦਾ ਸਬੂਤ ਹਨ। ਦੇਸ਼ ‘ਚ ਮੋਦੀ ਲਹਿਰ ਹੋਣ ਦੇ ਬਾਵਜੂਦ ਵੀ ਪੰਜਾਬ ਨੇ ਦੇਸ਼ ਨਾਲੋਂ ਵੱਖਰਾ ਰਾਹ ਅਖਤਿਆਰ ਕੀਤਾ ਹੈ। ਭਾਵੇਂ ਸ਼ੋ੍ਰਮਣੀ ਅਕਾਲੀ ਦਲ ਅਤੇ ਸਿੱਖ ਸਿਆਸਤਦਾਨਾਂ ਦੀ ਫੁੱਟ ਅਤੇ ਲੜਾਈ ਦੀ ਇਸ ਘੜੀ‘ਚ ਭਾਜਪਾ ਸਰਕਾਰ ਦੇ ਮੁਖੀ ਨਰੇਂਦਰ ਮੋਦੀ ਨੇ ਬਾਦਲ ਪਰਿਵਾਰ ਦੀ ਸਰਪ੍ਰਸਤੀ ‘ਚ ਕੰਮ ਕਰ ਰਹੇ ਸ਼ੋ੍ਰਮਣੀ ਅਕਾਲੀ ਦਲ ਦੇ ਸਥਾਪਨਾ

ਬਾਕੀ ਸਫ਼ਾ 29 ’ਤੇ


CAPITAL ACCOUNTING & TAX SERVICES

HELPING PEOPLE FOR THEIR TRUCKING NEEDS

(IRP) Plates-48 States-Same Day

ਬਾਹਰ ਚੱਲਣ ਵਾਲੇ ਟਰੱਕਾਂ ਦੀਆਂ ਪਲੇਟਾਂ ਤੁਸੀਂ ਸਾਡੇ ਦਫ਼ਤਰ ਵਿਚੋਂ ਤੁਰੰਤ ਵੀ ਲੈ ਸਕਦੇ ਹੋ।

ਟਰੱਕਿੰਗ ਦੀ ਦੁਨੀਆ ਵਿਚ ਨਵਾਂ ਕਦਮ

- ਟਰੱਕ ਲਾਇਸੈਂਸ ਪਲੇਟਾਂ ਵਾਸਤੇ ਹੁਣ ਹਫਤਿਆਂਬੱਧੀ ਉਡੀਕ ਕਰਨ ਦੀ ਲੋੜ ਨਹੀਂ।
- ਉਸੇ ਦਿਨ ਲਾਇਸੈਂਸ ਪਲੇਟਾਂ ਲੈਣ ਲਈ ਸਾਡੇ ਨਾਲ ਸੰਪਰਕ ਕਰੋ।

Same Day Plates Same Day Plates Same Day Plates


Kuldeep Singh Kang


Sewa Singh Bhinder

ਸੱਤ ਸਾਲ ਤੋਂ ਤੁਹਾਡੀ ਸੇਵਾ ਨੂੰ ਸਮਰਪਿਤ



TRUCKING SERVICES AVAILABLE
- IRP License Plates
- IFTA-Fuel Tax Returns
- MC (ICC) Authority, US DOT #
- UCR Permits, BOC-3 Filing
- CA#, MCP, EPN Enrollment
- BIT-Enrollment
- NM Permit, KYU#, NY HUT Permit
- Oregon Permit, Oregon Bonds
- Highway Use Tax (2290)
- Trailer Plates, Title Transfer
- Tax Exemption

BUSINESS SERVICES AVAILABLE
- Tax Services : Individual, Small Business
- Computerized Accounting
- Financial Statement
- Monthly Sales Tax Reports
- Payroll Services

CALIFORNIA DMV LIV. # 40524

PH : 530-669-5780 Fax : 530-669-5775

Cell : 530-908-9386 Cell : 530-405-6020

ਇਹ ਦਫ਼ਤਰ ਡੀ.ਐਮ.ਵੀ. ਸ਼ਾਪਿੰਗ ਸੈਂਟਰ ਵਿਚ ਹੈ।

825 East Street, Suite 110 Woodland, CA 95776



When tired of all treatments for any disease at any age Try

HOMEOPATHIC

Experienced Consultant Physician since 1973

American Red Cross



ਹੋਰ ਇਲਾਜਾਂ ਤੋਂ ਥਕ ਗਏ ਹੋ ਤਾਂ ਹੋਮੀਓਪੈਥੀ ਅਜਮਾਓ

We sell homeopathic medicines

ਅਰਥਰਾਈਟਸ, ਦਮਾ, ਸ਼ੂਗਰ, ਬਲੱਡ ਪ੍ਰੈਸ਼ਰ, ਪੱਥਰੀ, ਖਾਰਿਸ਼, ਮੁਹਾਸੇ,
ਵਜ਼ਨ ਦਾ ਘਟਣਾ ਜਾਂ ਵਧਣਾ, ਜਨਾਨਾ ਤੇ ਮਰਦਾਨਾ ਕਮਜ਼ੋਰੀ ਦਾ ਪੱਕਾ ਇਲਾਜ

7021 Village Parkway Dublin CA 94568

GURDIP SINGH SANDHU
DHMS-Gold Medalist, BAMS, MDEH. - INDIA
Ex Principal, Prof., Chief Medical Officer,
Ex Member NCH and CA Homeomedical Society
Working under act SB 577 state of CA

Office: 408.729.6691
Cell: 408.687.1899
email: homeomedicine@yahoo.com
www.homeopathyatoz.com

ਡਾ. ਸੰਧੂ ਦੇ ਸਿਹਤ ਵਿਗਿਆਨ ਸਬੰਧੀ ਲੈਕਚਰ Listen live on Radio 1170
‘Jus Punjabi TV’ & Face Book Every Saturday 09:00 AM, Live on ‘Jus Punjabi TV’ Sunday 4:00 A.M.



BSons Travel & Tax Services, Inc.

* All Airlines * International And Domestic
* Wholesale Fares Around the World

We Will Beat or Match any Fare!




Office Hours
Mon-Fri
9am-6pm
Saturday
9am-5pm

CST. REG #2092042-40

We Also Have Special Vacation Packages

President : Avtar Singh

Contact any time from anywhere

Tel 707.302.0512, 916.340.8100 • Fax 707.425.4260

Email: bsonstravel@yahoo.com

1652 West Texas St. Suite 139, Fairfield, CA 94533
4200 North Boulevard Street No. 1B, Sacramento, CA, 95834

## ਬਾਦਲਾਂ ਤੋਂ ਗੁਰੂ ਘਰ ਮੁਕਤ ਕਰਵਾਓ : ਭਾਈ ਰਣਜੀਤ ਸਿੰਘ

**ਫ਼ਤਿਹਗੜ੍ਹ ਸਾਹਿਬ/ਏ.ਟੀ. ਨਿਊਜ਼ :** ਬਾਦਲਾਂ ਨੇ ਸ਼੍ਰੋਮਣੀ ਕਮੇਟੀ ਨੂੰ ਆਪਣੇ ਘਰ ਅਤੇ ਮਕਸਦ ਲਈ ਹਮੇਸ਼ਾ ਵਰਤਿਆ ਹੈ, ਇਸ ਲਈ ਸਿੱਖ ਸੰਗਤ ਨੂੰ ਬਾਦਲਾਂ ਤੋਂ ਗੁਰੂ ਘਰਾਂ ਨੂੰ ਬਚਾਉਣ ਲਈ ਅੱਗੇ ਆਉਣਾ ਪਵੇਗਾ। ਇਹ ਪ੍ਰਗਟਾਵਾ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਭਾਈ ਰਣਜੀਤ ਸਿੰਘ ਨੇ ਪਿੰਡ ਮਲਕਪੁਰ ਵਿਚ ਪੰਥਕ ਅਕਾਲੀ ਲਹਿਰ ਦੀ ਮੀਟਿੰਗ ਦੌਰਾਨ ਕੀਤਾ। ਇਸ ਮੌਕੇ ਭਾਈ ਰਣਜੀਤ ਸਿੰਘ ਨੇ ਦੋਸ਼ ਲਗਾਇਆ ਕਿ ਬਾਦਲਾਂ ਨੇ ਐਸਜੀਪੀਸੀ ਦੀਆਂ ਜਾਇਦਾਦਾਂ ਆਪਣੇ ਨਾਮ ਕਰਵਾਈਆਂ ਅਤੇ ਗੁਰੂ ਘਰਾਂ ਦੇ ਪੈਸੇ ਦੀ ਦੁਰਵਰਤੋਂ ਕੀਤੀ। ਉਨ੍ਹਾਂ ਕਿਹਾ ਕਿ ਸਿੱਖ ਗੁਰੂਆਂ ਨੇ ਸਿੱਖਾਂ ਨੂੰ ਗ਼ਰੀਬ ਦੀ ਮਦਦ ਕਰਨ ਅਤੇ ਗੁਰੂ ਗ੍ਰੰਥ ਸਾਹਿਬ ਜੀ ਦੇ ਦਿਖਾਏ ਰਸਤੇ 'ਤੇ ਚੱਲਣ ਦਾ ਉਪਦੇਸ਼ ਦਿੱਤਾ ਹੈ। ਅੱਜ ਸਿੱਖਾਂ ਲਈ ਸ਼੍ਰੋਮਣੀ ਕਮੇਟੀ ਕੁਝ ਨਹੀਂ ਕਰ ਰਹੀ, ਕੇਵਲ ਬਾਦਲਾਂ ਦੇ ਇਸ਼ਾਰੇ 'ਤੇ ਹੀ ਚੱਲਦੀ ਹੈ। ਇਸ ਲਈ ਸਾਡਾ ਮੁੱਖ ਮਕਸਦ ਗੁਰੂ ਘਰਾਂ ਨੂੰ ਬਾਦਲਾਂ ਤੋਂ ਮੁਕਤ ਕਰਵਾਉਣਾ ਹੈ।

## ਸਾਵਰਕਰ ਬ੍ਰਿਟਿਸ਼ ਹਕੂਮਤ ਦਾ ਏਜੰਟ ਸੀ : ਤੁਸ਼ਾਰ ਗਾਂਧੀ

**ਨਵੀਂ ਦਿੱਲੀ/ਏ.ਟੀ. ਨਿਊਜ਼ :** ਮਹਾਤਮਾ ਗਾਂਧੀ ਦੇ ਪੜਪੋਤੇ ਤੁਸ਼ਾਰ ਗਾਂਧੀ ਨੇ ਕਿਹਾ ਹੈ ਕਿ ਵੀਰ ਸਾਵਰਕਰ ਮਾਫੀਨਾਮਾ ਲੇਖਕ ਸਨ, ਅਜ਼ਾਦੀ ਦੇ ਸਿਪਾਹੀ ਨਹੀਂ। ਭਾਜਪਾ ਦੀਆਂ ਨਜ਼ਰਾਂ ਵਿਚ ਸਾਵਰਕਰ ਵੀਰ, ਦੇਸ਼ ਭਗਤ ਤੇ ਬਲੀਦਾਨੀ ਹਨ। ਇਤਿਹਾਸਕਾਰਾਂ ਦਾ ਮੰਨਣਾ ਹੈ ਕਿ ਸਾਵਰਕਰ 1910 ਤੱਕ ਰਾਸ਼ਟਰਵਾਦੀ ਰਹੇ। ਉਨ੍ਹਾਂ ਨੂੰ ਉਮਰ ਕੈਦ ਦੀ ਸਜ਼ਾ ਹੋਈ ਸੀ। ਕਰੀਬ 10 ਸਾਲ ਜੇਲ੍ਹ ਵਿਚ ਗੁਜ਼ਾਰਨ ਤੋਂ ਬਾਅਦ ਬ੍ਰਿਟਿਸ਼ ਅਧਿਕਾਰੀਆਂ ਨੇ ਉਨ੍ਹਾਂ ਨੂੰ ਸਹਿਯੋਗੀ ਬਣਨ ਦੀ ਪੇਸ਼ਕਸ਼ ਕੀਤੀ, ਜਿਸ ਨੂੰ ਸਾਵਰਕਰ ਨੇ ਮੰਨ ਲਿਆ। ਬਾਹਰ ਆਉਣ ਦੇ ਬਾਅਦ ਸਾਵਰਕਰ ਹਿੰਦੂ ਫਿਰਕਾਪ੍ਰਸਤੀ ਨੂੰ ਹਵਾ ਦੇਣ ਲੱਗੇ ਤੇ ਬ੍ਰਿਟਿਸ਼ ਏਜੰਟ ਬਣ ਗਏ।

## ਕੈਨੇਡਾ ਦੇ ਹਵਾਈ ਅੱਡਿਆਂ 'ਤੇ ਪੰਜਾਬੀ ਵਿਦਿਆਰਥੀਆਂ ਦੀ ਭੀੜ

**ਟੋਰਾਂਟੋ/ਏ.ਟੀ. ਨਿਊਜ਼ :** ਕੈਨੇਡਾ ਦੇ ਵਿਦਿਅਕ ਅਦਾਰਿਆਂ ਵਿਚ ਦਾਖਲਾ ਲੈ ਚੁੱਕੇ ਪੰਜਾਬੀ ਵਿਦਿਆਰਥੀ ਇਨ੍ਹੀਂ ਦਿਨੀਂ ਹਵਾਈ ਜਹਾਜ਼ਾਂ ਰਾਹੀਂ ਕੈਨੇਡਾ ਪੁੱਜ ਰਹੇ ਹਨ, ਜਿਸ ਕਰਕੇ ਸਾਰੇ ਪ੍ਰਮੁੱਖ ਹਵਾਈ ਅੱਡਿਆਂ ਅੰਦਰ ਸਟੱਡੀ ਪਰਮਿਟ ਲੈਣ ਵਾਸਤੇ ਲੜਕੇ ਤੇ ਲੜਕੀਆਂ ਦੀਆਂ ਰੋਜ਼ਾਨਾ ਲੰਬੀਆਂ ਕਤਾਰਾਂ ਲੱਗ ਰਹੀਆਂ ਹਨ। ਦਸੰਬਰ ਦੇ ਬਚੇ ਦਿਨਾਂ ਤੇ ਅੱਧ ਜਨਵਰੀ ਤੱਕ ਕਤਾਰਾਂ ਲਗਾਤਾਰ ਲਗਦੇ ਰਹਿਣ ਦੀ ਸੰਭਾਵਨਾ ਹੈ। ਕੈਨੇਡੀਅਨ ਹਵਾਈ ਅੱਡਿਆਂ ਦੇ ਅਧਿਕਾਰੀਆਂ ਵਲੋਂ ਵਿਦਿਆਰਥੀਆਂ ਨੂੰ ਜਲਦੀ ਫਾਰਗ ਕਰਨ ਲਈ ਅਕਸਰ ਵਾਧੂ ਇੰਤਜ਼ਾਮ ਕਰਨੇ ਪੈਂਦੇ ਹਨ ਪਰ ਫਿਰ ਵੀ ਕਈ ਵਾਰੀ ਲੰਬੀ ਕਤਾਰ ਵਿਚ ਇੰਤਜ਼ਾਰ ਦਾ ਸਮਾਂ ਇਕ ਘੰਟੇ ਤੋਂ ਦੋ ਘੰਟੇ ਤੱਕ ਦਾ ਵੀ ਹੋ ਸਕਦਾ ਹੈ। ਜਿਨ੍ਹਾਂ ਵਿਦਿਆਰਥੀਆਂ ਦੀਆਂ ਫਾਈਲਾਂ ਜਿਵੇਂ ਅੰਗਰੇਜ਼ੀ ਦੇ ਟੈਸਟ ਦਾ ਸਰਟੀਫਿਕੇਟ, ਲੈਟਰ ਆਫ਼ ਅਕਸੈਪਟੈਂਸ, ਜੀ.ਆਈ.ਸੀ. ਅਕਾਊਂਟ ਦਾ ਸਰਟੀਫਿਕੇਟ, ਕੈਨੇਡਾ ਦੇ ਅਦਾਰੇ ਵਿਚ ਪੜ੍ਹਾਈ ਦੀ ਫੀਸ ਭਰੀ ਹੋਣ ਦੀ ਰਸੀਦ ਆਦਿ ਵਿਚ ਕੋਈ ਕਮੀ ਨਾ ਹੋਵੇ ਤਾਂ ਸਟੱਡੀ ਪਰਮਿਟ ਤੁਰੰਤ ਜਾਰੀ ਕੀਤੇ ਜਾਂਦੇ ਹਨ। ਸਾਰੇ ਪੇਪਰ ਪੂਰੇ ਹੋਣ ਪਰ ਵਿਦਿਆਰਥੀ ਅੰਗਰੇਜ਼ੀ ਨਾ ਬੋਲ ਸਕੇ ਤਾਂ ਮਾਮਲਾ ਉਲਝ ਸਕਦਾ ਹੈ, ਜੇ ਕੋਈ ਕਮੀ ਨਾ ਹੋਵੇ ਤਾਂ ਮੁਸ਼ਕਿਲ ਵੀ ਕੋਈ ਨਹੀਂ ਹੁੰਦੀ। ਚੰਗੀ ਗੱਲ ਇਹ ਹੈ ਕਿ ਬੀਤੇ ਸਾਲਾਂ ਦੇ ਮੁਕਾਬਲੇ ਇਸ ਵਾਰੀ ਕੈਨੇਡਾ ਦੇ ਹਵਾਈ ਅੱਡਿਆਂ ਤੋਂ ਸਟੱਡੀ ਵੀਜ਼ਾ ਵਾਲੇ ਵਿਦਿਆਰਥੀਆਂ ਨੂੰ ਬੇਰੰਗ ਵਾਪਸ ਮੋੜਨ ਦੀਆਂ ਘਟਨਾਵਾਂ ਬਹੁਤ ਹੱਦ ਤੱਕ ਘੱਟ ਹੋ ਚੁੱਕੀਆਂ ਹਨ।

## ਸਿੰਧ ਦਾ ਗੁਰਦੁਆਰਾ ਸੱਖਰ ਸੰਗਤ ਲਈ ਖੁੱਲ੍ਹਿਆ

**ਅੰਮ੍ਰਿਤਸਰ/ਏ.ਟੀ. ਨਿਊਜ਼ :** ਪਾਕਿਸਤਾਨ ਸਰਕਾਰ ਵਲੋਂ 550ਵੇਂ ਪ੍ਰਕਾਸ਼ ਪੁਰਬ ਦੇ ਮੱਦੇਨਜ਼ਰ ਸੂਬਾ ਸਿੰਧ ਦੇ ਜ਼ਿਲ੍ਹਾ ਸੱਖਰ ਵਿਚਲਾ ਗੁਰਦੁਆਰਾ ਸਾਹਿਬ ਸੱਖਰ ਸੰਗਤ ਲਈ ਪੱਕੇ ਤੌਰ 'ਤੇ ਖੋਲ੍ਹ ਦਿੱਤਾ ਗਿਆ ਹੈ। ਦੇਸ਼ ਦੀ ਵੰਡ ਦੇ ਬਾਅਦ ਤੋਂ ਇਸ ਅਸਥਾਨ ਅੰਦਰ ਸ਼ਰਨਾਰਥੀ ਮੁਸਲਿਮ ਪਰਿਵਾਰ ਰਹਿ ਰਹੇ ਸਨ ਅਤੇ ਇਥੇ ਇਲਾਕੇ ਦੇ ਹਿੰਦੂ-ਸਿੱਖਾਂ ਦੇ ਦਰਸ਼ਨ ਕਰਨ ਲਈ ਜਾਣ 'ਤੇ ਮਨਾਹੀ ਸੀ। ਸੱਖਰ ਸ਼ਹਿਰ ਦੇ ਪ੍ਰਮੁੱਖ ਚੌਕ ਵਿਚ ਸਥਾਪਿਤ ਉਕਤ ਗੁਰਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ ਅਜੇ ਸਿੰਘ ਨੇ ਦੱਸਿਆ ਕਿ ਸੂਬਾ ਸਿੰਧ ਸਰਕਾਰ ਦੇ ਵਰਕਸ ਐਂਡ ਸਰਵਿਸਿਜ਼ ਡਿਪਾਰਟਮੈਂਟ ਵਲੋਂ ਗੁਰਦੁਆਰਾ ਸਾਹਿਬ ਦੀ ਨਵ-ਉਸਾਰੀ ਸ਼ੁਰੂ ਕਰਵਾਈ ਗਈ ਹੈ। ਗੁਰਦੁਆਰਾ ਸਾਹਿਬ ਦੇ ਅੰਦਰ ਕਬਜ਼ਾ ਕਰਕੇ ਬੈਠੇ ਲੋਕਾਂ ਨੂੰ ਜਿਥੇ ਅਦਾਲਤੀ ਹੁਕਮਾਂ ਦੇ ਚੱਲਦਿਆਂ ਬਾਹਰ ਕਰ ਦਿੱਤਾ ਗਿਆ, ਉਥੇ ਹੀ 1947 ਤੋਂ ਬਾਅਦ ਇਥੇ ਰਹਿ ਰਹੇ ਮੁਸਲਿਮ ਸ਼ਰਨਾਰਥੀ ਪਰਿਵਾਰਾਂ ਨੂੰ ਰਿਹਾਇਸ਼ ਲਈ ਮਹਿਕਮਾ ਔਕਾਫ਼ ਵਲੋਂ ਹੋਰ ਜਗ੍ਹਾ ਉਪਲਬੱਧ ਕਰਵਾ ਦਿੱਤੀ ਗਈ ਹੈ। ਗੁਰਦੁਆਰਾ ਸਾਹਿਬ ਦੀ ਨਵ-ਉਸਾਰੀ ਦਾ ਉਦਘਾਟਨ ਐਮ. ਐੱਨ. ਏ. ਸੱਖਰ ਨੋਮਨ ਇਸਲਾਮ ਸ਼ੇਖ਼, ਮੇਅਰ ਅਰਸਲਾਨ ਇਸਲਾਮ ਸ਼ੇਖ਼, ਘੱਟ ਗਿਣਤੀ ਭਾਈਚਾਰਾ ਕਮੇਟੀ ਦੇ ਚੇਅਰਮੈਨ ਈਸ਼ਵਰ ਲਾਲ ਮਖੀਜਾ ਅਤੇ ਡਾ: ਬਸੰਤ ਲਾਲ ਲੱਖਵਾਨੀ ਵਲੋਂ ਸਾਂਝੇ ਤੌਰ 'ਤੇ ਕੀਤਾ ਗਿਆ।

# ਹਰਿਮੰਦਰ ਸਾਹਿਬ ਤੋਂ ਸਿੱਧੇ ਪ੍ਰਸਾਰਨ ਦੀ ਖੁਲ੍ਹ ਦੇਣ ਲਈ ਤ੍ਰਿਪਤ ਬਾਜਵਾ ਨੇ ਜਥੇਦਾਰ ਨੂੰ ਲਿਖੀ ਚਿੱਠੀ



**ਅੰਮ੍ਰਿਤਸਰ/ਏ.ਟੀ. ਨਿਊਜ਼ :** ਪੰਜਾਬ ਦੇ ਕੈਬਨਿਟ ਮੰਤਰੀ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ ਨੇ ਸੱਚਖੰਡ ਹਰਿਮੰਦਰ ਸਾਹਿਬ ਤੋਂ ਪੀਟੀਸੀ ਚੈਨਲ ਦਾ ਏਕਾਧਿਕਾਰ ਖ਼ਤਮ ਕਰ ਕੇ ਮੁਫ਼ਤ ਤੇ ਹਰ ਸਮੇਂ ਖੁਲ੍ਹੇ ਪ੍ਰਸਾਰਨ ਦੀ ਮੰਗ ਕੀਤੀ ਹੈ ਜਿਸ ਸਬੰਧੀ ਪੰਜਾਬ ਵਿਧਾਨ ਸਭਾ ਦੇ ਇਕ ਦਿਨਾ ਸੈਸ਼ਨ ਦੌਰਾਨ ਸਰਬਸੰਮਤੀ ਨਾਲ ਮਤਾ ਪਾਸ ਕਰ ਕੇ, ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਅਪੀਲ ਕੀਤੀ ਹੈ ਪਰ ਕਾਫ਼ੀ ਦਿਨ ਲੰਘਣ ਦੇ ਬਾਵਜੂਦ ਉਸ ਵਲੋਂ ਕੋਈ ਵੀ ਹੁਗਾਰਾ ਨਹੀਂ ਭਰਿਆ ਗਿਆ। ਇਹ ਵਿਧਾਨ ਸਭਾ ਸੈਸ਼ਨ 6 ਦਸੰਬਰ ਨੂੰ ਬਾਬੇ ਨਾਨਕ ਦੇ 550 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸੱਦਿਆ ਗਿਆ ਸੀ। ਪੱਤਰ ਮੁਤਾਬਕ ਸ਼੍ਰੋਮਣੀ ਅਕਾਲੀ ਦਲ ਜਿਸ ਕੋਲ ਸ਼੍ਰੋਮਣੀ ਕਮੇਟੀ ਦੇ ਜਨਰਲ ਇਜਲਾਸ ਵਿਚ ਸਪਸ਼ਟ ਬਹੁਮਤ ਹੈ ਤੇ ਉਸ ਨੇ 1996, 2004 ਵਿਚ, ਐਸ ਜੀ ਪੀ ਸੀ ਚੋਣਾਂ ਲਈ ਜਾਰੀ ਕੀਤੇ ਚੋਣ ਮੈਨੀਫੈਸਟੋ ਪੱਤਰ ਵਿਚ ਸਿੱਖ ਸੰਗਤ ਨਾਲ ਵਾਅਦਾ ਕੀਤਾ ਸੀ ਕਿ ਗੁਰਬਾਣੀ ਕੀਰਤਨ ਦੇ ਸਿੱਧੇ ਪ੍ਰਸਾਰਨ ਲਈ ਸ਼੍ਰੋਮਣੀ ਕਮੇਟੀ ਅਪਣਾ ਟੀਵੀ ਚੈਨਲ ਸਥਾਪਤ ਕਰੇਗੀ। ਦੁਨੀਆਂ ਦੇ ਹਰ ਉਸ ਟੀਵੀ ਚੈਨਲ ਅਤੇ ਰੇਡੀਉ ਨੂੰ ਗੁਰਬਾਣੀ ਕੀਰਤਨ ਦੇ ਸਿੱਧੇ ਪ੍ਰਸਾਰਨ ਦੀ ਖੁਲ੍ਹ ਦੇਣ ਲਈ 'ਜਥੇਦਾਰ' 'ਤੇ ਜ਼ੋਰ ਦਿਤਾ ਹੈ ਕਿ ਉਹ ਉਸ ਸਬੰਧੀ ਆਦੇਸ਼ ਸ਼੍ਰੋਮਣੀ ਕਮੇਟੀ ਨੂੰ ਜਾਰੀ ਕਰਨ, ਜਿਹੜੇ ਵੀ ਇਲਾਹੀ ਕੀਰਤਨ ਦਾ ਪ੍ਰਸਾਰਨ ਕਰਨਾ ਚਾਹੁੰਦੇ ਹਨ। ਐਸ ਜੀ ਪੀ ਸੀ ਨੂੰ ਗੁਰਬਾਣੀ ਕੀਰਤਨ ਦਾ ਸਿੱਧਾ ਪ੍ਰਸਾਰਨ ਕਰਨ ਦੇ ਚਾਹਵਾਨ ਟੀਵੀ ਚੈਨਲਾਂ ਮੁਫ਼ਤ ਸਿਗਨਲ ਮੁਹਈਆਂ ਕਰਵਾਉਣ ਦਾ ਪ੍ਰਬੰਧ ਕਰਨਾ ਚਾਹੀਦਾ ਹੈ।

ਸ. ਬਾਜਵਾ ਨੇ 'ਜਥੇਦਾਰ' ਨੂੰ ਲਿਖੇ ਪੱਤਰ ਵਿੱਚ ਕਿਹਾ ਹੈ ਕਿ ਮੇਰੀ ਜਾਣਕਾਰੀ ਮੁਤਾਬਕ ਇਸ ਵੇਲੇ ਸ਼੍ਰੋਮਣੀ ਕਮੇਟੀ ਵਲੋਂ ਸਿਰਫ਼ ਇਕ ਸੀਮਤ ਪ੍ਰਸਾਰਨ ਘੇਰੇ ਵਾਲੇ ਅਤੇ ਬਾਦਲ ਪਰਵਾਰ ਦੀ ਮਾਲਕੀ ਵਾਲੇ ਪੰਜਾਬੀ ਚੈਨਲ ਨੂੰ ਕੁੱਝ ਰਕਮ ਬਦਲੇ ਸੱਚਖੰਡ ਹਰਿਮੰਦਰ ਸਾਹਿਬ ਤੋਂ ਹੁੰਦੇ ਇਲਾਹੀ ਕੀਰਤਨ ਦੇ ਸਿੱਧੇ ਪ੍ਰਸਾਰਨ ਦੇ ਹੱਕ ਦਿਤੇ ਹਨ। ਸ਼੍ਰੋਮਣੀ ਕਮੇਟੀ ਦਾ ਫ਼ੈਸਲਾ ਇਹ ਕਿਸੇ ਤਰ੍ਹਾਂ ਵੀ ਦਰੁਸਤ ਨਹੀਂ ਮੰਨਿਆ ਨਹੀਂ ਜਾ ਸਕਦਾ।

ਗੁਰੂ ਗ੍ਰੰਥ ਸਾਹਿਬ ਦੇ ਹੁਕਮ ਤੇ ਹਵਾਲੇ ਅਨੁਸਾਰ ਸ. ਬਾਜਵਾ ਨੇ ਕਿਹਾ ਹੈ ਕਿ ਜੇ ਗੁਰਬਾਣੀ ਅਨੁਸਾਰ ਪੈਸਾ ਕਰਵਾਉਣ ਲਈ ਵਿਦਿਆ ਵੇਚਣਾ ਗ਼ਲਤ ਕਰਾਰ ਦਿਤਾ ਗਿਆ ਹੈ ਤਾਂ ਮਾਇਆ ਲਈ ਗੁਰਬਾਣੀ ਜਾਂ ਗੁਰਬਾਣੀ ਕੀਰਤਨ ਵੇਚਣਾ ਜਾਇਜ਼ ਨਹੀਂ ਹੋ ਸਕਦਾ।

ਦੂਸਰਾ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਵਪਾਰਕ ਅਦਾਰਾ ਨਹੀਂ, ਇਹ ਇਕ ਮਿਸ਼ਨਰੀ ਸੰਸਥਾ ਹੈ ਜਿਸ ਦੀ ਸਥਾਪਨਾ ਸਿੱਖ ਧਰਮ ਦਾ ਪ੍ਰਚਾਰ, ਪ੍ਰਸਾਰ ਅਤੇ ਸਿੱਖ ਗੁਰਦਵਾਰਾ ਸਾਹਿਬਾਨ ਦੀ ਸੇਵਾ ਸੰਭਾਲ ਦੇ ਮਕਸਦ ਲਈ ਕੀਤੀ ਗਈ ਹੈ। ਇਸ ਸਮੇਂ ਸਿਰਫ਼ ਇਕ ਚੈਨਲ ਨੂੰ ਗੁਰਬਾਣੀ ਕੀਰਤਨ ਦੇ ਸਿੱਧੇ ਪ੍ਰਸਾਰਨ ਦੇ ਹੱਕ ਦੇ ਕੇ ਸ਼੍ਰੋਮਣੀ ਕਮੇਟੀ ਆਪ ਹੀ ਗੁਰਬਾਣੀ ਦੇ ਚੈਨਲ ਨੂੰ ਕੀਰਤਨ ਰਾਹੀਂ ਘਰ ਘਰ ਪਹੁੰਚਣ ਦੇ ਰਾਹ ਵਿਚ ਰੋੜਾ ਬਣ ਰਹੀ ਹੈ। ਸ. ਬਾਜਵਾ ਨੇ ਅਤੀਤ ਦੇ ਹਵਾਲਿਆਂ ਨਾਲ ਕਿਹਾ ਹੈ ਕਿ ਸਮੁੱਚੇ ਸਿੱਖ ਜਗਤ ਦੀ ਚਿਰੋਕਣੀ ਰੀਝ ਤੇ ਤਾਂਘ ਰਹੀ ਹੈ ਕਿ ਸ੍ਰੀ ਹਰਿਮੰਦਰ ਸਾਹਿਬ ਤੋਂ ਗੁਰਬਾਣੀ ਕੀਰਤਨ ਦਾ ਸਿੱਧਾ ਪ੍ਰਸਾਰਨ ਹੋਵੇ। ਇਸ ਸਬੰਧੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਦੇ ਨਿਜੀ ਸਹਾਇਕ ਸ. ਜਸਪਾਲ ਸਿੰਘ ਨੇ ਦਸਿਆ ਹੈ ਕਿ ਇਹ ਪੱਤਰ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੂੰ ਭੇਜ ਦਿਤਾ ਗਿਆ ਹੈ ਜੋ ਇਸ ਸਬੰਧੀ ਫ਼ੈਸਲਾ ਲੈਣਗੇ।

## ਕਰਤਾਰਪੁਰ ਦੇ ਦਰਸ਼ਨਾਂ ਨੂੰ ਨਹੀਂ ਜਾ ਰਹੇ ਸਿੱਖ ਗੱਭਰੂ

### *ਪਾਕਿ ਦੇ ਠੱਪੇ ਦਾ ਸਹਿਮ ਕਿ ਨਹੀਂ ਜਾ ਸਕਣਗੇ ਵਿਦੇਸ਼ਾਂ 'ਚ*

**ਚੰਡੀਗੜ੍ਹ/ਏ.ਟੀ. ਨਿਊਜ਼ :** ਕਰਤਾਰਪੁਰ ਲਾਂਘਾ ਖੁੱਲ੍ਹਣ ਦੀ ਸਿੱਖ ਸੰਗਤਾਂ ਨੂੰ ਬੇਸਬਰੀ ਨਾਲ ਉਡੀਕ ਸੀ। ਹੁਣ ਲਾਂਘਾ ਖੁੱਲ੍ਹੇ ਨੂੰ ਮਹੀਨੇ ਤੋਂ ਵੱਧ ਹੋ ਗਿਆ ਹੈ ਪਰ ਸੰਗਤਾਂ ਦਾ ਇਸ ਨੂੰ ਭਰਵਾਂ ਹੁੰਗਾਰਾ ਨਹੀਂ ਮਿਲਿਆ। ਕਾਰਨ ਇਹ ਹੈ ਕਿ ਭਾਰਤ ਨੇ ਕਾਗਜ਼ੀ ਕਾਰਵਾਈ ਬੜੀ ਗੁੰਝਲਦਾਰ ਬਣਾਈ ਹੋਈ ਹੈ। ਕਰਤਾਰਪੁਰ ਲਾਂਘੇ ਦੇ ਉਦਘਾਟਨ ਦੇ ਇੱਕ ਮਹੀਨੇ ਬਾਅਦ ਹਾਸਲ ਅੰਕੜਿਆਂ ਮੁਤਾਬਕ ਮਹਿਜ਼ 16 ਹਜ਼ਾਰ ਸ਼ਰਧਾਲੂਆਂ ਨੇ ਹੀ ਲਾਂਘਾ ਪਾਰ ਕੀਤਾ। ਜਦੋਂਕਿ ਇਸ ਦਾ ਟੀਚਾ ਡੇਢ ਲੱਖ ਤੈਅ ਕੀਤਾ ਸੀ। ਭਾਰਤ-ਪਾਕਿ ਵਿਚਾਲੇ ਸਮਝੌਤੇ ਮੁਤਾਬਕ ਰੋਜ਼ਾਨਾ 5000 ਸ਼ਰਧਾਲੂ ਜਾ ਸਕਦੇ ਹਨ ਪਰ ਕਦੇ ਵੀ ਇਹ ਅੰਕੜਾ 2000 ਤੋਂ ਨਹੀਂ ਟੱਪਿਆ। ਇਸ ਬਾਰੇ ਕੀਤੀ ਪੁਣਛਾਣ ਦੌਰਾਨ ਪਤਾ ਲੱਗਾ ਕਿ ਸਿੱਖ ਨੌਜਵਾਨ ਕਰਤਾਰਪੁਰ ਲਾਂਘੇ ਰਾਹੀਂ ਪਾਕਿਸਤਾਨ ਜਾਣ ਤੋਂ ਕਤਰਾ ਰਹੇ ਹਨ। ਬਹੁਤ ਸਾਰੇ ਨੌਜਵਾਨਾਂ ਦਾ ਮੰਨਣਾ ਹੈ ਕਿ ਪਾਕਿਸਤਾਨ ਜਾਣ ਮਗਰੋਂ ਅਮਰੀਕਾ, ਆਸਟਰੇਲੀਆ ਤੇ ਨਿਊਜ਼ੀਲੈਂਡ ਸਮੇਤ ਹੋਰ ਦੇਸ਼ ਸਰਹੱਦ ਪਾਰ ਕਰਨ ਵਾਲੇ ਲੋਕਾਂ ਨੂੰ ਵੀਜ਼ਾ ਦੇਣ ਤੋਂ ਇਨਕਾਰ ਕਰ ਸਕਦੇ ਹਨ। ਇਹ ਵੀ ਅਹਿਮ ਹੈ ਕਿ ਜ਼ਿਆਦਾਤਰ ਪਾਸਪੋਰਟ ਵੀ ਨੌਜਵਾਨਾਂ ਦੀ ਬਣੇ ਹਨ ਜੋ ਕਿ ਪਾਕਿਸਤਾਨ ਜਾਣ ਲਈ ਜ਼ਰੂਰੀ ਹੈ। ਭਾਵੇਂ ਇਸ ਦੌਰੇ ਦੌਰਾਨ ਕੋਈ ਵੀਜ਼ਾ ਨਹੀਂ ਲੱਗਦਾ ਪਰ ਲਾਂਘੇ ਰਾਹੀਂ ਪਾਕਿਸਤਾਨ ਜਾਣ ਵਾਲੇ ਸ਼ਰਧਾਲੂਆਂ ਵੱਲੋਂ ਪਾਸਪੋਰਟਾਂ ਦਾ ਵੇਰਵਾ ਭਾਰਤ ਤੇ ਪਾਕਿਸਤਾਨ ਦੀਆਂ ਏਕੀਕ੍ਰਿਤ ਚੈੱਕ ਪੋਸਟਾਂ (ਆਈਸੀਪੀ) 'ਤੇ ਦਿੱਤਾ ਜਾਂਦਾ ਹੈ। ਇਸ ਕਾਰਨ ਬਹੁਤ ਸਾਰੇ ਸ਼ਰਧਾਲੂਆਂ ਨੂੰ ਡਰ ਹੈ ਕਿ ਪਾਕਿਸਤਾਨ ਜਾਣ ਕਾਰਨ ਉਨ੍ਹਾਂ ਦਾ ਵੀਜ਼ਾ ਦੂਜੇ ਦੇਸ਼ਾਂ ਵੱਲੋਂ ਰੱਦ ਕੀਤਾ ਜਾ ਸਕਦਾ ਹੈ। ਆਈਲੈਟਸ ਸੈਂਟਰਾਂ ਦੇ ਸੰਚਾਲਕਾਂ ਨੇ ਵੀ ਇਸ ਗੱਲ ਦਾ ਖ਼ੁਲਾਸਾ ਕੀਤਾ ਹੈ ਕਿ ਵੱਡੀ ਗਿਣਤੀ ਨੌਜਵਾਨ ਵਿਦੇਸ਼ ਦਾ ਰੁਖ਼ ਕਰ ਰਹੇ ਹਨ ਤੇ ਉਹ ਪਾਕਿਸਤਾਨ ਦਾ ਦੌਰਾ ਕਰਕੇ ਕੋਈ ਅਜਿਹਾ ਖ਼ਤਰਾ ਮੁੱਲ ਨਹੀਂ ਲੈਣਾ ਚਾਹੁੰਦੇ, ਜਿਸ ਨਾਲ ਉਨ੍ਹਾਂ ਦਾ ਵੀਜ਼ਾ ਪ੍ਰਭਾਵਿਤ ਹੋਵੇ।

## ਕਰਤਾਰਪੁਰ ਲਾਂਘੇ ਕਾਰਨ ਸਿੱਖਾਂ ਨੂੰ ਕੀਤਾ ਜਾ ਰਿਹਾ ਏ ਬਦਨਾਮ

### *ਸੋਸ਼ਲ ਮੀਡੀਆ 'ਤੇ ਮਿੱਤਰ ਬਣੀ ਲੜਕੀ ਨੂੰ ਮਿਲਣ ਪਾਕਿ ਪਹੁੰਚੇ ਨੌਜਵਾਨ ਨੂੰ ਦੱਸਿਆ ਜਾ ਰਿਹੈ ਪ੍ਰੇਮੀ*

**ਅੰਮ੍ਰਿਤਸਰ/ਏ.ਟੀ. ਨਿਊਜ਼ :** ਬੀਤੇ ਦਿਨ ਕਰਤਾਰਪੁਰ ਲਾਂਘੇ ਰਾਹੀਂ ਪਾਕਿਸਤਾਨ ਦੇ ਜ਼ਿਲ੍ਹਾ ਨਾਰੋਵਾਲ ਸਥਿਤ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਲਈ ਪਹੁੰਚੇ ਅੰਮ੍ਰਿਤਸਰ ਦੇ ਨਜ਼ਦੀਕੀ ਪਿੰਡ ਦੇ ਨੌਜਵਾਨ ਜਤਿੰਦਰ ਸਿੰਘ ਤੇ ਉਸ ਦੀ ਸੋਸ਼ਲ ਮੀਡੀਆ 'ਤੇ ਮਿੱਤਰ ਬਣੀ ਪਾਕਿਸਤਾਨੀ ਲੜਕੀ ਦੀ ਤਸਵੀਰ ਖ਼ੂਬ ਵਾਇਰਲ ਕੀਤੀ ਜਾ ਰਹੀ ਹੈ। ਮੀਡੀਆ ਅਤੇ ਸੋਸ਼ਲ ਮੀਡੀਆ 'ਤੇ ਜਤਿੰਦਰ ਸਿੰਘ ਅਤੇ ਲਾਹੌਰ ਦੀ ਆਬਾਦੀ ਮੁਹੱਲਾ ਕਰੀਮਪੁਰਾ ਵਿਚ ਰਹਿੰਦੀ ਉਕਤ ਲੜਕੀ ਦੀ ਗੁਰਦੁਆਰਾ ਸਾਹਿਬ ਦੀ ਪਰਿਕਰਮਾ ਵਿਚ ਤੁਰਦੇ ਫਿਰਦਿਆਂ ਦੀ ਤਸਵੀਰ ਵਾਇਰਲ ਕਰਦਿਆਂ ਉਕਤ ਨੌਜਵਾਨ ਦੇ ਹਵਾਲੇ ਨਾਲ ਇਹ ਪ੍ਰਚਾਰ ਕੀਤਾ ਜਾ ਰਿਹਾ ਹੈ ਕਿ ਉਹ ਲਾਂਘੇ ਦੀ ਮਾਰਫ਼ਤ ਆਪਣੀ ਪ੍ਰੇਮਿਕਾ ਨੂੰ ਮਿਲਣ ਪਾਕਿ ਪਹੁੰਚਿਆ ਸੀ। ਮੀਡੀਆ 'ਤੇ ਇਹ ਵੀ ਦਾਅਵਾ ਕੀਤਾ ਜਾ ਰਿਹਾ ਹੈ ਕਿ ਉਕਤ ਨੌਜਵਾਨ ਤੇ ਉਸ ਦੀ ਪ੍ਰੇਮਿਕਾ ਨੇ ਗੁਰਦੁਆਰਾ ਸਾਹਿਬ ਵਿਖੇ ਤਹਿ ਕੀਤਾ ਹੈ ਕਿ ਜਤਿੰਦਰ ਸਿੰਘ ਦੁਬਾਰਾ ਪਾਕਿ ਦਾ ਵੀਜ਼ਾ ਲੈ ਕੇ ਪਾਕਿਸਤਾਨ ਜਾਵੇਗਾ ਅਤੇ ਉੱਥੇ ਦੋਵੇਂ ਵਿਆਹ ਕਰਨਗੇ। ਉਕਤ ਨੌਜਵਾਨ ਨੇ ਕਿਹਾ ਕਿ ਕੁਝ ਲੋਕ ਲਾਂਘੇ ਵਿਚ ਰੁਕਾਵਟਾਂ ਖੜ੍ਹੀਆਂ ਕਰਨ ਲਈ ਅਜਿਹਾ ਪ੍ਰਚਾਰ ਕਰ ਰਹੇ ਹਨ। ਉਸ ਨੇ ਦੱਸਿਆ ਕਿ ਕਰੀਬ ਮਹੀਨਾ ਪਹਿਲਾਂ ਫੇਸਬੁੱਕ 'ਤੇ ਉਸ ਦੀ ਲਾਹੌਰ ਦੀ ਪੰਜਾਬ ਯੂਨੀਵਰਸਿਟੀ ਵਿਚ ਐਮ. ਏ. ਦੀ ਪੜ੍ਹਾਈ ਕਰ ਰਹੀ ਮੁਸਲਿਮ ਲੜਕੀ ਨਾਲ ਜਾਣ-ਪਹਿਚਾਣ ਹੋਈ ਸੀ।

# ਵਰਲਡ ਸਿੱਖ ਪਾਰਲੀਮੈਂਟ ਨੇ ਭਾਰਤ 'ਚ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਸਬੰਧੀ ਸੰਯੁਕਤ ਰਾਸ਼ਟਰ 'ਚ ਰਿਪੋਰਟ ਦਰਜ ਕਰਵਾਈ

### *ਉਡੀਸਾ 'ਚ ਗੁਰਦੁਆਰਾ ਸਾਹਿਬ ਮੰਗੂ ਮੱਠ ਢਾਹੇ ਜਾਣ ਦੇ ਵਿਰੋਧ 'ਚ ਵਿਸ਼ੇਸ਼ ਕੀਤੀ ਗਈ ਚਰਚਾ*

**ਨਿਊਯਾਰਕ/ਸੁਰਿੰਦਰ ਸਿੰਘ :**

10 ਦਸੰਬਰ ਮਨੁੱਖੀ ਅਧਿਕਾਰਾਂ ਦੀ ਇਕ ਮਹੱਤਵਪੂਰਣ ਤਾਰੀਖ ਹੈ ਕਿਉਂਕਿ ਇਸ ਦਿਨ ਤੋਂ 70 ਸਾਲ ਪਹਿਲਾਂ ਸੰਯੁਕਤ ਰਾਸਟਰ ਮਹਾਂਸਭਾ ਦੀ ਪੈਰਿਸ ਵਿਚ ਮੀਟਿੰਗ ਹੋਈ ਸੀ ਅਤੇ ਮਨੁੱਖੀ ਅਧਿਕਾਰਾਂ ਦਾ ਵਿਸ਼ਵਵਿਆਪੀ ਐਲਾਨਨਾਮਾ ਅਪਣਾਇਆ ਗਿਆ ਸੀ। ਵਰਲਡ ਸਿੱਖ ਪਾਰਲੀਮੈਂਟ ਦੀ ਯੂ.ਐਨ. ਅਤੇ ਐਨ.ਜੀ.ਓ. ਕੌਂਸਲ ਦੇ ਮੈਂਬਰਾਂ ਨੇ ਸੰਯੁਕਤ ਰਾਜ ਦੇ ਮਨੁੱਖੀ ਅਧਿਕਾਰਾਂ ਲਈ ਸਹਾਇਕ ਕਮਿਸ਼ਨਰ (ਓ.ਐਚ.ਸੀ.ਐਚ.ਆਰ.) ਐਂਡਰਿਊ ਗਿਲਮੌਰ ਅਤੇ ਕਰੀਗ ਮੋਖੀਬਰ ਡਾਇਰੈਕਟਰ ਹੈੱਡ ਆਫ ਦਾ ਆਫਿਸ ਆਫ ਯੂਨਾਈਟਡ ਨੇਸ਼ਨਸ ਫਾਰ ਹਿਊਮਨ ਰਾਈਟਸ ਇਨ ਨਿਊਯਾਰਕ ਨਾਲ ਭਾਰਤ ਵਿਚ ਘੱਟ ਗਿਣਤੀਆਂ ਨਾਲ ਹੁੰਦੀਆਂ ਵਧੀਕੀਆਂ ਅਤੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਸਬੰਧੀ ਮੁਲਾਕਾਤ ਕੀਤੀ।



ਬੈਠਕ ਵਿਚ ਸਵਰਨਜੀਤ ਸਿੰਘ ਖਾਲਸਾ ਕੋਆਰਡੀਨੇਟਰ ਕੌਂਸਲ ਨੇ ਸਵਾਲ ਕੀਤਾ ਕਿ ਸੰਯੁਕਤ ਰਾਸ਼ਟਰ 1947 ਵਿਚ ਆਪਣੀ ਕੌਮ ਗੁਆ ਚੁੱਕੇ ਅਤੇ ਭਾਰਤੀ ਅਧਿਕਾਰਤ ਪੰਜਾਬ ਵਿਚ ਬਰਾਬਰ ਅਧਿਕਾਰਾਂ ਲਈ ਸੰਘਰਸ਼ ਕਰ ਰਹੇ ਸਿੱਖਾਂ ਦੀ ਕਿਵੇਂ ਮਦਦ ਕਰ ਸਕਦਾ ਹੈ? ਖਾਲਸੇ ਨੇ ਇਹ ਵੀ ਕਿਹਾ, "ਇਹ ਬਹੁਤ ਮੰਦਭਾਗਾ ਹੈ ਕਿ ਸਾਡਾ ਭਾਈਚਾਰਾ ਸਿੱਖ ਨਸਲਕੁਸ਼ੀ ਦੀ ਸਿੱਖਿਆ ਸਮੇਤ ਸਿੱਖ ਇਤਿਹਾਸ ਬਾਰੇ ਸਿੱਖਿਆ ਫੈਲਾਉਣ ਤੋਂ ਵਾਂਝਾ ਹੈ। ਭਾਰਤੀ ਕੌਂਸਲੇਟ ਆਪਣੇ ਪ੍ਰਭਾਵ ਨੂੰ ਕੰਟਰੋਲ ਕਰਨ ਲਈ ਵਰਤਦੇ ਹਨ। ਵਿਦੇਸ਼ਾਂ ਵਿਚ ਰਹਿੰਦੇ ਸਿੱਖਾਂ ਕੋਲ ਆਪਣੇ ਸੁਤੰਤਰ ਦੇਸ ਦੀ ਮੰਗ ਕਰਨ ਤੋਂ ਇਲਾਵਾ ਕੋਈ ਚਾਰਾ ਨਹੀਂ ਬਚਦਾ।"

ਵਰਲਡ ਸਿੱਖ ਪਾਰਲੀਮੈਂਟ ਦੇ ਕੋਆਰਡੀਨੇਟਰ ਅਤੇ ਯੂ.ਐਨ., ਐਨ.ਜੀ.ਓ. ਕੌਂਸਲ ਦੇ ਮੈਂਬਰ ਹਿੰਮਤ ਸਿੰਘ ਨੇ ਉਨ੍ਹਾਂ ਨੂੰ ਜਾਗਰੂਕ ਕੀਤਾ ਕਿ ਕਿਵੇਂ ਸਿਖਾਂ ਦੇ ਇਤਿਹਾਸ ਨੂੰ ਭਾਰਤ ਵਿਚ ਮਿਟਾਇਆ ਜਾ ਰਿਹਾ ਹੈ ਅਤੇ ਇਸ ਗੱਲ ਦਾ ਸੰਕੇਤ ਦਿੱਤਾ ਕਿ ਕਿਵੇਂ ਉੜੀਸਾ (ਮੰਗੂ ਮੱਟ) ਵਿਚ ਇਤਿਹਾਸਕ ਗੁਰਦੁਆਰਿਆਂ ਨੂੰ ਢਾਹਿਆ ਜਾ ਰਿਹਾ ਹੈ। ਉਨ੍ਹਾਂ ਕਿਹਾ, "ਸਾਡਾ ਇਤਿਹਾਸ ਅਤੇ ਧਰਮ ਨਿਯੰਤਰਿਤ ਹਮਲੇ ਅਧੀਨ ਹਨ। ਇਸ ਸਾਲ ਦੁਨੀਆਂ ਭਰ ਦੇ ਸਿੱਖ ਗੁਰੂ ਨਾਨਕ ਗੁਰਪੁਰਬ ਦਾ 550 ਵਾਂ ਜਨਮ ਦਿਹਾੜਾ ਮਨਾ ਰਹੇ ਹਨ ਅਤੇ ਉਸੇ ਸਮੇਂ ਗੁਰੂ ਨਾਨਕ ਦੇਵ ਜੀ ਨਾਲ ਸਬੰਧਤ ਅਸਥਾਨ ਨੂੰ ਢਾਹੁਣ ਦੀ ਘਟਨਾ ਨੇ ਸਿੱਖ ਸੰਗਤਾਂ ਨੂੰ ਡੂੰਘੀ ਠੇਸ ਪਹੁੰਚਾਈ ਹੈ।"

ਸੈਲਫ ਡਿਟਰਮੀਨੇਸ਼ਨ ਕੌਂਸਲ (ਸਵੈ ਨਿਰਣੈ ਕੌਂਸਲ) ਦੇ ਮੈਂਬਰ ਬਲਜਿੰਦਰ ਸਿੰਘ ਵੀ ਮੌਜੂਦ ਸਨ ਅਤੇ ਉਨ੍ਹਾਂ ਨੇ ਇਹ ਮੁੱਦਾ ਉਠਾਇਆ ਕਿ ਕਿਵੇਂ ਸਿੱਖ ਰਾਜਨੀਤਿਕ ਕੈਦੀ 30 ਸਾਲ ਤੋਂ ਵੱਧ ਸਮੇਂ ਲਈ ਬਿਨਾਂ ਕਿਸੇ ਜੁਰਮ ਦੇ ਜੇਲ੍ਹ ਵਿੱਚ ਬੰਦ ਹਨ। ਸੰਯੁਕਤ ਰਾਸ਼ਟਰ ਦੇ ਨੁਮਾਇੰਦਿਆਂ ਨੇ ਸਿੱਖ ਭਾਈਚਾਰੇ ਦੀਆਂ ਸ਼ਿਕਾਇਤਾਂ ਨੂੰ ਸੁਣਿਆ ਅਤੇ ਭਾਰਤ ਵੱਲੋਂ ਕੀਤੀਆਂ ਜਾ ਰਹੀਆਂ ਕਈ ਉਲੰਘਣਾਵਾਂ ਬਾਰੇ ਨੋਟ ਕੀਤਾ।

ਉਨ੍ਹਾਂ ਸਿੱਖਾਂ ਨੂੰ ਸੰਯੁਕਤ ਰਾਸ਼ਟਰ ਵਿੱਚ ਵੱਧ ਚੜ੍ਹ ਕੇ ਹਿੱਸਾ ਲੈਣ ਦੀ ਸਿਫਾਰਸ਼ ਕੀਤੀ ਤਾਂ ਜੋ ਸਿੱਖ ਸਰੋਕਾਰਾਂ ਨੂੰ ਵਿਸ਼ਵ ਭਰ ਦੇ ਵਿਸ਼ਾਲ ਸਮੂਹਾਂ ਅਤੇ ਦੇਸ਼ਾਂ ਨਾਲ ਸਾਂਝਾ ਕੀਤਾ ਜਾ ਸਕੇ। ਵੱਖ-ਵੱਖ ਦੇਸ਼ਾਂ ਦੇ ਬਹੁਤ ਸਾਰੇ ਪ੍ਰਤੀਭਾਗੀਆਂ ਨੇ ਆਪਣੀਆਂ ਚਿੰਤਾਵਾਂ ਅਤੇ ਉਲੰਘਣਾਵਾਂ ਵੀ ਸਾਂਝੀਆਂ ਕੀਤੀਆਂ। ਯੂਨਾਈਟਡ ਨੇਸ਼ਨਸ ਦੇ ਅਹੁਦੇਦਾਰਾਂ ਨੇ ਮਸਲਿਆਂ ਨੂੰ ਬਹੁਤ ਧਿਆਨ ਨਾਲ ਸੁਣਿਆ ਅਤੇ ਇਹਨਾਂ ਤੇ ਕਾਰਵਾਈ ਕਰਨ ਦਾ ਭਰੋਸਾ ਦਿੱਤਾ।

# ਬਾਦਲ ਵਿਰੋਧੀ ਅਕਾਲੀ ਧੜੇ ਤਾਲਮੇਲ ਕਮੇਟੀ ਬਣਾਉਣ ਲੱਗੇ

## ਸੁਖਬੀਰ ਸਿੰਘ ਬਾਦਲ ਤੀਜੀ ਵਾਰ ਬਣੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ

**ਅੰਮ੍ਰਿਤਸਰ/ਏ.ਟੀ. ਨਿਊਜ਼ :** ਬਾਦਲ ਵਿਰੋਧੀ ਅਕਾਲੀ ਧੜਿਆਂ ਅਤੇ ਆਗੂਆਂ ਵਲੋਂ ਇੱਕ ਮੰਚ 'ਤੇ ਆਉਣ ਲਈ ਕੀਤੇ ਸਥਾਪਨਾ ਦਿਵਸ ਸਮਾਗਮ ਦੀ ਸਫ਼ਲਤਾ ਤੋਂ ਬਾਅਦ ਹੁਣ ਇਨ੍ਹਾਂ ਧੜਿਆਂ ਵਲੋਂ ਜਲਦੀ ਹੀ ਇੱਕ ਮੀਟਿੰਗ ਕੀਤੀ ਜਾਵੇਗੀ। ਮੀਟਿੰਗ ਵਿੱਚ ਮੁੱਢਲੇ ਤੌਰ 'ਤੇ ਤਾਲਮੇਲ ਕਮੇਟੀ ਬਣਾਉਣ ਦੀ ਯੋਜਨਾ ਹੈ। ਦੂਸਰੇ ਪਾਸੇ ਅਕਾਲੀ ਦਲ ਦੀ ਸਥਾਪਨਾ ਦਿਵਸ 'ਤੇ ਸ਼੍ਰੋਮਣੀ ਕਮੇਟੀ ਦੇ ਮੁੱਖ ਦਫ਼ਤਰ ਸਥਿਤ ਇਤਿਹਾਸਕ ਤੇਜਾ ਸਿੰਘ ਸਮੁੰਦਰੀ ਹਾਲ ਅੰਮ੍ਰਿਤਸਰ ਵਿਖੇ ਵੱਡਾ ਇਕੱਠ ਕਰਨ ਤੋਂ ਬਾਅਦ ਅਤੇ ਸ਼੍ਰੋਮਣੀ ਅਕਾਲੀ ਦਲ ਦਾ ਪ੍ਰਧਾਨ ਸੁਖਬੀਰ ਬਾਦਲ ਨੂੰ ਚੁਣੇ ਜਾਣ ਤੋਂ ਬਾਅਦ ਸ਼੍ਰੋਮਣੀ ਅਕਾਲੀ ਦਲ ਪੰਥਕ ਫੈਸਲੇ ਲੈਣ ਲਈ ਸਰਗਰਮ ਹੋ ਗਿਆ ਹੈ।



ਡੈਲੀਗੇਟ ਇਜਲਾਸ ਦੌਰਾਨ ਅਕਾਲੀ ਦਲ (ਬ) ਦੇ ਮੌਜੂਦਾ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਸਰਬਸੰਮਤੀ ਨਾਲ ਲਗਾਤਾਰ ਤੀਸਰੀ ਵਾਰ ਅਗਲੇ ਪੰਜ ਸਾਲਾਂ ਲਈ ਦਲ ਦਾ ਪ੍ਰਧਾਨ ਚੁਣ ਲਿਆ ਗਿਆ। ਇਜਲਾਸ ਵਿਚ ਪਾਰਟੀ ਦੇ ਪੰਜਾਬ ਤੇ ਹੋਰ ਰਾਜਾਂ ਨਾਲ ਸਬੰਧਿਤ ਸਾਢੇ ਪੰਜ ਸੌ ਦੇ ਕਰੀਬ ਆਗੂ ਸ਼ਾਮਿਲ ਹੋਏ। ਪਾਰਟੀ ਦੇ ਸੀਨੀਅਰ ਆਗੂ ਬਲਵਿੰਦਰ ਸਿੰਘ ਭੂੰਦੜ ਦੀ ਨਿਗਰਾਨੀ ਵਿਚ ਹੋਏ ਇਜਲਾਸ ਦੌਰਾਨ ਸੁਖਬੀਰ ਸਿੰਘ ਬਾਦਲ ਦਾ ਪ੍ਰਧਾਨ ਵਜੋਂ ਨਾਂਅ ਪਾਰਟੀ ਦੇ ਸੀਨੀਅਰ ਆਗੂ ਜਥੇ: ਤੋਤਾ ਸਿੰਘ ਨੇ ਪੇਸ਼ ਕੀਤਾ, ਜਿਸ ਦੀ ਤਾਈਦ ਪ੍ਰੇਮ ਸਿੰਘ ਚੰਦੂਮਾਜਰਾ ਤੇ ਜਗਮੀਤ ਸਿੰਘ ਬਰਾੜ ਨੇ ਕੀਤੀ। ਉਨ੍ਹਾਂ ਦੇ ਮੁਕਾਬਲੇ ਹੋਰ ਕੋਈ ਵੀ ਪ੍ਰਧਾਨਗੀ ਲਈ ਨਾਂਅ ਪੇਸ਼ ਨਾ ਹੋਣ 'ਤੇ ਇਜਲਾਸ ਵਿਚ ਮੌਜੂਦ ਪਾਰਟੀ ਵਰਕਰਾਂ ਤੇ ਆਗੂਆਂ ਵਲੋਂ ਬੋਲੇ ਸੋ ਨਿਹਾਲ ਦੇ ਜੈਕਾਰਿਆਂ ਵਿਚ ਸਟੇਜ ਸਕੱਤਰ ਡਾ: ਦਲਜੀਤ ਸਿੰਘ ਚੀਮਾ ਨੇ ਸੁਖਬੀਰ ਦੇ ਸਰਬਸੰਮਤੀ ਨਾਲ ਮੁੜ ਪ੍ਰਧਾਨ ਚੁਣੇ ਜਾਣ ਦਾ ਐਲਾਨ ਕੀਤਾ।

ਇਜਲਾਸ ਵਿਚ ਹਰਸਿਮਰਤ ਕੌਰ ਬਾਦਲ, ਬਿਕਰਮ ਸਿੰਘ ਮਜੀਠੀਆ, ਬੀਬੀ ਜਗੀਰ ਕੌਰ, ਭਾਈ ਗੋਬਿੰਦ ਸਿੰਘ ਲੌਂਗੋਵਾਲ, ਗੁਲਜ਼ਾਰ ਸਿੰਘ ਰਣੀਕੇ, ਜਥੇ: ਅਵਤਾਰ ਸਿੰਘ ਹਿਤ, ਮਨਜਿੰਦਰ ਸਿੰਘ ਸਿਰਸਾ, ਚਰਨਜੀਤ ਸਿੰਘ ਅਟਵਾਲ, ਸਿਕੰਦਰ ਸਿੰਘ ਮਲੂਕਾ, ਬੀਬੀ ਉਪਿੰਦਰਜੀਤ ਕੌਰ, ਦਰਬਾਰਾ ਸਿੰਘ ਗੁਰੂ, ਮਹੇਸ਼ਇੰਦਰ ਸਿੰਘ ਗਰੇਵਾਲ ਸਮੇਤ ਹੋਰ ਸੀਨੀਅਰ ਆਗੂ ਸ਼ਾਮਿਲ ਸਨ। ਇਸ ਮੌਕੇ ਪਾਰਟੀ ਦੇ ਲੰਮਾ ਸਮਾਂ ਪ੍ਰਧਾਨ ਰਹੇ ਸੀਨੀਅਰ ਆਗੂ ਸ: ਪ੍ਰਕਾਸ਼ ਸਿੰਘ ਬਾਦਲ ਵਲੋਂ ਅੱਧੀ ਸਦੀ ਤੋਂ ਪਾਰਟੀ ਤੇ ਪੰਥ ਪ੍ਰਤੀ ਨਿਭਾਈਆਂ ਜਾ ਰਹੀਆਂ ਸੇਵਾਵਾਂ ਦੀ ਸ਼ਲਾਘਾ ਕਰਦਿਆਂ ਪਾਰਟੀ ਆਗੂਆਂ ਵਲੋਂ ਉਨ੍ਹਾਂ ਨੂੰ ਹਮੇਸ਼ਾ ਲਈ ਪਾਰਟੀ ਦਾ ਸਰਪ੍ਰਸਤ ਬਣਾਏ ਜਾਣ ਦਾ ਐਲਾਨ ਵੀ ਕੀਤਾ ਗਿਆ। ਸੁਖਬੀਰ ਦੇ ਪ੍ਰਧਾਨ ਚੁਣੇ ਜਾਣ 'ਤੇ ਉਨ੍ਹਾਂ ਨੂੰ ਸ: ਭੂੰਦੜ, ਭਾਈ ਲੌਂਗੋਵਾਲ, ਜਥੇ: ਤੋਤਾ ਸਿੰਘ, ਪ੍ਰੇਮ ਸਿੰਘ ਚੰਦੂਮਾਜਰਾ, ਜਗਮੀਤ ਸਿੰਘ ਬਰਾੜ, ਡਾ: ਚੀਮਾ ਤੇ ਹੋਰਾਂ ਵਲੋਂ ਸ੍ਰੀ ਸਾਹਿਬ, ਸਿਰੋਪਾਓ ਤੇ ਦਸਤਾਰ ਭੇਟ ਕਰਕੇ ਸਨਮਾਨਿਤ ਕੀਤਾ ਗਿਆ।

ਇਜਲਾਸ ਵਿਚ ਸਿਹਤ ਠੀਕ ਨਾ ਹੋਣ ਕਾਰਨ ਦਲ ਦੇ ਸਰਪ੍ਰਸਤ ਸ: ਪ੍ਰਕਾਸ਼ ਸਿੰਘ ਬਾਦਲ ਸ਼ਾਮਿਲ ਨਹੀਂ ਹੋ ਸਕੇ। ਇਸ ਮੌਕੇ ਪਾਰਟੀ ਤੋਂ ਨਾਰਾਜ਼ ਚੱਲ ਰਹੇ ਸੁਖਦੇਵ ਸਿੰਘ ਢੀਂਡਸਾ ਦੇ ਬੇਟੇ ਤੇ ਅਕਾਲੀ ਦਲ ਦੇ ਸੀਨੀਅਰ ਆਗੂ ਪਰਮਿੰਦਰ ਸਿੰਘ ਢੀਂਡਸਾ ਤੇ ਬਾਦਲ ਪਰਿਵਾਰ ਦੇ ਨਜ਼ਦੀਕੀ ਰਿਸ਼ਤੇਦਾਰ ਆਦੇਸ਼ ਪ੍ਰਤਾਪ ਸਿੰਘ ਕੈਰੋਂ ਦੀ ਇਜਲਾਸ ਵਿਚ ਗ਼ੈਰ-ਹਾਜ਼ਰੀ ਵੀ ਰੜਕਦੀ ਰਹੀ। ਸੂਤਰਾਂ ਤੋਂ ਪਤਾ ਲੱਗਾ ਹੈ ਕਿ ਸ਼੍ਰੋਮਣੀ ਅਕਾਲੀ ਦਲ ਨੇ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਹਰਪ੍ਰੀਤ ਸਿੰਘ ਨੂੰ ਪੰਥਕ ਫੈਸਲੇ ਲੈਣ ਦੀ ਪੂਰੀ ਛੂਟ ਦਿੱਤੀ ਹੋਈ ਹੈ। ਜਥੇਦਾਰ ਹਰਪ੍ਰੀਤ ਸਿੰਘ ਦੇ ਆ ਰਹੇ ਪੰਥਕ ਹਿੱਤਾਂ ਬਾਰੇ ਧੜੱਲੇਦਾਰ ਬਿਆਨ ਇਸ ਗੱਲ ਦੇ ਸਬੂਤ ਹਨ।

ਸ਼੍ਰੋਮਣੀ ਅਕਾਲੀ ਦਲ (ਬ) ਵਲੋਂ ਪੇਸ਼ ਤੇ ਪਾਸ ਕੀਤੇ ਅਹਿਮ ਮਤੇ ਵਿਚ ਕਿਹਾ ਗਿਆ ਕਿ ਸ਼੍ਰੋਮਣੀ ਅਕਾਲੀ ਦਲ ਦੇਸ਼ ਅੰਦਰ ਧਰਮ ਨਿਰਪੱਖ ਅਤੇ ਸੰਘੀ ਢਾਂਚੇ ਦਾ ਹਾਮੀ ਹੈ। ਇਕ ਹੋਰ ਮਤੇ ਵਿਚ ਕਿਹਾ ਕਿ ਅਕਾਲੀ ਦਲ ਸਾਰੇ ਸੂਬਿਆਂ ਨੂੰ ਵਿੱਤੀ ਅਤੇ ਸਿਆਸੀ ਖ਼ੁਦਮੁਖ਼ਤਿਆਰੀ ਦੇਣ ਦਾ ਹਾਮੀ ਹੈ। ਪਾਰਟੀ ਨੇ ਇਹ ਵੀ ਮੰਗ ਕੀਤੀ ਕਿ ਘੱਟੋ-ਘੱਟ ਸਮਰਥਨ ਮੁੱਲ (ਐਮ. ਐਸ. ਪੀ.) ਅਤੇ ਫ਼ਸਲਾਂ ਦੀ ਖ਼ਰੀਦ ਨੂੰ ਕਾਨੂੰਨੀ ਤੌਰ 'ਤੇ ਲਾਗੂ ਕਰਨ ਯੋਗ ਬਣਾਉਣ ਲਈ ਇਨ੍ਹਾਂ ਦੋਵਾਂ ਨੂੰ ਕਿਸਾਨਾਂ ਦਾ ਬੁਨਿਆਦੀ ਅਧਿਕਾਰ ਬਣਾਇਆ ਜਾਵੇ। ਸ੍ਰੀ ਕਰਤਾਰਪੁਰ ਸਾਹਿਬ ਲਾਂਘਾ ਬਣਾਉਣ ਲਈ ਪ੍ਰਧਾਨ ਮੰਤਰੀ ਮੋਦੀ ਅਤੇ ਭਾਰਤ ਤੇ ਪਾਕਿਸਤਾਨ ਦੀਆਂ ਸਰਕਾਰਾਂ ਦਾ ਧੰਨਵਾਦ ਕੀਤਾ ਗਿਆ। ਦਿੱਲੀ, ਹਿਮਾਚਲ ਪ੍ਰਦੇਸ਼, ਹਰਿਆਣਾ ਅਤੇ ਰਾਜਸਥਾਨ ਸਮੇਤ ਚੰਡੀਗੜ੍ਹ ਵਿਚ ਪੰਜਾਬੀ ਭਾਸ਼ਾ ਨਾਲ ਕੀਤੇ ਜਾ ਰਹੇ ਮਤਰੇਏ ਵਿਹਾਰ 'ਤੇ ਡੂੰਘੀ ਚਿੰਤਾ ਪ੍ਰਗਟ ਕੀਤੀ ਗਈ। ਪੰਜਾਬ ਦੇ ਸਾਰੇ ਗੁਆਂਢੀ ਰਾਜਾਂ, ਹਰਿਆਣਾ, ਰਾਜਸਥਾਨ, ਹਿਮਾਚਲ ਪ੍ਰਦੇਸ਼ ਅਤੇ ਦਿੱਲੀ ਵਿਚ ਪੰਜਾਬੀ ਨੂੰ ਦੂਜੀ ਭਾਸ਼ਾ ਦਾ ਰੁਤਬਾ ਦੇਣ ਦੀ ਮੰਗ ਕੀਤੀ ਗਈ। ਪਾਸ ਇਕ ਹੋਰ ਮਤੇ ਰਾਹੀਂ ਦਲ ਨੇ ਪੰਜਾਬ ਦੀ ਆਪਣੀ ਰਾਜਧਾਨੀ ਚੰਡੀਗੜ੍ਹ ਅਤੇ ਬਾਕੀ ਪੰਜਾਬੀ ਬੋਲਦੇ ਇਲਾਕਿਆਂ ਨੂੰ ਤੁਰੰਤ ਪੰਜਾਬ ਵਿਚ ਸ਼ਾਮਿਲ ਕਰਨ ਦੀ ਮੰਗ ਕੀਤੀ ਗਈ। ਇਜਲਾਸ ਦੌਰਾਨ ਪਾਸ ਇਕ ਹੋਰ ਮਤੇ ਰਾਹੀਂ ਇਕ ਹਲਫ਼ੀਆ ਬਿਆਨ ਦੇ ਕੇ ਚੰਡੀਗੜ੍ਹ 'ਤੇ ਪੰਜਾਬ ਦੇ ਅਧਿਕਾਰ ਨੂੰ ਛੱਡਣ ਲਈ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਸਖ਼ਤ ਨਿਖੇਧੀ ਕੀਤੀ। ਇਸ ਦੌਰਾਨ ਪੰਜਾਬ ਦੇ ਆਪਣੇ ਦਰਿਆਈ ਪਾਣੀਆਂ 'ਤੇ ਅਟੱਲ ਅਤੇ ਨਿਵੇਕਲੇ ਅਧਿਕਾਰ ਨੂੰ ਦੁਹਰਾਇਆ ਗਿਆ। ਭਾਈ ਬਲਵੰਤ ਸਿੰਘ ਰਾਜੋਆਣਾ ਦੀ ਤੁਰੰਤ ਰਿਹਾਈ ਤੋਂ ਇਲਾਵਾ ਸਜ਼ਾਵਾਂ ਪੂਰੀਆਂ ਕਰਨ ਤੋਂ ਬਾਅਦ ਵੀ ਜੇਲ੍ਹਾਂ ਅੰਦਰ ਬੰਦ ਸਾਰੇ ਸਿੱਖ ਕੈਦੀਆਂ ਦੀ ਤੁਰੰਤ ਰਿਹਾਈ ਦੀ ਮੰਗ ਕੀਤੀ। ਇਕ ਹੋਰ ਮਤੇ ਵਿਚ ਸਾਬਕਾ ਪ੍ਰਧਾਨ ਮੰਤਰੀ ਡਾ: ਮਨਮੋਹਨ ਸਿੰਘ ਵਲੋਂ ਕੀਤੇ ਇਕਬਾਲ ਕਿ ਜੇਕਰ ਰਾਜੀਵ ਗਾਂਧੀ ਸਰਕਾਰ ਦਾ ਗ੍ਰਹਿ ਮੰਤਰੀ ਨਰਸਿੰਮ੍ਹਾ ਰਾਓ ਫ਼ੌਜ ਤਾਇਨਾਤ ਕਰਨ ਤੋਂ ਇਨਕਾਰ ਨਾ ਕਰਦਾ ਤਾਂ 1984 ਵਿਚ ਸਿੱਖਾਂ ਦਾ ਕਤਲੇਆਮ ਹੋਣ ਤੋਂ ਬਚ ਸਕਦਾ ਸੀ, ਨੂੰ ਇਕ ਚਸ਼ਮਦੀਦ ਗਵਾਹੀ ਕਰਾਰ ਦਿੰਦਿਆਂ ਸੁਪਰੀਮ ਕੋਰਟ ਦੇ ਮੌਜੂਦਾ ਜੱਜ ਕੋਲੋਂ ਜਾਂਚ ਦੀ ਮੰਗ ਕੀਤੀ। ਇਸ ਮਤੇ ਵਿਚ ਰਾਜੀਵ ਗਾਂਧੀ ਕੋਲੋਂ ਭਾਰਤ ਰਤਨ ਵਾਪਸ ਲੈਣ ਅਤੇ ਸਾਰੀਆਂ ਸਰਕਾਰੀ ਸਕੀਮਾਂ ਅਤੇ ਪ੍ਰਾਜੈਕਟਾਂ ਉੱਪਰੋਂ ਸਾਬਕਾ ਪ੍ਰਧਾਨ ਮੰਤਰੀ ਦਾ ਨਾਂਅ ਹਟਾਉਣ ਦੀ ਵੀ ਮੰਗ ਕੀਤੀ।

ਇਸ ਮੌਕੇ ਪਾਸ ਕੀਤੇ ਹੋਰ ਮਤੇ ਵਿਚ ਗੁ: ਗਿਆਨ ਗੋਦੜੀ ਸਾਹਿਬ ਹਰਦੁਆਰ, ਗੁ: ਗੁਰੂ ਡਾਂਗਮਾਰ ਸਿੱਕਮ, ਗੁ: ਬਾਵਲੀ ਮੱਠ ਤੇ ਮੰਗੂ ਮੱਠ ਓਡੀਸ਼ਾ ਦਾ ਪ੍ਰਬੰਧ ਸ਼੍ਰੋਮਣੀ ਕਮੇਟੀ ਦੇ ਹਵਾਲੇ ਕਰਨ ਦੀ ਮੰਗ ਕੀਤੀ ਗਈ।

### ਕੀ ਕਰ ਰਹੇ ਹਨ ਬਾਦਲ ਵਿਰੋਧੀ ਦਲ

ਇਕ ਪਾਸੇ ਸ਼੍ਰੋਮਣੀ ਅਕਾਲੀ ਦਲ (ਬ) ਵਲੋਂ ਦਲ ਦਾ 99ਵਾਂ ਸਥਾਪਨਾ ਦਿਵਸ ਅਕਾਲ ਤਖ਼ਤ ਸਾਹਿਬ ਵਿਖੇ ਮਨਾਇਆ ਗਿਆ, ਉੱਧਰ ਦੂਸਰੇ ਪਾਸੇ ਦਲ ਤੋਂ ਖ਼ਫ਼ਾ ਸੀਨੀਅਰ ਅਕਾਲੀ ਲੀਡਰਸ਼ਿਪ ਅਤੇ ਪੰਥਕ ਤੌਰ 'ਤੇ ਉਪਰੋਕਤ ਦਿਨ ਮਨਾਉਂਦੇ ਹੋਏ ਅੰਮ੍ਰਿਤਸਰ ਵਿਖੇ ਸਾਂਝੀ ਕਾਨਫਰੰਸ ਕੀਤੀ, ਜਿਸ ਵਿਚ ਅਕਾਲੀ ਦਲ ਦੇ ਸਿਧਾਂਤਕ ਫ਼ੈਸਲੇ ਇਕੱਠੇ ਹੋ ਕੇ ਦ੍ਰਿੜ੍ਹਤਾ ਨਾਲ ਲੈਣ ਤੇ ਬਾਦਲ ਪਰਿਵਾਰ ਦੇ ਗਲਬੇ ਵਿਚੋਂ ਸ਼੍ਰੋਮਣੀ ਕਮੇਟੀ, ਅਕਾਲ ਤਖ਼ਤ ਸਾਹਿਬ ਅਤੇ ਅਕਾਲੀ ਦਲ ਨੂੰ ਮੁਕਤ ਕਰਵਾਉਣ ਦਾ ਪ੍ਰਣ ਲਿਆ ਗਿਆ। ਇਸ ਦੌਰਾਨ ਅਗਲੇ ਦਿਨਾਂ ਵਿਚ ਇਕ ਕਮੇਟੀ ਦਾ ਗਠਨ ਕਰਨ ਤੇ ਹੋਰ ਹਮਖ਼ਿਆਲੀ ਆਗੂਆਂ ਨੂੰ ਨਾਲ ਲੈ ਕੇ ਨਵੀਂ ਰੂਪਰੇਖਾ ਤਿਆਰ ਕਰਨ ਦਾ ਫ਼ੈਸਲਾ ਵੀ ਲਿਆ ਗਿਆ। ਉਨ੍ਹਾਂ ਨੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋ ਕੇ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਖੜ੍ਹੇ ਹੋ ਕੇ ਅਕਾਲੀ ਦਲ ਦੇ ਅਸਲ ਸਿਧਾਂਤ 'ਤੇ ਪਹਿਰਾ ਦੇਣ ਤੇ ਚੜ੍ਹਦੀ ਕਲਾ ਦੀ ਅਰਦਾਸ ਕੀਤੀ।

ਸਥਾਪਨਾ ਦਿਵਸ ਮੌਕੇ ਸੀਨੀਅਰ ਅਕਾਲੀ ਲੀਡਰਸ਼ਿਪ ਵਲੋਂ ਆਪਣੇ ਨਾਲ ਹਮਖ਼ਿਆਲੀ ਪੰਥਕ ਧਿਰਾਂ ਨੂੰ ਨਾਲ ਲੈ ਕੇ ਅੰਮ੍ਰਿਤਸਰ ਦੇ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ ਮਜੀਠਾ ਬਾਈਪਾਸ ਵਿਖੇ ਕਾਨਫ਼ਰੰਸ ਰੱਖੀ ਗਈ, ਜਿਸ ਵਿਚ ਸੰਸਦ ਮੈਂਬਰ ਸੁਖਦੇਵ ਸਿੰਘ ਢੀਂਡਸਾ, ਰਣਜੀਤ ਸਿੰਘ ਬ੍ਰਹਮਪੁਰਾ, ਰਵੀਇੰਦਰ ਸਿੰਘ, ਬਲਵੰਤ ਸਿੰਘ ਰਾਮੂਵਾਲੀਆ, ਅਕਾਲੀ ਦਲ ਦਿੱਲੀ ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ, ਮਨਜੀਤ ਸਿੰਘ ਜੀ.ਕੇ., ਸੇਵਾ ਸਿੰਘ ਸੇਖਵਾਂ, ਬੀਰਦਵਿੰਦਰ ਸਿੰਘ, ਡਾ. ਰਤਨ ਸਿੰਘ ਅਜਨਾਲਾ, ਸ਼੍ਰੋਮਣੀ ਕਮੇਟੀ ਦੇ ਸਾਬਕਾ ਜਨਰਲ ਸਕੱਤਰ ਸੁਖਦੇਵ ਸਿੰਘ ਭੌਰ, ਸਾਬਕਾ ਜਥੇਦਾਰ ਭਾਈ ਬਲਵੰਤ ਸਿੰਘ ਨੰਦਗੜ੍ਹ, ਕੁਲਵੰਤ ਸਿੰਘ ਰੰਧਾਵਾ, ਹਰਬੰਸ ਸਿੰਘ ਮੰਝਪੁਰ, ਮਰਹੂਮ ਮਨਜੀਤ ਸਿੰਘ ਕਲਕੱਤਾ ਦਾ ਪੁੱਤਰ ਗੁਰਪ੍ਰੀਤ ਸਿੰਘ ਕਲਕੱਤਾ ਆਦਿ ਸ਼ਾਮਲ ਸਨ।

ਕੁਝ ਪੰਥਕ ਚਿੰਤਕਾਂ ਦਾ ਇਸ ਇਕੱਠ ਬਾਰੇ ਕਹਿਣਾ ਸੀ ਕਿ ਬਾਦਲ ਵਿਰੋਧੀ ਅਕਾਲੀ ਆਗੂਆਂ ਪਿੱਛੇ ਸੰਘ ਪਰਿਵਾਰ ਦਾ ਹੱਥ ਜਾਪਦਾ ਹੈ। ਉਨ੍ਹਾਂ ਦਾ ਮੰਨਣਾ ਹੈ



ਕਿ ਸੁਖਦੇਵ ਸਿੰਘ ਢੀਂਡਸਾ ਇਸ ਸਮੇਂ ਸੰਘ ਪਰਿਵਾਰ ਦੇ ਅਤਿਅੰਤ ਨੇੜੇ ਹਨ ਤੇ ਉਹ ਬਾਦਲ ਦਲ ਨੂੰ ਵੱਡੀ ਢਾਹ ਲਗਾ ਸਕਦੇ ਹਨ। ਪਰ ਦੂਸਰੇ ਪਾਸੇ ਢੀਂਡਸਾ ਦਾ ਕਹਿਣਾ ਹੈ ਕਿ ਉਹ ਸੰਗਤਾਂ ਦੇ ਸਹਿਯੋਗ ਨਾਲ ਹੀ ਸ਼੍ਰੋਮਣੀ ਅਕਾਲੀ ਦਲ ਨੂੰ ਮਜ਼ਬੂਤ ਕਰਨਗੇ। ਉਨ੍ਹਾਂ ਨੂੰ ਕਿਸੇ ਸਹਾਰੇ ਦੀ ਲੋੜ ਨਹੀਂ।

ਰਾਜਸੀ ਮਾਹਿਰਾਂ ਦਾ ਵੀ ਮੰਨਣਾ ਹੈ ਕਿ ਸ਼੍ਰੋਮਣੀ ਅਕਾਲੀ ਦਲ ਬਾਦਲ ਵਿਚ ਪਹਿਲਾਂ ਵਾਂਗ ਪੰਜਾਬੀਆਂ ਵਿਚ ਉਹ ਖਿੱਚ ਦਾ ਕੇਂਦਰ ਨਹੀਂ ਬਣ ਰਹੇ। ਇਸ ਦਾ ਕਾਰਨ ਉਹ ਪ੍ਰਕਾਸ਼ ਸਿੰਘ ਬਾਦਲ ਦਾ ਬਜ਼ੁਰਗ ਹੋਣਾ ਦੱਸ ਰਹੇ ਹਨ ਤੇ ਸੌਦਾ ਸਾਧ ਅਤੇ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕਾਰਨ ਬਾਦਲ ਦਲ ਦੀ ਹੋਈ ਬਦਨਾਮੀ ਦਸ ਰਹੇ ਹਨ। ਸਿੱਖ ਸੰਗਤਾਂ ਦਾ ਬਾਦਲ ਦਲ ਤੋਂ ਪਰੇ ਹੋਣ ਦਾ ਕਾਰਨ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਹੀ ਹੈ ਤੇ ਨਾਲ ਸੌਦਾ ਸਾਧ ਨਾਲ ਨੇੜਤਾ ਹੈ।

ਸੁਖਦੇਵ ਸਿੰਘ ਢੀਂਡਸਾ ਦਾ ਇਸ ਬਾਰੇ ਕਹਿਣਾ ਹੈ ਕਿ ਸ਼੍ਰੋਮਣੀ ਅਕਾਲੀ ਦਲ ਤੇ ਪੰਜਾਬ ਦੇ ਹਿਤ ਲਈ ਸਾਂਝੇ ਤੌਰ 'ਤੇ ਲੜਾਈ ਲੜੀ ਜਾਵੇਗੀ। ਉਨ੍ਹਾਂ ਕਿਹਾ ਕਿ ਅਗਲੇ ਸਾਲ ਸ਼੍ਰੋਮਣੀ ਅਕਾਲੀ ਦਲ ਦੀ ਪਹਿਲੀ ਸ਼ਤਾਬਦੀ ਹੈ, ਜਿਸ ਨੂੰ ਮਨਾਉਣ ਲਈ ਹੁਣ ਤੋਂ ਯਤਨ ਕੀਤੇ ਜਾਣਗੇ ਤੇ ਲੋਕਾਂ ਵਿਚ ਤੀਸਰੇ ਬਦਲ ਨੂੰ ਲੈ ਕੇ ਲੋਕਾਂ ਵਿਚ ਟੁੱਟਾ ਵਿਸ਼ਵਾਸ ਬਹਾਲ ਕੀਤਾ ਜਾਵੇਗਾ।

ਕਾਨਫ਼ਰੰਸ ਦੇ ਅਖ਼ੀਰ ਵਿਚ 8 ਮਤਿਆਂ ਵਿਚ ਸ਼੍ਰੋਮਣੀ ਕਮੇਟੀ ਦਾ ਸਿਆਸੀਕਰਨ ਕਰਨ, ਅਕਾਲ ਤਖ਼ਤ ਸਾਹਿਬ ਤੋਂ ਰਾਮ ਰਹੀਮ ਨੂੰ ਮੁਆਫ਼ੀ ਦੇਣ, ਬਰਗਾੜੀ ਤੇ ਬਹਿਬਲ ਕਲਾਂ ਕਾਂਡ ਦੀ ਨਿਖੇਧੀ ਕੀਤੀ ਗਈ ਤੇ ਦੋਸ਼ੀਆਂ ਖ਼ਿਲਾਫ਼ ਕਾਰਵਾਈ ਨਾ ਕਰਨ 'ਤੇ ਕੈਪਟਨ ਸਰਕਾਰ ਨੂੰ ਬਰਾਬਰ ਦਾ ਜ਼ਿੰਮੇਵਾਰ ਦੱਸਿਆ ਗਿਆ।

ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਕਰਵਾਉਣ, ਅਨੰਦਪੁਰ ਸਾਹਿਬ ਦੇ ਮਤੇ ਦੇ ਆਧਾਰਿਤ ਰਾਜਾਂ ਨੂੰ ਸ਼ਕਤੀਆਂ ਦੇਣ, ਚੰਡੀਗੜ੍ਹ ਤੇ ਹੋਰ ਪੰਜਾਬੀ ਬੋਲਦੇ ਇਲਾਕੇ ਹਾਸਲ ਕਰਨ ਲਈ ਸੰਘਰਸ਼ ਵਿੱਢਣ। ਕਿਸਾਨਾਂ ਵਲੋਂ ਖ਼ੁਦਕੁਸ਼ੀਆਂ ਕਰਨ ਦੀ ਨਿੰਦਾ ਕਰਦੇ ਹੋਏ ਸਵਾਮੀਨਾਥਨ ਕਮਿਸ਼ਨ ਦੀ ਰਿਪੋਰਟ ਲਾਗੂ ਕਰਨ, ਕਿਸਾਨਾਂ ਦੇ ਕਰਜ਼ੇ ਮੁਆਫ ਕਰਨ, ਬੀਜਾਂ ਦੀਆਂ ਕੀਮਤਾਂ ਵਿਚ ਕਟੌਤੀ ਕਰਨ ਦੀ ਮੰਗ ਕੀਤੀ। ਅਕਾਲੀ ਦਲ (ਬ) ਨੂੰ ਗ਼ੈਰ ਪੰਥਕ ਪਾਰਟੀ ਦਾ ਨਾਂਅ ਦਿੱਤਾ ਗਿਆ। ਇਸ ਸਮਾਗਮ ਦੀ ਸਫਲਤਾ ਤੋਂ ਬਾਅਦ ਹੁਣ ਇਹ ਸਮੂਹ ਅਕਾਲੀ ਧੜਿਆਂ ਦੀ ਜਲਦੀ ਹੀ ਇਕ ਮੀਟਿੰਗ ਸੱਦਣ ਦਾ ਫੈਸਲਾ ਕੀਤਾ ਗਿਆ ਹੈ।

### ਮਾਨ ਮੁੜ ਤੋਂ 5 ਸਾਲਾਂ ਲਈ ਚੁਣੇ ਪ੍ਰਧਾਨ

ਅਕਾਲੀ ਦਲ ਅੰਮ੍ਰਿਤਸਰ ਦੇ ਇਕ ਵਿਸ਼ੇਸ਼ ਸਮਾਰੋਹ ਦੌਰਾਨ ਪਾਰਟੀ ਦੇ ਸਾਰੇ ਜ਼ਿਲ੍ਹਾ ਪ੍ਰਧਾਨਾਂ, ਵਰਕਿੰਗ ਕਮੇਟੀ ਮੈਂਬਰਾਂ ਅਤੇ ਹੋਰ ਅਹੁਦੇਦਾਰਾਂ ਦੇ ਇਕੱਠ ਵਿਚ ਸਿਮਰਨਜੀਤ ਸਿੰਘ ਮਾਨ ਨੂੰ ਮੁੜ ਤੋਂ ਪਾਰਟੀ ਦੇ 5 ਸਾਲਾਂ ਲਈ ਪ੍ਰਧਾਨ ਚੁਣ ਲਿਆ ਗਿਆ ਹੈ। ਅਕਾਲੀ ਦਲ ਦੇ 99 ਸਾਲਾ ਸਥਾਪਨਾ ਦਿਵਸ ਮੌਕੇ ਇਸ ਸਮਾਗਮ ਵਿਚ ਭਾਈ ਅਸ਼ੋਕ ਸਿੰਘ ਬਾਗੜੀਆ ਮੁੱਖ ਮਹਿਮਾਨ ਵਜੋਂ ਪੁੱਜੇ। ਇਸ ਮੌਕੇ ਬੋਲਦਿਆਂ ਸਿਮਰਨਜੀਤ ਸਿੰਘ ਮਾਨ ਨੇ ਜਿਥੇ 1909 ਦੇ ਆਨੰਦ



ਮੈਰਿਜ ਐਕਟ 'ਤੇ ਗੱਲ ਕੀਤੀ, ਉਥੇ ਉਨ੍ਹਾਂ 1920 ਵਿਚ ਹੋਈ ਗਲਤੀ ਜਿਸ ਨੂੰ ਅਸੀਂ (ਸਿੱਖ ਕੌਮ) ਸਮਝ ਨਾ ਸਕੇ, ਬਾਰੇ ਵੀ ਚਾਨਣਾ ਪਾਇਆ। ਉਨ੍ਹਾਂ ਵਲੋਂ 1947 ਦੀ ਆਜ਼ਾਦੀ ਤੋਂ ਬਾਅਦ ਵੀ ਅੰਗਰੇਜ਼ ਸਮੇਂ ਤੋਂ ਚੱਲ ਰਹੇ ਕਾਨੂੰਨਾਂ ਦੀ ਵੀ ਗੱਲ ਕੀਤੀ ਗਈ। ਮਾਨ ਵਲੋਂ ਇਹ ਵੀ ਕਿਹਾ ਗਿਆ ਕਿ 1966 ਵਿਚ ਵੀ ਅਸੀਂ ਚੰਡੀਗੜ੍ਹ ਦੇ ਨਾਲ ਨਾਲ ਪੰਜਾਬੀ ਬੋਲਦੇ ਇਲਾਕੇ ਖੋਹ ਬੈਠੇ ਹਾਂ, ਜਿਨ੍ਹਾਂ ਬਾਰੇ ਕਿਸੇ ਵਲੋਂ ਵੀ ਕੋਈ ਯਤਨ ਨਹੀਂ ਕੀਤਾ ਕਿ ਸਾਡੇ ਤੋਂ ਖੋਹੇ ਹੋਏ ਸਥਾਨ ਵਾਪਸ ਲਏ ਜਾਣ। ਇਸੇ ਤਰ੍ਹਾਂ ਉਨ੍ਹਾਂ ਨੇ ਹਰਿਆਣਾ ਨੂੰ ਪਾਣੀ ਦੇਣ ਦੇ ਮੁੱਦੇ 'ਤੇ ਵੀ ਪੰਜਾਬ ਦੇ ਲੀਡਰਾਂ ਨੂੰ ਕੋਸਿਆ। ਇਸੇ ਦੌਰਾਨ ਉਨ੍ਹਾਂ ਕਿਹਾ ਕਿ ਸਿੱਖ ਕੌਮ ਵਿਚ ਗਿਰਾਵਟ ਆ ਗਈ ਹੈ, ਅਗਲਾ ਪੜਾਅ ਮੁਸ਼ਕਿਲ ਹੋ ਰਿਹਾ ਹੈ, ਇਸ ਤੋਂ ਬਚਣ ਲਈ ਸਾਨੂੰ ਆਪਣਾ ਚਰਿੱਤਰ ਵਧੀਆ ਕਰਨਾ ਪਵੇਗਾ। ਕੈਪਟਨ ਨੂੰ ਲੰਮੇ ਹੱਥੀਂ ਲੈਂਦਿਆਂ ਮਾਨ ਨੇ ਕਿਹਾ ਕਿ ਕੈਪਟਨ ਨੇ ਸਹੁੰ ਚੁੱਕੀ ਸੀ ਕਿ ਬਰਗਾੜੀ ਕਾਂਡ ਦੇ ਦੋਸ਼ੀਆਂ ਨੂੰ ਅੰਦਰ ਕੀਤਾ ਜਾਵੇਗਾ, ਪਰ ਉਸ ਦੇ ਵਾਅਦੇ ਝੂਠੇ ਸਾਬਿਤ ਹੋਏ ਹਨ।

# ਸਿੱਖ ਵਿਚਾਰ ਮੰਚ ਚੰਡੀਗੜ੍ਹ ਵੱਲੋਂ ਮੋਦੀ ਸਰਕਾਰ ਦੀ ਤਾਨਾਸ਼ਾਹੀ ਵਿਰੁਧ ਲਾਮਬੰਦ ਹੋਣ ਦੀ ਅਪੀਲ

**ਚੰਡੀਗੜ੍ਹ/ਏ.ਟੀ. ਨਿਊਜ਼ :** ਮੋਦੀ ਸਰਕਾਰ ਦੇ ਲਗਾਤਾਰ ਤਾਨਾਸ਼ਾਹੀ ਵੱਲ ਵਧਦੇ ਕਦਮਾਂ ਵਿਰੁਧ ਲਾਮਬੰਦ ਹੋਣ ਦੀ ਅਪੀਲ ਕਰਦਿਆਂ, ਸਿੱਖ ਵਿਚਾਰ ਮੰਚ ਚੰਡੀਗੜ੍ਹ ਨੇ ਦਿਲੀ ਅਤੇ ਹੋਰਨਾਂ ਥਾਂਵਾਂ ਉਤੇ ਨਾਗਰਿਕ ਸੋਧ ਕਾਨੂੰਨ ਵਿਰੁਧ ਰੋਸ ਪ੍ਰਗਟ ਕਰ ਰਹੇ ਵਿਦਿਆਰਥੀਆਂ ਨੂੰ ਵਹਿਸ਼ੀ ਢੰਗਾਂ ਨਾਲ ਪੁਲਸੀ ਜਬਰ ਦਾ ਸ਼ਿਕਾਰ ਬਣਾਉਣ ਦੀ ਸਖਤ ਸ਼ਬਦਾਂ ਵਿਚ ਨਿਖੇਧੀ ਕੀਤੀ ਹੈ। ਸਿਖ ਵਿਚਾਰ ਮੰਚ ਨੇ ਪ੍ਰੈਸ ਦੇ ਨਾਂ ਇਕ ਬਿਆਨ ਜਾਰੀ ਕਰਦਿਆਂ ਕਿਹਾ ਹੈ ਕਿ ਮੁਸਲਮਾਨਾਂ ਨੂੰ ਦੂਜੇ ਦਰਜੇ ਦਾ ਸ਼ਹਿਰੀ ਕਰਾਰ ਦੇਣ ਤੋਂ ਬਾਅਦ ਹੁਣ ਜਾਮੀਆ ਮਿਲੀਆ ਯੂਨੀਵਰਸਿਟੀ ਦੇ ਵਿਦਿਆਰਥੀਆਂ ਨੂੰ ਛਲੀਆਂ ਵਾਂਗ ਕੁਟਣ ਅਤੇ ਉਹਨਾਂ ਦੀਆਂ ਲਤਾਂ ਬਾਹਵਾਂ ਤੋੜਨ ਤੋਂ ਬਾਅਦ ਉਹਨਾਂ ਉਤੇ ਸਿਧੀਆਂ ਗੋਲੀਆ ਮਾਰਨ ਦੀ ਘਟਨਾ ਨੇ ਇਕ ਵਾਰ ਫਿਰ ਲੋਕ ਮਨਾਂ ਵਿਚ ਨਾਜੀ ਜੁਲਮਾਂ ਦੀ ਯਾਦ ਤਾਜਾ ਕਰ ਦਿਤੀ ਹੈ। ਦਿਲੀ ਦੇ ਉਪ ਮੁਖ ਮੰਤਰੀ ਮਨੀਸ਼ ਸਿਸੋਧੀਆ ਦੇ ਦਸਣ ਅਨੁਸਾਰ ਪੁਲਿਸ ਨੇ ਸ਼ਾਂਤਮਈ ਰੋਸ ਮੁਜਾਹਰੇ ਉਤੇ ਕੀਤੇ ਤਸ਼ਦਦ ਨੂੰ ਜਾਇਜ ਠਹਿਰਾਉਣ ਲਈ ਖੁਦ ਬਸਾਂ ਨੂੰ ਅਗ ਲਾਈ ਅਤੇ ਭੰਨਤੋੜ ਕੀਤੀ। ਉਸਨੇ ਇਕ ਵੀਡੀਓ ਵੀ ਜਾਰੀ ਕੀਤੀ ਹੈ, ਜਿਸ ਵਿਚ ਦਿਲੀ ਪੁਲਿਸ ਕੈਂਪਸ ਵਿਚ ਖੜੇ ਮੋਟਰ ਸਾਈਕਲ ਅਤੇ ਕਾਰਾਂ ਦੀ ਭੰਨਤੋੜ ਕਰ ਰਹੀ ਹੈ। ਵਾਈਸ ਚਾਂਸਲਰ ਦੀ ਮਨਜੂਰੀ ਤੋਂ ਬਗੈਰ ਹੀ ਪੁਲਿਸ ਨੇ ਯੂਨੀਵਰਸਿਟੀ ਕੈਂਪਸ ਵਿਚ ਵੜ ਕੇ ਲਾਇਬਰੇਰੀ ਅਤੇ ਮਸਜਿਦ ਵਿਚ ਨਮਾਜ ਪੜ੍ਹ ਰਹੇ ਲੋਕਾਂ ਨੂੰ ਕੁਟਿਆ ਅਤੇ ਗ੍ਰਿਫਤਾਰ ਕੀਤਾ ਹੈ। ਸਭ ਤੋਂ ਦੁਖਦਾਈ ਗਲ ਇਹ ਕਿ ਦੇਸ ਦੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਇਸ ਜੁਲਮ ਦੀ ਨਿਖੇਧੀ ਕਰਨ ਦੀ ਬਜਾਇ ਇਹ ਕਹਿ ਕੇ ਬਲਦੀ ਉਤੇ ਤੇਲ ਪਾਇਆ ਹੈ ਕਿ ਦੋਸ਼ੀ ਆਪਣੇ ਪਹਿਰਾਵੇ ਤੋਂ ਪਛਾਣੇ ਜਾਣਗੇ। ਇਥੇ ਉਸਦਾ ਸਿਧਾ ਇਸ਼ਾਰਾ ਮੁਸਲਿਮ ਵਿਦਿਆਰਥੀਆਂ ਵੱਲ ਹੈ।

ਸਿਖ ਵਿਚਾਰ ਮੰਚ ਨੇ ਕਿਹਾ ਹੈ ਕਿ ਸਾਰੇ ਉਤਰ ਪੂਰਬੀ ਸੂਬੇ ਪਹਿਲਾਂ ਹੀ ਇਸ ਕਾਨੂੰਨ ਦਾ ਵਿਰੋਧ ਕਰ ਰਹੇ ਹਨ ਅਤੇ 6 ਮੁਜਾਹਰਾਕਾਰੀ ਰੋਸ ਪ੍ਰਗਟ ਕਰਦੇ ਹੋਏ ਮਾਰੇ ਜਾ ਚੁਕੇ ਹਨ। ਪਰ ਮੋਦੀ ਸਰਕਾਰ ਇਸ ਕਾਨੂੰਨ ਬਾਰੇ ਪੁਨਰ ਵਿਚਾਰ ਕਰਨ ਦੀ ਬਜਾਇ ਹਰ ਹਾਲਤ ਵਿਚ ਚੋਣਾਂ ਜਿਤਣ ਦੇ ਮੰਤਵ ਨਾਲ ਦੇਸ ਵਿਚ ਫਿਰਕੂ ਪਾਲਾਬੰਦੀ ਕਰਨ ਲਈ ਕੁਝ ਵੀ ਕਰਨ ਨੂੰ ਤਿਆਰ ਜਾਪਦੀ ਹੈ। ਇਸ ਦੀ ਇਕ ਮਿਸਾਲ ਚੰਡੀਗੜ੍ਹ ਦੇ ਫੌਜੀ ਮੇਲੇ ਵਿਚ ਭਾਰਤੀ ਜਨਤਾ ਪਾਰਟੀ ਦੇ ਜਨਰਲ ਸਕਤਰ ਤੇ ਕਸ਼ਮੀਰ

ਬਾਕੀ ਸਫ਼ਾ 29 'ਤੇ

ਅੰਮ੍ਰਿਤਸਰ ਟਾਈਮਜ਼
AMRITSAR TIMES

18 ਦਸੰਬਰ 2019 ਤੋਂ 24 ਦਸੰਬਰ 2019

## ਕੌਣ ਹੋਵੇ ਭਾਰਤੀ ਨਾਗਰਿਕ ?

ਭਾਰਤੀ ਪਾਰਲੀਮੈਂਟ ਵਿਚ ਲਗਾਤਾਰ ਦੂਜੀ ਵਾਰ ਭਾਰੀ ਬਹੁਮਤ ਨਾਲ ਸੱਤਾ ਵਿਚ ਆਈ ਭਾਰਤੀ ਜਨਤਾ ਪਾਰਟੀ ਨੇ ਸਰਕਾਰ ਬਣਾਉਂਦਿਆਂ ਹੀ ਦੇਸ਼ ਨੂੰ ਇਕ ਖਾਸ ਫਿਰਕੇ ਦੀ ਪ੍ਰਭੂਸੱਤਾ ਵਾਲਾ ਮੁਲਕ ਬਣਾਉਣ ਦੇ ਆਸ਼ੇ ਨਾਲ ਮੁਸਲਿਮ ਭਾਈਚਾਰੇ ਜਾਂ ਮੁਸਲਿਮ ਘੱਟ ਗਿਣਤੀ ਨੂੰ ਨਿਸ਼ਾਨਾ ਬਣਾ ਕੇ ਫੈਸਲੇ ਲੈਣੇ ਸ਼ੁਰੂ ਕਰ ਦਿੱਤੇ ਜਿਸ ਨਾਲ ਦੇਸ਼ ਦੇ ਲੋਕਾਂ ਖਾਸ ਕਰਕੇ ਨੌਜਵਾਨਾਂ ਵਿਚ ਇਕੋ ਦਮ ਬੇਚੈਨੀ ਦੀ ਲਹਿਰ ਦੌੜ ਗਈ।

ਪਹਿਲਾਂ ਭਾਰਤੀ ਸੰਵਿਧਾਨ ਵਿਚੋਂ ਦਫ਼ਾ 370 ਖਾਰਿਜ ਕਰਕੇ ਜੰਮੂ ਕਸ਼ਮੀਰ ਨੂੰ ਦੋ ਵੱਖ ਵੱਖ ਕੇਂਦਰੀ ਪ੍ਰਬੰਧਤ ਦੇਸ਼ਾਂ ਵਿਚ ਤੋੜਨ ਅਤੇ ਸੁਪਰੀਮ ਕੋਰਟ ਵਲੋਂ ਅਯੁਧਿਆ ਵਿਚ ਬਾਬਰੀ ਮਸਜਿਦ ਦੀ ਥਾਂ ਰਾਮ ਮੰਦਰ ਬਣਾਉਣ ਦੇ ਫੈਸਲਿਆਂ ਨੂੰ ਦੇਸ਼ ਦੇ ਲੋਕਾਂ ਖਾਸ ਕਰਕੇ ਸਿਆਸੀ ਪਾਰਟੀਆਂ ਲਈ ਲਿਟਮਸ ਟੈਸਟ ਵਜੋਂ ਵਰਤਿਆ ਗਿਆ ਤਾਂ ਜੋ ਉਨ੍ਹਾਂ ਦੇ ਪ੍ਰਤੀਕਰਮ ਦਾ ਪਤਾ ਲਗਾਇਆ ਜਾ ਸਕੇ। ਪਾਰਲੀਮੈਂਟ ਵਿਚ ਨਵਾਂ ਨਾਗਰਿਕ ਤਰਮੀਮੀ ਬਿੱਲ ਲਿਆ ਕੇ ਇਸ ਨੂੰ ਕਾਨੂੰਨ ਬਣਾਉਣ ਤੋਂ ਪਹਿਲਾਂ ਆਸਾਮ ਵਿਚ ਕੌਮੀ ਨਾਗਰਿਕਤਾ ਰਜਿਸਟਰੀ ਰਾਹੀਂ ਲੋਕਾਂ ਦੇ ਸਬਰ ਦੀ ਪਰਖ ਕੀਤੀ ਗਈ ਅਤੇ ਮਗਰੋਂ ਇਸ ਨੂੰ ਪੂਰੇ ਮੁਲਕ ਵਿਚ ਲਾਗੂ ਕਰਨ ਦੀ ਗੱਲ ਵੀ ਕਹੀ ਗਈ। ਨਵਾਂ ਨਾਗਰਿਕਤਾ ਤਰਮੀਮੀ ਐਕਟ ਬਣਨ ਨਾਲ ਦੇਸ਼ ਦੇ ਵੱਖ ਵੱਖ ਹਿੱਸਿਆਂ ਵਿਸ਼ੇਸ਼ ਤੌਰ 'ਤੇ ਉੱਤਰ ਪੂਰਬੀ ਸੂਬਿਆਂ ਵਿਚ ਜਿਸ ਤਰੀਕੇ ਨਾਲ ਵਿਰੋਧ ਅਤੇ ਪ੍ਰਤੀਕਰਮ ਹੋਇਆ ਸਰਕਾਰ ਨੂੰ ਇਸ ਦੀ ਉਮੀਦ ਨਹੀਂ ਸੀ।

ਦਿੱਲੀ ਵਿਚ ਜਾਮੀਆ ਮਿਲੀਆ ਇਸਲਾਮੀਆ ਯੂਨੀਵਰਸਿਟੀ ਦੇ ਵਿਦਿਆਰਥੀਆਂ ਵਲੋਂ ਰੋਸ ਜ਼ਾਹਰ ਕਰਨ ਤੋਂ ਬਾਅਦ ਪੁਲਿਸ ਕਾਰਵਾਈ ਨੇ ਇਹ ਵੀ ਦੱਸ ਦਿੱਤਾ ਕਿ ਜੋ ਵੀ ਸਰਕਾਰ ਦੀ ਇਸ ਕਾਰਵਾਈ ਅਤੇ ਨੀਤੀ ਦਾ ਵਿਰੋਧ ਕਰੇਗਾ ਤਾਂ ਉਸ ਦਾ ਇਹ ਹਸ਼ਰ ਹੋਵੇਗਾ।

ਨਾਗਰਿਕਤਾ ਤਰਮੀਮੀ ਕਾਨੂੰਨ ਅਤੇ ਕੌਮੀ ਨਾਗਰਿਕਤਾ ਰਜਿਸਟਰ ਰਾਹੀਂ ਭਾਰਤ ਵਿਚ ਪਿਛਲੀ ਅੱਧੀ ਸਦੀ ਦੇ ਵੱਧ ਸਮੇਂ ਤੋਂ ਰਹਿ ਰਹੇ ਲੋਕਾਂ ਨੂੰ ਭਾਰਤੀ ਨਾਗਰਿਕਤਾ ਦੇਣ ਦੀ ਗੱਲ ਕਹੀ ਗਈ ਹੈ ਪਰ ਇਸ ਕਾਨੂੰਨ ਵਿਚ ਕੁਝ ਧਾਰਮਿਕ ਘੱਟਗਿਣਤੀਆਂ ਦਾ ਜ਼ਿਕਰ ਕੀਤਾ ਗਿਆ ਹੈ ਜਿਨ੍ਹਾਂ ਵਿਚ ਮੁਸਲਿਮ ਭਾਈਚਾਰੇ ਦਾ ਜ਼ਿਕਰ ਨਹੀਂ ਹੈ। ਇਸ ਦਾ ਅਰਥ ਸਪੱਸ਼ਟ ਹੈ ਕਿ ਇਕ ਖਾਸ ਧਾਰਮਿਕ ਫਿਰਕੇ ਨੂੰ ਨਿਸ਼ਾਨਾ ਬਣਾ ਕੇ ਇਹ ਕਾਰਵਾਈ ਕੀਤੀ ਜਾ ਰਹੀ ਹੈ। ਜਦ ਪਾਰਲੀਮੈਂਟ ਵਿਚ ਇਹ ਬਿੱਲ ਲਿਆ ਕੇ ਕਾਨੂੰਨ ਬਣਾਇਆ ਗਿਆ ਤਾਂ ਬੀਜੇਪੀ ਅਤੇ ਅਕਾਲੀ ਦਲ ਦੇ ਪਾਰਲੀਮੈਂਟ ਮੈਂਬਰਾਂ ਤੇ ਆਗੂਆਂ ਨੇ ਇਹ ਕਹਿ ਕੇ ਇਸ ਦੀ ਹਮਾਇਤ ਕੀਤੀ ਕਿ ਇਸ ਨਾਲ ਅਫ਼ਗਾਨਿਸਤਾਨ ਤੋਂ ਆਏ ਸਿੱਖਾਂ ਨੂੰ ਦੇਸ਼ ਦੀ ਨਾਗਰਿਕਤਾ ਮਿਲ ਜਾਵੇਗੀ। ਇੱਥੇ ਇਹ ਵੀ ਕਾਬਿਲੇ ਏ ਜ਼ਿਕਰ ਹੈ ਕਿ ਹਮੇਸ਼ਾ ਧਰਮ ਨਿਰਪੱਖਤਾ ਅਤੇ ਫੈਡਰਲ ਢਾਂਚੇ ਦੀ ਗੱਲ ਕਰਨ ਵਾਲੇ ਅਕਾਲੀ ਦਲ ਨੂੰ ਨਾ ਉਸ ਸਮੇਂ ਸੁਰਤ ਆਈ ਜਦ ਇਸ ਨੇ ਦਫ਼ਾ 370 ਮਨਸੂਖ ਕਰਨ ਦੀ ਹਮਾਇਤ ਕੀਤੀ ਅਤੇ ਨਾ ਹੀ ਨਾਗਰਿਕਤਾ ਤਰਮੀਮ ਬਿੱਲ ਤੇ ਘੱਟ ਗਿਣਤੀਆਂ ਦਾ ਮੁੱਦਾ ਛੇੜਿਆ। ਨਰੇਂਦਰ ਮੋਦੀ ਦੇ ਪਿਛਲੇ ਕਾਰਜਕਾਲ ਸਮੇਂ ਮਿਆਮਾਂ ਵਾਲੇ ਪਾਸੇ ਤੋਂ ਆਏ ਰੋਹੰਗੀਆ ਭਾਈਚਾਰੇ ਦੇ ਲੋਕਾਂ ਦਾ ਬਹੁਤ ਰੌਲਾ ਪਿਆ ਸੀ ਅਤੇ ਸਾਡੇ ਕੌਮੀ ਨੇਤਾ ਇਨ੍ਹਾਂ ਰੋਹੰਗੀਆਂ ਨੂੰ ਜਰਾਇਮ ਪੇਸ਼ਾ ਦੱਸ ਰਹੇ ਸਨ। ਬੰਗਲਾ ਦੇਸ਼ ਤੋਂ ਭਾਰਤ ਵਿਚ ਮੁਸਲਮਾਨਾਂ ਦੀ ਹਿਜ਼ਰਤ ਦਾ ਮੁੱਦਾ ਕਈ ਵਾਰ ਖ਼ਬਰਾਂ ਦਾ ਹਿੱਸਾ ਬਣ ਚੁੱਕਾ ਹੈ।

ਭਾਰਤੀ ਸੰਵਿਧਾਨ ਵਿਚ ਸਪੱਸ਼ਟ ਕੀਤਾ ਗਿਆ ਹੈ ਕਿ ਧਰਮ, ਜਾਤ-ਪਾਤ, ਨਸਲ, ਲਿੰਗ ਜਾਂ ਮਾਇਕ ਹੈਸੀਅਤ ਦੇ ਆਧਾਰ 'ਤੇ ਕਿਸੇ ਨਾਲ ਵਿਤਕਰਾ ਨਹੀਂ ਕੀਤਾ ਜਾ ਸਕਦਾ। ਸੰਵਿਧਾਨ ਅਤੇ ਕਾਨੂੰਨ ਦੀਆਂ ਨਜ਼ਰਾਂ ਵਿਚ ਸਾਰੇ ਨਾਗਰਿਕ ਬਰਾਬਰ ਹਨ। ਪਰ ਕੀ ਪਾਰਲੀਮੈਂਟ ਵਿਚ ਬਹੁਮਤ ਦੇ ਬਲਬੂਤੇ ਸੰਵਿਧਾਨ ਦਾ ਬੁਨਿਆਦੀ ਸਰੂਪ ਤਬਦੀਲ ਕੀਤਾ ਜਾ ਸਕਦਾ ਹੈ ? ਬੇਸ਼ੱਕ ਪਾਰਲੀਮੈਂਟ ਵਿਚ ਇਕ ਖਾਸ ਫਿਰਕੇ ਦੇ ਹਿੱਤਾਂ ਦੀ ਤਰਜਮਾਨੀ ਕਰਨ ਵਾਲੀ ਪਾਰਟੀ ਕੋਲ ਸੰਪੂਰਨ ਬਹੁਮਤ ਹੈ ਅਤੇ ਜੇ ਇਹ ਚਾਹੇ ਤਾਂ ਕੱਲ੍ਹ ਨੂੰ ਇਹ ਬਿੱਲ ਵੀ ਲਿਆ ਸਕਦੀ ਹੈ ਕਿ ਨੇਪਾਲ ਅਤੇ ਪਾਕਿਸਤਾਨ ਵਾਂਗ ਭਾਰਤ ਵੀ ਇਕ ਫਿਰਕੇ ਦੀ ਸ਼ਨਾਖਤ ਅਤੇ ਵਿਸ਼ੇਸ਼ਤਾ ਨੂੰ ਦਰਸਾਉਣ ਵਾਲਾ ਦੇਸ਼ ਹੋਵੇਗਾ। ਪਰ ਇਸ ਦੇਸ਼ ਵਿਚ ਇਹ ਮੁਮਕਿਨ ਨਹੀਂ ਹੈ। ਇੱਥੇ ਅਜਿਹਾ ਕੁੱਝ ਕਰਨ ਤੋਂ ਪਹਿਲਾਂ ਇਸ ਦੇਸ਼ ਦਾ ਸਿਆਸੀ ਭਵਿੱਖੀ ਘੜਨ ਵਾਲੇ ਆਗੂਆਂ ਨੂੰ ਪਿਛਲੇ ਇਤਿਹਾਸ ਤੇ ਝਾਤ ਮਾਰਨੀ ਪਵੇਗੀ। ਜੇ ਦਿੱਲੀ ਦੀ ਜਾਮੀਆ ਯੂਨੀਵਰਸਿਟੀ ਦੀ ਘਟਨਾ ਦੇ ਪ੍ਰਤੀਕਰਮ ਵਿਚ ਮਹਾਰਾਸ਼ਟਰ ਦੇ ਮੁੱਖ ਮੰਤਰੀ ਅਤੇ ਸ਼ਿਵ ਸੈਨਾ ਦੇ ਆਗੂ ਊਧਵ ਠਾਕਰੇ ਇਸ ਨੂੰ 'ਜ਼ਲ੍ਹਿਆਂ ਵਾਲੇ ਬਾਗ' ਦੀ ਘਟਨਾ ਨਾਲ ਤਸ਼ਬੀਹ ਦੇ ਸਕਦੇ ਹਨ ਤਾਂ ਦੂਜੀਆਂ ਸਿਆਸੀ ਪਾਰਟੀਆਂ ਦਾ ਕੀ ਪ੍ਰਤੀਕਰਮ ਹੋਵੇਗਾ। ਹੁਣ ਸੁਆਲ ਇਹ ਪੈਦਾ ਹੁੰਦਾ ਹੈ ਕਿ ਕੀ ਇਕ ਸਿਆਸੀ ਪਾਰਟੀ ਜਾਂ ਕੋਈ ਸਮਾਜਿਕ ਧਾਰਮਿਕ ਜਥੇਬੰਦੀ ਇਹ ਤੈਅ ਕਰੇਗੀ ਕਿ ਭਾਰਤ ਦਾ ਨਾਗਰਿਕ ਕੌਣ ਹੋਵੇ ? ਕੀ ਇਹ ਹਿਟਲਰ ਵਾਂਗ ਦੇਸ਼ ਨੂੰ ਨਾਜ਼ੀਆਂ ਦਾ ਸਾਮਰਾਜ ਬਣਾਉਣ ਵੱਲ ਕਦਮ ਨਹੀਂ ਹੈ। ਨਾਗਰਿਕਤਾ ਸੋਧ ਕਾਨੂੰਨ ਵਿਚ ਹਿੰਦੂ ਭਾਈਚਾਰੇ ਦੇ ਨਾਲ ਨਾਲ ਸਿੱਖਾਂ, ਬੋਧੀਆਂ, ਜੈਨੀਆਂ, ਪਾਰਸੀਆਂ ਅਤੇ ਈਸਾਈਆਂ ਨੂੰ ਸ਼ਾਮਲ ਕਰਨ ਅਤੇ ਮੁਸਲਿਮ ਭਾਈਚਾਰੇ ਨੂੰ ਬਾਹਰ ਰੱਖਣ ਦਾ ਕੀ ਮਕਸਦ ਹੈ। ਭਾਰਤੀ ਜਨਤਾ ਪਾਰਟੀ ਨੂੰ ਸਮਾਜਿਕ ਰਾਜਨੀਤਕ ਦਿਸ਼ਾ ਦੇਣ ਵਾਲੀ ਜਥੇਬੰਦੀ ਰਾਸ਼ਟਰੀ ਸਵੈਮ ਸੇਵਕ ਸੰਘ (ਆਰ ਐਸ ਐਸ) ਪਹਿਲਾਂ ਹੀ ਈਸਾਈਆਂ ਨੂੰ ਛੱਡ ਕੇ ਬਾਕੀ ਧਰਮਾਂ ਨੂੰ ਹਿੰਦੂ ਧਰਮ ਦਾ ਹਿੱਸਾ ਹੀ ਮੰਨਦੀ ਹੈ। ਇਸ ਲਈ ਇਨ੍ਹਾਂ ਧਾਰਮਿਕ ਘੱਟ ਗਿਣਤੀਆਂ ਦੇ ਕੌਮੀ ਸਰੂਪ ਨੂੰ ਇਸ ਨੇ ਪਹਿਲਾਂ ਹੀ ਧੁੰਦਲਾ ਕਰ ਕੇ ਇਕ ਵੱਡੇ ਮਖੌਟੇ ਪਿੱਛੇ ਛੁਪਾ ਰੱਖਿਆ ਹੈ। ਇਸ ਲਈ ਸਿਆਸੀ ਤੌਰ 'ਤੇ ਕੌਮੀ ਸੁਆਲ ਤੋਂ ਸਿੱਖਾਂ ਦੀ ਨੁਮਾਇੰਦਾ ਪਾਰਟੀ ਅਕਾਲੀ ਦਲ ਵੀ ਪਿੱਛੇ ਹੱਟ ਜਾਂਦਾ ਹੈ। ਈਸਾਈ ਭਾਈਚਾਰੇ ਨਾਲ ਕੋਈ ਬਹੁਤ ਵੱਡਾ ਮਸਲਾ ਨਹੀਂ ਹੈ ਕਿਉਂਕਿ ਆਰ.ਐਸ.ਐਸ. ਨੇ ਆਪਣਾ ਜਥੇਬੰਦਕ ਅਤੇ ਵਿਹਾਰਕ ਅਮਲ ਪਹਿਲਾਂ ਹੀ ਬਰਤਾਨੀਆ ਤੋਂ ਲਿਆ ਹੋਇਆ ਹੈ। ਮੁਸਲਿਮ ਭਾਈਚਾਰੇ ਨੂੰ ਭਾਰਤ ਦਾ ਹਿੱਸਾ ਮੰਨਣਾ ਇਨ੍ਹਾਂ ਨੂੰ ਮਾਨਸਿਕ ਤੌਰ 'ਤੇ ਬਿਲਕੁਲ ਹੀ ਨਹੀਂ ਭਾਉਂਦਾ, ਇਹ ਵੱਖਰੀ ਗੱਲ ਹੈ ਕਿ ਸਿਆਸੀ ਤੌਰ 'ਤੇ ਆਪਣਾ ਸੈਕੂਲਰ ਚਿਹਰਾ ਵਿਖਾਉਣ ਲਈ ਗਿਣਤੀ ਦੇ ਮੁਸਲਿਮ ਆਗੂਆਂ ਨੂੰ ਪਾਰਟੀ ਵਿਚ ਸ਼ਾਮਲ ਕਰ ਕੇ ਉਨ੍ਹਾਂ ਰਾਹੀਂ ਹੀ ਆਪਣਾ ਏਜੰਡਾ ਲਾਗੂ ਕਰਵਾਇਆ ਜਾਂਦਾ ਹੈ। ਹੁਣ ਜਦ ਨਾਗਰਿਕਤਾ ਦਾ ਮੁੱਦਾ ਕੇਂਦਰੀ ਮੰਚ ਤੇ ਆ ਹੀ ਗਿਆ ਹੈ, ਜਿਸ ਵਾਸਤੇ ਆਰ.ਐਸ. ਐਸ. ਅਤੇ ਕੁਝ ਹੋਰ ਕੱਟੜ ਫਿਰਕੂ ਜਥੇਬੰਦੀਆਂ ਪਿਛਲੇ 50 ਸਾਲਾਂ ਤੋਂ ਤਰਲੋ ਮੱਛੀ ਹੋ ਰਹੀਆਂ ਸਨ ਤਾਂ ਕੀ ਸਿਰਫ਼ ਭਾਰਤ ਦੀ ਕੇਂਦਰੀ ਸਰਕਾਰ ਇਕ ਕਾਨੂੰਨ ਤਹਿਤ ਇਸ ਨੂੰ ਹੱਲ ਕਰ ਲਏਗੀ। ਇਹ ਵੱਖਰੀ ਗੱਲ ਹੈ ਕਿ ਸਾਰੇ ਵਿਰੋਧ ਅਤੇ ਪ੍ਰਤੀਕਰਮ ਦਾ ਠੀਕਰਾ ਕਾਂਗਰਸ ਤੇ ਹੋਰ ਵਿਰੋਧੀ ਪਾਰਟੀਆਂ ਦੇ ਸਿਰ ਭੰਨਿਆ ਜਾ ਰਿਹਾ ਹੈ ਪਰ ਹੁਣ ਸੂਬਿਆਂ 'ਚ ਬੀਜੇਪੀ ਦੇ ਨੇਤਾਵਾਂ ਨੇ ਵੀ ਅਸਤੀਫ਼ੇ ਦੇਣੇ ਸ਼ੁਰੂ ਕਰ ਦਿੱਤੇ ਹਨ। ਹੁਣ ਵੇਖਣਾ ਹੈ ਕਿ ਨਾਗਰਿਕਤਾ ਦਾ ਸਰਟੀਫੀਕੇਟ ਸਰਕਾਰੀ ਮਸ਼ੀਨਰੀ ਦੇਵੇਗੀ ਜਾਂ ਲੋਕਾਂ ਦਾ ਪ੍ਰਤੀਕਰਮ ਤੈਅ ਕਰੇਗਾ।

# ਕਸ਼ਮੀਰ ਤੇ ਅਸਾਮ ਦੀ ਸਮੱਸਿਆ ਦਾ ਜ਼ਿੰਮੇਵਾਰ ਕੌਣ ?

**ਇਹ ਗੱਲ ਸਮਝਣ ਵਾਲੀ ਹੈ ਕਿ ਅਸਾਮ ਪਹਿਲਾਂ ਹੀ ਪੂਰਬੀ ਬੰਗਾਲ ਦਾ ਹਿੱਸਾ ਸੀ ਤੇ ਬਾਅਦ ਵਿਚ ਹਿੱਸਾ ਨਹੀਂ ਰਿਹਾ। ਪੂਰਬੀ ਬੰਗਾਲ, ਪੂਰਬੀ ਪਾਕਿਸਤਾਨ ਬਣਿਆ ਤੇ ਪੂਰਬੀ ਪਾਕਿਸਤਾਨ ਬੰਗਲਾਦੇਸ ਬਣ ਗਿਆ। ਦੇਸ ਬਦਲ ਗਏ, ਝੰਡੇ ਬਦਲ ਗਏ, ਰਾਸ਼ਟਰੀ ਗੀਤ ਬਦਲ ਗਿਆ। ਸ਼ਹਿਰ ਫੈਲ ਗਏ, ਜੰਗਲ ਸੁੰਗੜ ਗਏ। ਦਲਦਲੀ ਜ਼ਮੀਨ ਖੇਤੀ ਲਾਇਕ ਬਣਾ ਦਿੱਤੀ ਗਈ ਤੇ ਆਦਿਵਾਸੀਆਂ ਦੀ ਜ਼ਮੀਨ ਨੂੰ ਆਧੁਨਿਕ ਵਿਕਾਸ ਨੇ ਨਿਗਲ ਲਿਆ ਤੇ ਲੋਕਾਂ ਵਿਚਾਲੇ ਦਰਾੜਾਂ ਪੁਰਾਣੀਆਂ ਹੋ ਕੇ ਸਖ਼ਤ ਤੇ ਏਨੀਆਂ ਡੂੰਘੀਆਂ ਹੋ ਗਈਆਂ ਕਿ ਹੁਣ ਇਨ੍ਹਾਂ ਨੂੰ ਭਰਿਆ ਨਹੀਂ ਜਾ ਸਕਦਾ।**

**ਅਰੁੰਧਤੀ ਰਾਇ**
(ਭਾਗ ਤੀਜਾ)

ਪਿਛਲੇ ਕੁਝ ਮਹੀਨਿਆਂ ਵਿਚ ਨੇ ਕਸ਼ਮੀਰੀਆਂ ਨੇ ਸਰਕਾਰੀ ਦਹਿਸ਼ਤ ਭੁਗਤੀ ਹੈ। ਹੁਣ ਤੱਕ 70 ਹਜ਼ਾਰ ਕਸ਼ਮੀਰੀ ਜਾਨਾਂ ਗੁਆ ਚੁੱਕੇ ਹਨ।



ਕਸ਼ਮੀਰ ਵਿਚ 30 ਸਾਲ ਤੋਂ ਹਥਿਆਰਬੰਦ ਖਾੜਕੂ ਸੰਘਰਸ਼ ਜਾਰੀ ਹੈ। ਇਨ੍ਹਾਂ ਸਾਰੀਆਂ ਘਟਨਾਵਾਂ ਨੇ ਕਸ਼ਮੀਰ ਘਾਟੀ ਨੂੰ ਕਬਰਾਂ ਨਾਲ ਢੱਕ ਦਿੱਤਾ ਹੈ। ਇਨ੍ਹਾਂ ਕਸ਼ਮੀਰੀਆਂ ਨੇ ਸਭ ਕੁਝ ਝੱਲਿਆ ਹੈ-ਜੰਗ, ਪੈਸਾ, ਟਾਰਚਰ, ਢੇਰ ਸਾਰੇ ਕਸ਼ਮੀਰੀਆਂ ਦੀ ਲਾਵਾਰਸ ਲਾਸ਼ਾਂ, ਗੁੰਮਸ਼ੁਦਗੀ, ਪੰਜ ਲੱਖ ਤੋਂ ਜ਼ਿਆਦਾ ਫੌਜੀਆਂ ਦੀ ਤੈਨਾਤੀ ਤੇ ਕਸ਼ਮੀਰੀਆਂ ਦੇ ਖਿਲਾਫ਼ ਘਟੀਆ ਪ੍ਰਚਾਰ ਜੋ ਪੂਰੀ ਆਬਾਦੀ ਨੂੰ ਆਤੰਕਵਾਦੀ ਦੱਸਦਾ ਹੈ।

ਕਸ਼ਮੀਰ ਦੀ ਘੇਰਾਬੰਦੀ ਨੂੰ ਹੁਣ ਤਿੰਨ ਮਹੀਨਿਆਂ ਤੋਂ ਵੀ ਜ਼ਿਆਦਾ ਚਿਰ ਹੋ ਗਿਆ ਹੈ। ਕਸ਼ਮੀਰੀ ਨੇਤਾ ਜੇਲ੍ਹਾਂ ਵਿਚ ਕੈਦ ਹਨ ਤੇ ਕੁਝ ਘਰਾਂ ਵਿਚ ਨਜ਼ਰਬੰਦ ਹਨ। ਉਨ੍ਹਾਂ ਨੂੰ ਸਿਰਫ ਇਸ ਸ਼ਰਤ 'ਤੇ ਰਿਹਾਅ ਕਰਨ ਦੀ ਪੇਸ਼ਕਸ਼ ਕੀਤੀ ਗਈ ਹੈ ਕਿ ਉਹ ਲਿਖਤੀ ਰੂਪ ਵਿਚ ਮੰਨਣ ਕਿ ਉਹ ਲੋਕ ਪੂਰਾ ਸਾਲਾ ਕੋਈ ਬਿਆਨ ਜਾਰੀ ਨਹੀਂ ਕਰਨਗੇ। ਜ਼ਿਆਦਾਤਰ ਕਸ਼ਮੀਰੀ ਨੇਤਾਵਾਂ ਨੇ ਇਸ ਸਰਕਾਰੀ ਸ਼ਰਤ ਨੂੰ ਮੰਨਣ ਤੋਂ ਇਨਕਾਰ ਕਰ ਦਿੱਤਾ ਹੈ। ਹਾਲ ਦੀ ਘੜੀ ਕਰਫਿਊ ਢਿੱਲਾ ਕਰ ਦਿੱਤਾ ਗਿਆ ਹੈ। ਕਬਰਾਂ ਵਰਗੀ ਸ਼ਾਂਤੀ ਹੈ। ਸਕੂਲ ਦੁਬਾਰਾ ਖੁੱਲ੍ਹ ਗਏ ਹਨ। ਕੁਝ ਫੋਨ ਲਾਈਨਾਂ ਚਾਲੂ ਹੋ ਗਈਆਂ ਹਨ। ਸਰਕਾਰ ਵਲੋਂ ਕਿਹਾ ਜਾ ਰਿਹਾ ਹੈ ਕਿ ਸਥਿਤੀ ਆਮ ਵਰਗੀ ਹੋ ਗਈ ਹੈ ਤੇ ਕਸ਼ਮੀਰ ਦੇ ਹਾਲਾਤ ਸ਼ਾਂਤ ਹਨ। ਆਮ ਕਰਕੇ ਸਰਕਾਰਾਂ ਲੋਕਾਂ ਨੂੰ ਦਬਾਅ ਕੇ ਅਜਿਹਾ ਹੀ ਫੁਰਮਾਨ ਜਾਰੀ ਕਰਦੀਆਂ ਹਨ ਕਿ ਸ਼ਾਂਤੀ ਹੋ ਚੁੱਕੀ ਹੈ। ਅਜਿਹੀ ਸ਼ਾਂਤੀ ਤਾਂ ਸਰਕਾਰ ਦੀ ਫੌਜ ਹੀ ਕਰਦੀ ਹੈ। ਕਸ਼ਮੀਰੀਆਂ ਨੇ ਇਸ ਕਬਰਾਂ ਵਰਗੀ ਸ਼ਾਂਤੀ ਨੂੰ ਮਨਜ਼ੂਰ ਕਰਨ ਤੋਂ ਇਨਕਾਰ ਕੀਤਾ ਹੋਇਆ ਹੈ। ਸਕੂਲ ਖਾਲੀ ਪਏ ਹਨ। ਸੇਬਾਂ ਦੀ ਬੰਪਰ ਪੈਦਾਵਾਦ ਬਗੀਚਿਆਂ ਵਿਚ ਸੜ ਰਹੀ ਹੈ। ਮਾਂ-ਬਾਪ ਤੇ ਕਿਸਾਨਾਂ ਦੇ ਲਈ ਇਸ ਤੋਂ ਜ਼ਿਆਦਾ ਖਤਰਨਾਕ ਹਾਲਾਤ ਕੀ ਹੋ ਸਕਦੇ ਹਨ ? ਇਹ ਤਾਂ ਉਨ੍ਹਾਂ ਦਾ ਵਜੂਦ ਮਿਟਾਉਣ ਵਾਲੀ ਗੱਲ ਹੈ।

ਕਸ਼ਮੀਰ ਵਿਚ ਸੰਘਰਸ਼ ਦਾ ਨਵਾਂ ਦੌਰ ਸ਼ੁਰੂ ਹੋ ਚੁੱਕਾ ਹੈ। ਕਸ਼ਮੀਰੀ ਜਿਹਾਦੀਆਂ ਨੇ ਚਿਤਾਵਨੀ ਦਿੱਤੀ ਹੈ ਕਿ ਹੁਣ ਉਹ ਸਾਰੇ ਭਾਰਤੀਆਂ ਨੂੰ ਜਾਇਜ਼ ਨਿਸ਼ਾਨਾ ਸਮਝਣਗੇ। ਹੁਣ ਤੱਕ ਦਸ ਤੋਂ ਜ਼ਿਆਦਾ ਗਰੀਬ, ਗ਼ੈਰ ਕਸ਼ਮੀਰੀ ਮਜ਼ਦੂਰ ਮਾਰੇ ਜਾ ਚੁੱਕੇ ਹਨ। ਮੈਨੂੰ ਜਾਪਦਾ ਹੈ ਕਿ ਇਸ ਤੋਂ ਵੀ ਜ਼ਿਆਦਾ ਘਿਨੌਣਾ ਵਾਪਰੇਗਾ।

ਜਲਦ ਹੀ ਹੁਣੇ ਜਿਹੇ ਵਾਪਰੀਆਂ ਘਟਨਾਵਾਂ ਨੂੰ ਭੁਲਾ ਦਿੱਤਾ ਜਾਵੇਗਾ ਤੇ ਇਕ ਵਾਰ ਫਿਰ ਟੀਵੀ ਸਟੂਡੀਓ ਵਿਚ ਭਾਰਤੀ ਸੁਰੱਖਿਆ ਬਲਾਂ ਤੇ ਕਸ਼ਮੀਰੀ ਜਿਹਾਦੀਆਂ ਦੀਆਂ ਜ਼ਿਆਦਤੀਆਂ ਬਾਰੇ ਤੁਲਨਾਤਮਕ ਬਹਿਸਾਂ ਹੋਣਗੇ। ਕਸ਼ਮੀਰ ਦੀ ਗੱਲ ਕਰਨ 'ਤੇ ਭਾਰਤੀ ਸਰਕਾਰ ਤੇ ਇਸ ਦਾ ਮੀਡੀਆ ਤੁਰੰਤ ਹੀ ਤੁਹਾਨੂੰ ਪਾਕਿਸਤਾਨ ਦੇ ਬਾਰੇ ਦੱਸੇਗਾ। ਅਜਿਹਾ ਜਾਣ ਬੁੱਝ ਕੇ ਕੀਤਾ ਜਾਵੇਗਾ ਤਾਂ ਕਿ ਫੌਜ ਦੇ ਕਬਜ਼ੇ ਵਿਚ ਜੀ ਰਹੇ ਕਸ਼ਮੀਰੀਆਂ ਦੀਆਂ ਲੋਕਤੰਤਰ ਮੰਗਾਂ ਨੂੰ ਵਿਦੇਸ਼ੀ ਰਾਜ ਦੇ ਪ੍ਰਭਾਵ ਦਾ ਕਾਰਨ ਦਰਸਾਇਆ ਜਾ ਸਕੇ। ਭਾਰਤ ਸਰਕਾਰ ਨੇ ਸਾਫ ਕਰ ਦਿੱਤਾ ਹੈ ਕਿ ਕਸ਼ਮੀਰੀਆਂ ਦੇ ਸਾਹਮਣੇ ਬਸ ਇਕ ਹੀ ਰਾਹ ਬਚਿਆ ਹੈ ਤੇ ਉਹ ਹੈ ਪੂਰੀ ਤਰ੍ਹਾਂ ਗੋਡੇ ਟੇਕ ਦੇਣਾ। ਸਰਕਾਰ ਨੂੰ ਕਿਸੇ ਵੀ ਤਰ੍ਹਾਂ ਦਾ ਵਿਰੋਧ ਮਨਜ਼ੂਰ ਨਹੀਂ। ਭਾਵੇਂ ਉਹ ਵਿਰੋਧ ਹਿੰਸਕ ਹੋਵੇ ਜਾਂ ਅਹਿੰਸਕ। ਬੋਲ ਕੇ ਕੀਤਾ ਜਾਵੇ ਜਾਂ ਲਿਖ ਕੇ ਜਾਂ ਗੀਤ ਗਾ ਕੇ। ਫਿਰ ਵੀ ਕਸ਼ਮੀਰੀ ਜਾਣਦੇ ਹਨ ਕਿ ਜੇਕਰ ਜ਼ਿੰਦਾ ਰਹਿਣਾ ਹੈ ਤਾਂ ਪ੍ਰਤੀਕਰਮ ਕਰਨਾ ਹੀ ਹੋਵੇਗਾ।

ਸੁਆਲ ਇਹ ਉਠਦਾ ਹੈ ਕਿ ਇਹ ਕਸ਼ਮੀਰੀ ਲੋਕ ਭਾਰਤ ਦਾ ਹਿੱਸਾ ਕਿਉਂ ਬਣਨਾ ਚਾਹੁਣਗੇ ? ਦੁਨੀਆ ਵਿਚ ਇਸ ਦੀ ਕੋਈ ਵਜ੍ਹਾ ਹੋਵੇ ਤਾਂ ਦੱਸੋ ? ਜੇਕਰ ਉਹ ਲੋਕ ਆਜ਼ਾਦੀ ਚਾਹੁੰਦੇ ਹਨ ਤਾਂ ਉਨ੍ਹਾਂ ਨੂੰ ਆਜ਼ਾਦੀ ਮਿਲਣੀ ਚਾਹੀਦੀ ਹੈ ? ਇਹੀ ਤਾਂ ਭਾਰਤੀਆਂ ਦੀ ਵੀ ਇੱਛਾ ਹੋਣੀ ਚਾਹੀਦੀ ਹੈ। ਕਸ਼ਮੀਰੀਆਂ ਦੇ ਲਈ ਨਹੀਂ, ਬਲਕਿ ਖੁਦ ਆਪਣੇ ਦੇ ਲਈ। ਕਸ਼ਮੀਰੀਆਂ ਦੇ ਨਾਮ 'ਤੇ ਜੋ ਜ਼ੁਲਮ ਕੀਤੇ ਜਾ ਰਹੇ ਹਨ, ਉਹ ਅਜਿਹੇ ਪਲ ਹਨ, ਜਿਸ ਨੂੰ ਭਾਰਤ ਝਲ ਨਹੀਂ ਸਕੇਗਾ। ਹੋ ਸਕਦਾ ਹੈ ਕਸ਼ਮੀਰ ਭਾਰਤ ਨੂੰ ਹਰਾ ਨਾ ਸਕੇ। ਪਰ ਉਹ ਭਾਰਤ ਨੂੰ ਨਿਗਲ ਜ਼ਰੂਰ ਜਾਵੇਗਾ। ਅਜਿਹਾ ਕਈ ਵਾਰ ਇਤਿਹਾਸ ਵਿਚ ਵਾਪਰ ਚੁੱਕਾ ਹੈ।

ਹੁਸਟਨ ਸਟੇਡੀਅਮ ਵਿਚ ਤਾੜੀਆਂ ਵਜਾਉਣ ਵਾਲੇ ਉਨ੍ਹਾਂ 60 ਹਜ਼ਾਰ ਭਾਰਤੀ ਲੋਕਾਂ ਦੇ ਲਈ ਇਸ ਦਾ ਸ਼ਾਇਦ ਕੋਈ ਮਹੱਤਵ ਨਾ ਹੋਵੇ, ਜੋ ਅਮਰੀਕਾ ਵਸ ਚੁੱਕੇ ਹਨ ਤੇ ਸਭ ਤੋਂ ਵੱਡੇ ਭਾਰਤੀ ਹੋਣ ਦੇ ਸੁਪਨੇ ਨੂੰ ਪੂਰਾ ਕਰ ਚੁੱਕੇ ਹਨ। ਉਨ੍ਹਾਂ ਦੇ ਲਈ ਕਸ਼ਮੀਰ ਥੱਕੀ ਹੋਈ ਪੁਰਾਣੀ ਸਮੱਸਿਆ ਹੈ। ਉਹ ਇਸ ਨੂੰ ਕਸ਼ਮੀਰੀਆਂ ਦੀ ਵੱਡੀ ਮੂਰਖਤਾ ਸਮਝਦੇ ਹਨ। ਉਹ ਸਮਝਦੇ ਹਨ ਕਿ ਮੋਦੀ ਸਰਕਾਰ ਨੇ ਕਸ਼ਮੀਰ 'ਤੇ ਕਾਰਵਾਈ ਕਰਕੇ ਇਸ ਦਾ ਵੱਡਾ ਹੱਲ ਕਰ ਦਿੱਤਾ ਹੈ। ਇਹ ਲੋਕ ਪ੍ਰਵਾਸੀ ਭਾਰਤੀ ਹਨ। ਇਸ ਲਈ ਇਹਨਾਂ ਤੋਂ ਉਮੀਦ ਤਾਂ ਕੀਤੀ ਜਾ ਸਕਦੀ ਹੈ ਕਿ ਅਸਾਮ ਵਿਚ ਜੋ ਹੋ ਰਿਹਾ ਹੈ, ਉਸ ਨੂੰ ਸ਼ਾਇਦ ਜ਼ਿਆਦਾ ਸਮਝਣਗੇ। ਇਹ ਉਹੀ ਲੋਕ ਹਨ ਜੋ ਸ਼ਰਨਾਰਥੀ ਸੰਕਟ ਦਾ ਸਾਹਮਣਾ ਕਰ ਰਹੀ ਦੁਨੀਆਂ ਦੇ ਸਭ ਤੋਂ ਕਿਸਮਤ ਵਾਲੇ ਸ਼ਰਨਾਰਥੀ ਹਨ। ਹੁਸਟਨ ਵਿਚ ਆਏ ਜ਼ਿਆਦਾਤਰ ਲੋਕ ਅਜਿਹੇ ਲੋਕਾਂ ਦੀ ਤਰ੍ਹਾਂ ਹਨ, ਜਿਨ੍ਹਾਂ ਦੇ ਕੋਲ ਹੋਲੀਡੇ ਹੋਮ ਹੁੰਦੇ ਹਨ। ਇਨ੍ਹਾਂ ਦੇ ਕੋਲ ਸ਼ਾਇਦ ਅਮਰੀਕਾ ਦੀ ਨਾਗਰਿਕਤਾ ਤੇ ਸਮੁੰਦਰ ਪਾਰ ਭਾਰਤੀ ਨਾਗਰਿਕ ਦਾ ਪ੍ਰਮਾਣ ਪੱਤਰ ਵੀ ਹੋਵੇ, ਪਰ 'ਹਾਊਡੀ ਮੋਦੀ' ਅਸਾਮ ਦੇ 20 ਲੱਖ ਲੋਕਾਂ ਦੁਆਰਾ ਰਾਸ਼ਟਰੀ ਨਾਗਰਿਕਤਾ ਕਾਨੂੰਨ ਦਾ ਦਰਦ ਭੋਗ ਰਹੇ ਲੋਕਾਂ ਬਾਰੇ ਉਨ੍ਹਾਂ ਨੂੰ ਕੋਈ ਜਾਣਕਾਰੀ ਨਹੀਂ ਹੈ।

ਅਸਾਮ ਵਿਚ ਐਨ ਆਰ ਸੀ ਹੋਇਆ ਇਸ ਦਾ ਕਾਰਨ ਵਿਸ਼ੇਸ਼ ਸਭਿਆਚਾਰਕ ਇਤਿਹਾਸ ਹੈ। 1826 ਦੌਰਾਨ ਏਂਗਲੋ ਬਰਮਾ ਯੁਧ ਦੇ ਬਾਅਦ ਅੰਗਰੇਜ਼ਾਂ ਦੇ ਨਾਲ ਸ਼ਾਂਤੀ ਸਮਝੌਤੇ ਦੇ ਤਹਿਤ ਇਸ ਖੇਤਰ ਨੂੰ ਬਰਮਾ ਨੇ ਅੰਗਰੇਜ਼ਾਂ ਦੇ ਹਵਾਲੇ ਕਰ ਦਿੱਤਾ ਸੀ। ਉਸ ਵਕਤ ਇੱਥੇ ਸੰਘਣੇ ਜੰਗਲ ਹੋਇਆ ਕਰਦੇ ਸਨ ਤੇ ਇੱਥੇ ਬਹੁਤ ਘੱਟ ਆਬਾਦੀ ਸੀ। ਇੱਥੇ ਬੋਡੋ, ਸੰਥਾਲ, ਕਚਾਰ, ਮਿਸ਼ਿੰਗ, ਲਾਲੂੰਗ, ਆਹੋਮੀ ਹਿੰਦੂ, ਆਹੋਮੀ ਮੁਸਲਮਾਨ ਵਰਗੇ ਸੈਂਕੜੇ ਭਾਈਚਾਰੇ ਰਹਿੰਦੇ ਸਨ। ਹਰ ਭਾਈਚਾਰੇ ਦੀ ਆਪਣੀ ਭਾਸ਼ਾ ਸੀ। ਜ਼ਮੀਨ ਦੇ ਨਾਲ ਪ੍ਰਕਿਰਤਕ ਤੌਰ 'ਤੇ ਵਿਕਸਤ ਰਿਸ਼ਤੇ ਸਨ। ਹਾਲਾਂ ਕਿ ਇਸ ਸੰਬੰਧ ਨੂੰ ਦਸਤਾਵੇਜ਼ਾਂ ਨਾਲ ਸਾਬਤ ਨਹੀਂ ਕੀਤਾ ਜਾ ਸਕਦਾ। ਅਸਾਮ ਹਮੇਸ਼ਾ ਹੀ ਘੱਟ ਗਿਣਤੀਆਂ ਦਾ ਗੁਲਦਸਤਾ ਸੀ, ਜੋ ਨਸਲੀ ਤੇ ਭਾਸ਼ਾਈ ਗਠਜੋੜ ਬਣਾ ਕੇ ਬਹੁਗਿਣਤੀ ਬਣ ਜਾਂਦੇ ਸਨ। ਕੋਈ ਵੀ ਵਸਤੂ ਜੋ ਇਸ ਸੰਤੁਲਿਨ ਨੂੰ ਵਿਗਾੜਦੀ ਜਾਂ ਇਸ ਦੇ ਲਈ ਖਤਰਾ ਬਣਦੀ ਸੀ, ਉਹ ਸੰਭਾਵਿਤ ਹਿੰਸਾ ਦਾ ਕਾਰਨ ਬਣ ਜਾਂਦੀ ਸੀ। 1826 ਦੌਰਾਨ ਇਸ ਸੰਤੁਲਿਨ ਨੂੰ ਵਿਗਾੜਨ ਦੇ ਲਈ ਬੀਜ ਬੀਜੇ ਗਏ। ਅਸਾਮ ਦੇ ਨਵੇਂ ਮਾਲਕ ਅੰਗਰੇਜ਼ਾਂ ਨੇ ਬੰਗਾਲੀ ਭਾਸ਼ਾ ਨੂੰ ਇੱਥੋਂ ਦੀ ਅਧਿਕਾਰਤ ਭਾਸ਼ਾ ਬਣਾ ਦਿੱਤਾ ਗਿਆ। ਇਸ ਦਾ ਮਤਲਬ ਸੀ ਕਿ ਲਗਭਗ ਸਾਰੇ ਪ੍ਰਸ਼ਾਸ਼ਨਿਕ ਤੇ ਸਰਕਾਰੀ ਨੌਕਰੀਆਂ, ਸਿੱਖਿਅਤ, ਹਿੰਦੂ, ਬੰਗਾਲੀ ਭਾਸ਼ੀ ਮੂਲ ਦੇ ਲੋਕਾਂ ਨੇ ਲੈ ਲਈ। ਹਾਲਾਂ ਕਿ ਇਸ ਨੀਤੀ ਨੂੰ 1877 ਈਸਵੀ ਦੌਰਾਨ ਬਦਲ ਦਿੱਤਾ ਗਿਆ ਤੇ ਬੰਗਾਲੀ ਦੇ ਨਾਲ ਅਸਾਮੀ ਨੂੰ ਵੀ ਅਧਿਕਾਰਿਤ ਤੌਰ 'ਤੇ ਮਾਨਤਾ ਦੇ ਦਿੱਤੀ ਗਈ, ਜਿਸ ਨੇ ਸ਼ਕਤੀ ਸੰਤੁਲਿਨ ਨੂੰ ਗੰਭੀਰ ਰੂਪ ਵਿਚ ਬਦਲ ਦਿੱਤਾ। ਇਸ ਦੇ ਨਾਲ ਹੀ ਅਸਾਮੀ ਤੇ ਬੰਗਾਲੀ ਭਾਸ਼ਾ ਬੋਲਣ ਵਾਲਿਆਂ ਦੀ ਦੁਸ਼ਮਣੀ ਦੀ ਸ਼ੁਰੂਆਤ ਹੋ ਗਈ, ਜੋ ਦੋ ਸਦੀਆਂ ਪੁਰਾਣੀ ਹੋ ਚੁੱਕੀ ਹੈ।

19ਵੀਂ ਸ਼ਤਾਬਦੀ ਦੇ ਅੰਤ ਵਿਚ ਬ੍ਰਿਟਿਸ਼ ਲੋਕਾਂ ਨੂੰ ਪਤਾ ਚੱਲਿਆ ਕਿ ਇਸ ਖੇਤਰ ਦੀ ਮਿੱਟੀ ਤੇ ਵਾਤਾਵਰਨ ਚਾਹ ਦੀ ਖੇਤੀ ਲਈ ਚੰਗੇ ਹਨ। ਸਥਾਨਕ ਲੋਕ ਚਾਹ ਦੇ ਬਾਗਾਂ ਵਿਚ ਗੁਲਾਮਾਂ ਦੀ ਤਰ੍ਹਾਂ ਕੰਮ ਕਰਨਾ ਨਹੀਂ ਚਾਹੁੰਦੇ ਸਨ। ਇਸ ਲਈ ਮੱਧ ਭਾਰਤ ਤੋਂ ਮੂਲ ਨਿਵਾਸੀਆਂ ਨੂੰ ਇੱਥੇ ਲਿਆ ਕੇ ਵੱਡੀ ਪੱਧਰ 'ਤੇ ਵਸਾਇਆ ਗਿਆ। ਇਹ ਉਨ੍ਹਾਂ ਗਿਰਮਿਟੀਆ ਮਜ਼ਦੂਰਾਂ ਤੋਂ ਅਲੱਗ ਨਹੀਂ ਸਨ, ਜਿਨ੍ਹਾਂ ਨੂੰ ਅੰਗਰੇਜ਼ ਜਹਾਜ਼ਾਂ ਵਿਚ ਭਰ ਭਰ ਕੇ ਦੁਨੀਆਂ ਭਰ ਦੇ ਆਪਣੇ ਕਬਜ਼ੇ ਵਾਲੇ ਦੇਸਾਂ ਵਿਚ ਲਿਜਾਇਆ ਕਰਦੇ ਸਨ। ਅੱਜ ਚਾਹ ਦੇ ਬਾਗ ਵਿਚ ਕੰਮ ਕਰਨ ਵਾਲੇ ਲੋਕ ਅਸਾਮ ਦੀ ਆਬਾਦੀ ਦਾ 15 ਤੋਂ 20 ਫੀਸਦੀ ਹਨ। ਪਰ ਅਫਰੀਕਾ ਦੇ ਭਾਰਤੀ ਮੂਲ ਦੇ ਲੋਕਾਂ ਤੋਂ ਉਲਟ ਇਨ੍ਹਾਂ ਲੋਕਾਂ ਨੂੰ ਸ਼ਰਮਨਾਕ ਤਰੀਕੇ ਨਾਲ ਨੀਚ ਸਮਝਿਆ ਜਾਂਦਾ ਹੈ ਤੇ ਇਹ ਅੱਜ ਵੀ ਚਾਹ ਬਾਗਾਂ ਵਿਚ ਰਹਿੰਦੇ ਹਨ। ਗੁਲਾਮਾਂ ਨੂੰ ਮਿਲਣ ਵਾਲਾ ਭੱਤਾ ਪ੍ਰਾਪਤ ਕਰਦੇ ਹਨ ਤੇ ਬਾਗਾਂ ਦੇ ਮਾਲਕਾਂ ਦੀ ਦਿਆ ਉੱਪਰ ਜ਼ਿੰਦਾ ਹਨ।

1890 ਦੇ ਦਹਾਕੇ ਦੇ ਅੰਤ ਤੱਕ ਗੁਆਂਢੀ ਪੂਰਵੀ ਬੰਗਾਲ ਦੀ ਤਰਾਈ ਵਿਚ ਚਾਹ

ਬਾਕੀ ਸਫ਼ਾ 28 'ਤੇ

# ਨਾਗਰਿਕਤਾ ਸੋਧ ਬਿੱਲ ਭਗਵੇਂਵਾਦ ਦਾ ਫਿਰਕੂ ਏਜੰਡਾ

**ਰਜਿੰਦਰ ਸਿੰਘ**



ਨਾਗਰਿਕਤਾ ਸੋਧ ਬਿੱਲ ਬੀਤੇ ਦਿਨੀਂ ਭਾਰਤੀ ਲੋਕ ਸਭਾ ਵਿੱਚ ਪਾਸ ਹੋ ਗਿਆ। ਬਿੱਲ ਦੇ ਹੱਕ ਵਿੱਚ 311 ਜਦੋਂਕਿ ਵਿਰੋਧ ਵਿੱਚ 80 ਵੋਟਾਂ ਪਈਆਂ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਇਸ ਬਾਰੇ ਕਹਿਣਾ ਹੈ ਕਿ ਨਾਗਰਿਕਤਾ ਸੋਧ ਬਿੱਲ, ਭਾਰਤ ਦੇ ਸਾਰੇ ਧਰਮਾਂ ਨੂੰ ਆਪਣੇ ਵਿਚ ਸਮੋ ਲੈਣ ਤੇ ਮਨੁੱਖੀ ਕਦਰਾਂ ਕੀਮਤਾਂ ਵਿਚ ਭਰੋਸੇ ਦੇ ਸਦੀਆਂ ਪੁਰਾਣੇ ਸੁਭਾਅ ਮੁਤਾਬਕ ਹੈ। ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਬਿੱਲ 'ਤੇ ਹੋਈ ਬਹਿਸ ਨੂੰ ਸਮੇਟਦਿਆਂ ਕਿਹਾ ਕਿ ਜਦੋਂ ਤੱਕ ਨਰਿੰਦਰ ਮੋਦੀ ਦੇਸ਼ ਦੇ ਪ੍ਰਧਾਨ ਮੰਤਰੀ ਹਨ, ਉਦੋਂ ਤੱਕ ਭਾਰਤ ਸਰਕਾਰ ਦਾ ਧਰਮ ਸੰਵਿਧਾਨ ਹੀ ਹੈ ਅਤੇ ਦੇਸ਼ ਵਿਚ ਕਿਸੇ ਵੀ ਧਰਮ ਜਾਂ ਫ਼ਿਰਕੇ ਦੇ ਵਿਅਕਤੀ ਨੂੰ ਡਰਨ ਦੀ ਲੋੜ ਨਹੀਂ ਹੈ। ਉਨ੍ਹਾਂ ਕਿਹਾ ਕਿ ਇਹ ਬਿੱਲ ਲੱਖਾਂ ਕਰੋੜਾਂ ਸ਼ਰਨਾਰਥੀਆਂ ਨੂੰ ਤਸੀਹੇ ਭਰੇ ਨਰਕ ਵਰਗੇ ਜੀਵਨ ਤੋਂ ਮੁਕਤੀ ਦਿਵਾਉਣ ਦਾ ਜ਼ਰੀਆ ਬਣੇਗਾ। ਉਨ੍ਹਾਂ ਕਿਹਾ ਕਿ ਜਿਹੜੇ ਲੋਕ ਭਾਰਤ ਪ੍ਰਤੀ ਆਸਥਾ ਰੱਖਦਿਆਂ ਸ਼ਰਨ ਲਈ ਆਏ ਹਨ, ਉਨ੍ਹਾਂ ਨੂੰ ਨਾਗਰਿਕਤਾ ਮਿਲੇਗੀ। ਸ਼ਾਹ ਨੇ ਸਾਫ ਕਰ ਦਿੱਤਾ ਕਿ ਦੇਸ਼ ਵਿੱਚ ਕੌਮੀ ਨਾਗਰਿਕਤਾ ਰਜਿਸਟਰ (ਐੱਨਆਰਸੀ) ਲਿਆ ਕੇ ਅਤੇ ਦੇਸ਼ ਵਿਚੋਂ ਸਾਰੇ ਘੁਸਪੈਠੀਆਂ ਨੂੰ ਬਾਹਰ ਕੱਢ ਕੇ ਹੀ ਸਾਹ ਲਵਾਂਗੇ। ਉਨ੍ਹਾਂ ਕਿਹਾ ਕਿ ਕਿਸੇ ਵੀ ਰੋਹਿੰਗੀਆਂ ਨੂੰ ਦੇਸ਼ ਵਿੱਚ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਬਿੱਲ, ਕਾਨੂੰਨ ਦੀ ਸ਼ਕਲ ਲੈਣ ਮਗਰੋਂ ਪਾਕਿਸਤਾਨ, ਬੰਗਲਾਦੇਸ਼ ਤੇ ਅਫ਼ਗਾਨਿਸਤਾਨ ਵਿੱਚ ਧਾਰਮਿਕ ਵਧੀਕੀਆਂ ਦਾ ਸ਼ਿਕਾਰ ਘੱਟ ਗਿਣਤੀਆਂ ਨੂੰ ਨਾਗਰਿਕਤਾ ਸਮੇਤ ਹੋਰ ਹੱਕ ਪ੍ਰਦਾਨ ਕਰੇਗਾ। ਉਧਰ ਕਾਂਗਰਸ ਸਮੇਤ ਹੋਰਨਾਂ ਵਿਰੋਧੀ ਪਾਰਟੀਆਂ ਨੇ ਬਿੱਲ ਦਾ ਜ਼ੋਰਦਾਰ ਵਿਰੋਧ ਕਰਦਿਆਂ ਇਸ ਨੂੰ ਸੰਵਿਧਾਨਕ ਵਿਵਸਥਾਵਾਂ ਦੀ ਖ਼ਿਲਾਫ਼ਤ ਦੱਸਿਆ ਹੈ।
ਇਸ ਬਿੱਲ ਦਾ ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਵੀ ਵਿਰੋਧ ਕੀਤਾ ਤੇ ਕਿਹਾ ਇਹ ਬਿੱਲ ਦੇਸ ਵਿਚ ਵੰਡੀਆਂ ਪਾਵੇਗਾ। ਮਮਤਾ ਦਾ ਕਹਿਣਾ ਸੀ ਕਿ ਜਦੋਂ ਤੱਕ ਉਨ੍ਹਾਂ ਦੀ ਪਾਰਟੀ ਤ੍ਰਿਣਮੂਲ ਕਾਂਗਰਸ ਸੱਤਾ ਵਿਚ ਹੈ, ਉਹ ਦੋਹਾਂ ਨੂੰ ਬੰਗਾਲ ਵਿਚ ਲਾਗੂ ਕਰਨ ਦੀ ਇਜਾਜ਼ਤ ਨਹੀਂ ਦੇਵੇਗੀ। ਸੀਪੀਐੱਮ ਦੇ ਸੀਨੀਅਰ ਆਗੂ ਮੁਹੰਮਦ ਸਲੀਮ ਨੇ ਦੋਸ਼ ਲਾਇਆ ਹੈ ਕਿ ਨਾਗਰਿਕਤਾ (ਸੋਧ) ਬਿੱਲ ਸੰਘ ਪਰਿਵਾਰ ਦੇ 'ਅਧੂਰੇ ਏਜੰਡੇ' ਨੂੰ ਮੁਕੰਮਲ ਕਰਨ ਦੀ ਕੋਸ਼ਿਸ਼ ਹੈ ਤਾਂ ਜੋ ਮੁਲਕ ਵਿਚ ਹਿੰਦੂ ਰਾਸ਼ਟਰਵਾਦ ਦੀ ਸਥਾਪਨਾ ਕੀਤੀ ਜਾ ਸਕੇ। ਏਆਈਐੱਮਆਈਐੱਮ ਦੇ ਸੰਸਦ ਮੈਂਬਰ ਅਸਦੁਦੀਨ ਓਵਾਇਸੀ ਨੇ ਕੇਂਦਰ ਦੀ ਭਾਜਪਾ ਸਰਕਾਰ 'ਤੇ ਜ਼ੋਰਦਾਰ ਹੱਲਾ ਬੋਲਦਿਆਂ ਕਿਹਾ ਕਿ ਮੋਦੀ ਸਰਕਾਰ ਵੱਲੋਂ ਪੇਸ਼ ਨਾਗਰਿਕਤਾ (ਸੋਧ) ਬਿੱਲ ਦਾ ਮੁੱਖ ਆਸ਼ਾ ਮੁਸਲਮਾਨਾਂ ਨੂੰ 'ਘਰੋਂ ਬੇਘਰ' ਕਰਨਾ ਹੈ।
ਸ਼੍ਰੋਮਣੀ ਅਕਾਲੀ ਦਲ ਨੇ ਭਾਜਪਾ ਤੋਂ ਵੱਖਰਾ ਸਟੈਂਡ ਲੈਂਦਿਆ ਕਿਹਾ ਕਿ ਗੁਆਂਢੀ ਮੁਲਕਾਂ ਵਿਚ ਧਾਰਮਿਕ ਵਧੀਕੀਆਂ ਨਾਲ ਜੂਝ ਰਹੇ ਮੁਸਲਿਮ ਭਾਈਚਾਰੇ ਨੂੰ ਵੀ ਨਾਗਰਿਕਤਾ (ਸੋਧ) ਬਿੱਲ ਵਿਚ ਸ਼ਾਮਲ ਕੀਤਾ ਜਾਵੇ।
ਕੌਮਾਂਤਰੀ ਧਾਰਮਿਕ ਆਜ਼ਾਦੀ ਬਾਰੇ ਸੰਘੀ ਅਮਰੀਕੀ ਕਮਿਸ਼ਨ (ਯੂਐੱਸਸੀਆਈਆਰਐੱਫ) ਨੇ ਇਸ ਬਾਰੇ ਦਰੁਸਤ ਸਟੈਂਡ ਲੈਂਦਿਆਂ ਨਾਗਰਿਕਤਾ ਸੋਧ ਬਿੱਲ ਨੂੰ ਗਲਤ ਦਿਸ਼ਾ ਵਿਚ ਵਧਾਇਆ ਗਿਆ ਇੱਕ ਖਤਰਨਾਕ ਕਦਮ ਦੱਸਿਆ ਹੈ। ਉਨ੍ਹਾਂ ਦਾ ਇਥੋਂ ਤੱਕ ਕਹਿਣਾ ਹੈ ਕਿ ਜੇਕਰ ਇਹ ਬਿੱਲ ਭਾਰਤ ਦੇ ਦੋਵਾਂ ਸਦਨਾਂ ਵੱਲੋਂ ਪਾਸ ਕਰ ਦਿੱਤਾ ਜਾਂਦਾ ਹੈ ਤੇ ਅਮਰੀਕੀ ਸਰਕਾਰ ਨੂੰ ਭਾਰਤ ਦੇ ਗ੍ਰਹਿ ਮੰਤਰੀ ਅਮਿਤ ਸ਼ਾਹ ਤੇ ਉਨ੍ਹਾਂ ਦੇ ਹੋਰ ਵੱਡੇ ਸਿਆਸੀ ਆਗੂਆਂ ਖ਼ਿਲਾਫ਼ ਪਾਬੰਦੀਆਂ ਆਇਦ ਕਰਨੀਆਂ ਚਾਹੀਦੀਆਂ ਹਨ। ਦੂਜੇ ਪਾਸੇ ਭਾਰਤੀ ਵਿਦੇਸ਼ ਮੰਤਰਾਲੇ ਦੇ ਬੁਲਾਰੇ ਰਵੀਸ਼ ਕੁਮਾਰ ਨੇ ਕਿਹਾ ਕਿ ਯੂਐੱਸਸੀਆਈਆਰਐੱਫ ਦਾ ਨਾਗਰਿਕਤਾ ਸੋਧ ਬਿੱਲ ਬਾਰੇ ਬਿਆਨ ਨਾ ਤਾਂ ਢੁੱਕਵਾਂ ਤੇ ਨਾ ਹੀ ਦਰੁੱਸਤ ਹੈ। ਉਨ੍ਹਾਂ ਕਿਹਾ ਕਿ ਸੰਸਥਾ ਵੱਲੋਂ ਸਿਰਫ਼ ਆਪਣੇ ਅੰਦਾਜ਼ੇ ਲਗਾ ਕੇ ਪੱਖਪਾਤੀ ਢੰਗ ਨਾਲ ਬਿਆਨ ਜਾਰੀ ਕੀਤਾ ਹੈ ਤੇ ਉਨ੍ਹਾਂ ਨੂੰ ਸਥਾਨਕ ਪੱਧਰ 'ਤੇ ਇਸ ਬਿੱਲ ਬਾਰੇ ਬਹੁਤ ਘੱਟ ਜਾਣਕਾਰੀ ਹੈ। ਉਨ੍ਹਾਂ ਕਿਹਾ ਕਿ ਇਸ ਬਿੱਲ ਨਾਲ ਭਾਰਤ ਵਿੱਚ ਮੌਜੂਦਾ ਸਮੇਂ ਰਹਿ ਰਹੇ ਕਿਸੇ ਵੀ ਭਾਈਚਾਰੇ ਦੇ ਹਿੱਤਾਂ ਨੂੰ ਕੋਈ ਖਤਰਾ ਨਹੀਂ ਹੋਵੇਗਾ।
ਜੇਕਰ ਨਾਗਰਿਕਤਾ ਸੋਧ ਬਿਲ ਦਾ ਅਧਿਐਨ ਕਰੀਏ ਤਾਂ ਇਹ ਸੰਘ ਪਰਿਵਾਰ ਦੀ ਪੁਰਾਤਨ ਫਿਲਾਸਫੀ ਅਨੁਸਾਰ ਹੈ, ਜਿਸ ਵਿਚ ਇਸਾਈਆਂ, ਮੁਸਲਮਾਨਾਂ ਨੂੰ ਨਾਗਰਿਕ ਨਾ ਮੰਨ ਕੇ ਭਾਰਤ ਨੂੰ ਹਿੰਦੂ ਰਾਸ਼ਟਰ ਬਣਾਉਣਾ ਹੈ। ਭਾਜਪਾ ਇਸੇ ਏਜੰਡੇ 'ਤੇ ਕੰਮ ਕਰ ਰਹੀ ਹੈ, ਜੋ ਕਿ ਆਰ ਐਸ ਐਸ ਦੇ ਸੰਸਥਾਪਕਾਂ ਗੁਰੂ ਗੋਲਵਲਕਰ ਤੇ ਸਾਵਰਕਰ ਨੇ ਦਿੱਤਾ ਸੀ। ਇਸ ਬਿੱਲ ਵਿਚ ਬਕਾਇਦਾ ਪਾਕਿਸਤਾਨ, ਬੰਗਲਾ ਦੇਸ਼ ਤੇ ਅਫ਼ਗਾਨਿਸਤਾਨ ਸਣੇ 6 ਘੱਟ ਗਿਣਤੀ ਧਰਮਾਂ ਹਿੰਦੂ, ਮੁਸਲਮਾਨ, ਬੋਧੀ, ਜੈਨ, ਪਾਰਸੀ, ਇਸਾਈ ਅਤੇ ਸਿੱਖ ਨੂੰ ਭਾਰਤੀ ਨਾਗਰਿਕਤਾ ਦੇਣ ਦਾ ਪ੍ਰਸਤਾਵ ਹੈ ਅਤੇ ਮੁਸਲਮਾਨਾਂ ਦਾ ਨਾਂ ਇਸ ਵਿਚ ਨਹੀਂ ਹੈ। ਸਰਕਾਰ ਮੁਸਲਮਾਨਾਂ ਨੂੰ ਬਾਹਰ ਰੱਖਣ ਲਈ ਇਹ ਬਿੱਲ ਲਿਆਈ ਹੈ, ਜੋ ਭਾਰਤੀ ਸੰਵਿਧਾਨ ਦੀ ਉਲੰਘਣਾ ਹੈ। ਮੌਜੂਦਾ ਕਾਨੂੰਨ ਮੁਤਾਬਕ ਕਿਸੇ ਵੀ ਸ਼ਖ਼ਸ ਦਾ ਭਾਰਤੀ ਨਾਗਰਿਕਤਾ ਲੈਣ ਲਈ ਘੱਟੋ ਘੱਟ 11 ਸਾਲ ਭਾਰਤ ਵਿੱਚ ਰਹਿਣ ਜ਼ਰੂਰੀ ਹੈ। ਇਸ ਬਿੱਲ ਵਿੱਚ ਗੁਆਂਢੀ ਦੇਸ਼ਾਂ ਦੇ ਘੱਟ ਗਿਣਤੀ ਭਾਈਚਾਰਿਆਂ ਲਈ ਇਹ ਸਮਾਂ ਘੱਟ ਕਰਕੇ 11 ਤੋਂ 6 ਸਾਲ ਕਰ ਦਿੱਤਾ ਹੈ। ਇਸਦੇ ਲਈ ਨਾਗਰਿਕਤਾ ਐਕਟ, 1955 ਵਿੱਚ ਕੁਝ ਸੋਧ ਕੀਤੇ ਜਾਣਗੇ ਤਾਂ ਜੋ ਲੋਕਾਂ ਨੂੰ ਨਾਗਰਿਕਤਾ ਦੇਣ ਲਈ ਉਨ੍ਹਾਂ ਦੀ ਕਾਨੂੰਨੀ ਮਦਦ ਕੀਤੀ ਜਾ ਸਕੇ।
ਮੌਜੂਦਾ ਕਾਨੂੰਨ ਦੇ ਤਹਿਤ ਭਾਰਤ ਵਿੱਚ ਗ਼ੈਰ ਕਾਨੂੰਨੀ ਤਰੀਕੇ ਨਾਲ ਦਾਖ਼ਲ ਹੋਣ ਵਾਲੇ ਲੋਕਾਂ ਨੂੰ ਨਾਗਰਿਕਤਾ ਨਹੀਂ ਮਿਲ ਸਕਦੀ ਹੈ ਅਤੇ ਉਨ੍ਹਾਂ ਨੂੰ ਵਾਪਿਸ ਉਨ੍ਹਾਂ ਦੇ ਮੁਲਕ ਭੇਜਣ ਜਾਂ ਹਿਰਾਸਤ ਵਿੱਚ ਰੱਖਣ ਦਾ ਪ੍ਰਬੰਧ ਹੈ। ਐਨਆਰਸੀ ਯਾਨਿ ਨੈਸ਼ਨਲ ਸਿਟੀਜ਼ਨ ਰਜਿਸਟਰ। ਇਸ ਨੂੰ ਸੌਖੀ ਭਾਸ਼ਾ ਵਿੱਚ ਭਾਰਤੀ ਨਾਗਰਿਕਾਂ ਦੀ ਇੱਕ ਸੂਚੀ ਸਮਝਿਆ ਜਾ ਸਕਦਾ ਹੈ। ਐਨਆਰਸੀ ਤੋਂ ਪਤਾ ਲਗਦਾ ਹੈ ਕਿ ਕੌਣ ਭਾਰਤੀ ਨਾਗਰਿਕ ਹੈ ਅਤੇ ਕੌਣ ਨਹੀਂ। ਜਿਸਦਾ ਨਾਮ ਇਸ ਸੂਚੀ ਵਿੱਚ ਨਹੀਂ ਹੈ ਉਸ ਨੂੰ ਗ਼ੈਰ-ਕਾਨੂੰਨੀ ਨਿਵਾਸੀ ਮੰਨਿਆ ਜਾਂਦਾ ਹੈ।
ਅਸਾਮ ਭਾਰਤ ਦਾ ਪਹਿਲਾ ਸੂਬਾ ਹੈ ਜਿੱਥੇ ਸਾਲ 1951 ਤੋਂ ਬਾਅਦ ਐਨਆਰਸੀ ਲਿਸਟ ਅਪਡੇਟ ਕੀਤੀ ਗਈ। ਅਸਾਮ ਵਿੱਚ ਨੈਸ਼ਨਲ ਰਜਿਸਟਰ ਸਭ ਤੋਂ ਪਹਿਲਾਂ 1951 ਵਿੱਚ

ਬਾਕੀ ਸਫ਼ਾ 28 'ਤੇ

# ਖਾਲਿਸਤਾਨੀਆਂ ਦੀ ਭਾਰਤੀ ਪੈਵਿਲੀਅਨ 'ਚ ਵਾਪਸੀ ਦਾ ਸਿੱਖ ਲਹਿਰ ਨੂੰ ਫਾਇਦਾ ਕਿ ਨੁਕਸਾਨ ?

**ਸੁਰਿੰਦਰ ਸਿੰਘ**



ਰਿਪੁਦਮਨ ਸਿੰਘ ਮਲਿਕ ਦੇ ਭਾਰਤੀ ਜ਼ਮੀਨ 'ਤੇ ਪੈਰ ਰੱਖਦਿਆਂ ਹੀ ਖਾਲਿਸਤਾਨੀ ਧਿਰਾਂ ਅੰਦਰ ਖ਼ਾਮੋਸ਼ੀ ਪਸਰ ਗਈ। ਹਾਲਾਂਕਿ ਮਲਿਕ ਸ਼ੁਰੂ ਤੋਂ ਹੀ ਖਾਲਿਸਤਾਨੀ ਕਾਜ ਲਈ ਕਦੇ ਸਰਗਰਮ ਨਹੀਂ ਰਿਹਾ। ਉਸ ਦਾ ਨਾਮ ਸਭ ਤੋਂ ਪਹਿਲਾਂ ਉਸ ਵੇਲੇ ਸੁਰਖ਼ੀਆਂ 'ਚ ਆਇਆ ਸੀ ਜਦੋਂ 23 ਜੂਨ 1985 ਨੂੰ ਭਾਰਤੀ ਮੁਸਾਫ਼ਰ ਜਹਾਜ਼ ਨੂੰ ਅੱਧ ਅਸਮਾਨੀਂ ਬੰਬ ਨਾਲ ਉਡਾ ਕੇ 331 ਮੁਸਾਫ਼ਰਾਂ ਨੂੰ ਕਤਲ ਕੀਤਾ ਗਿਆ ਸੀ। ਇਸ ਮਾਮਲੇ 'ਚ ਮਲਿਕ ਅਤੇ ਅਜਾਇਬ ਸਿੰਘ ਬਾਗੜੀ ਨੂੰ ਕੈਨੇਡਾ ਦੀ ਅਦਾਲਤ ਨੇ ਮਾਰਚ 2005 'ਚ ਬਰੀ ਕਰ ਦਿੱਤਾ ਸੀ। ਪਰ ਰਿਪੁਦਮਨ ਸਿੰਘ ਮਲਿਕ ਅਤੇ ਹੋਰਨਾਂ ਨੂੰ ਭਾਰਤ ਖ਼ਿਲਾਫ਼ ਬਗ਼ਾਵਤ ਕਰਨ ਅਤੇ ਮਾਰ-ਧਾੜ ਦੇ ਦੋਸ਼ਾਂ ਕਾਰਨ ਆਪਣੀ ਜ਼ਮੀਨ 'ਤੇ ਪੈਰ ਰੱਖਣੋਂ ਹਮੇਸ਼ਾਂ ਲਈ ਵਰਜਿਆ ਹੋਇਆ ਸੀ। ਕੈਨੇਡਾ ਸਰਕਾਰ ਨੇ ਵੀ ਮਲਿਕ ਨੂੰ ਨੋ-ਫ਼ਲਾਈ ਜ਼ੋਨ 'ਚ ਸ਼ਾਮਲ ਕਰ ਲਿਆ ਸੀ। ਮਲਿਕ ਨੂੰ ਲੈ ਕੇ ਬੀਤੇ ਦਿਨਾਂ ਤੋਂ ਚਰਚਾ ਇੱਕ ਵਾਰ ਫੇਰ ਗਰਮ ਹੈ। ਉਹ ਇਸ ਵੇਲੇ ਭਾਰਤ ਦੇ ਦੌਰੇ 'ਤੇ ਹੈ। ਹੈਰਾਨੀ ਇਸ ਗੱਲ ਦੀ ਹੈ ਕਿ ਉਹਦੇ ਵੱਲੋਂ ਭਾਰਤ ਸਰਕਾਰ ਦੀਆਂ ਕੂਟਨੀਤਕ ਸਰਗਰਮੀਆਂ ਦੇ ਹਿੱਸੇ ਵਜੋਂ ਦਿੱਲੀ ਦੇ ਗਲਿਆਰਿਆਂ ਦੀ ਆਓ-ਭਗਤ ਭੋਗਣ ਦੀ ਕੰਨਸੋਅ ਮਿਲੀ ਹੈ।
ਜੂਨ 1984 ਤੋਂ ਬਾਅਦ ਭਾਰਤ ਸਰਕਾਰ ਦੇ ਖ਼ੁਫ਼ੀਆ ਮਹਿਕਮੇ ਨੇ ਵਿਦੇਸ਼ਾਂ 'ਚ ਵੱਸਦੇ ਸਿੱਖਾਂ ਦੇ ਰੋਹ ਨੂੰ ਕਾਬੂ 'ਚ ਰੱਖਣ ਲਈ ਇੱਕ ਖਾਸ ਪ੍ਰੋਗ੍ਰਾਮ ਇਜਾਦ ਕੀਤਾ ਸੀ। ਇਸ ਅਧੀਨ ਕੁੱਝ ਲੀਡਰੀ ਗੁਣਾਂ ਵਾਲੇ ਬੰਦਿਆਂ ਨੂੰ ਅੱਗੇ ਲਾ ਕੇ ਸਿੱਖਾਂ ਦੇ ਗੁੱਸੇ ਨੂੰ ਠੰਡਿਆਂ ਕਰਨ ਦੇ ਨਾਲ ਨਾਲ ਉਹਨਾਂ ਦੀਆਂ ਜੇਬਾਂ ਢਿੱਲੀਆਂ ਕਰਾਉਣ ਦੀ ਘਾੜਤ ਤਿਆਰ ਕੀਤੀ ਗਈ ਸੀ। 'ਰਾਅ' ਦੇ ਜਾਇੰਟ ਡਾਇਰੈਕਟਰ ਮਲੋਏ ਕ੍ਰਿਸ਼ਨਾ ਧਰ ਨੇ ਆਪਣੀ ਕਿਤਾਬ 'ਓਪਨ ਸੀਕਰੇਟ' 'ਚ ਲਿਖੀਆਂ ਗੱਲਾਂ ਤੋਂ ਇਸ ਦਾ ਸੰਕੇਤ ਦਿੱਤਾ ਸੀ ਜਿਸਨੂੰ ਸਹਿਜੇ ਹੀ ਡੀਕੋਡ ਕੀਤਾ ਜਾ ਸਕਦਾ ਹੈ। ਇਹ ਨੀਤੀ ਕੁੱਝ ਸਮੇਂ ਬਾਅਦ ਹੀ ਜੱਗ ਜ਼ਾਹਿਰ ਹੋ ਗਈ ਹਾਲਾਂਕਿ ਵਿਦੇਸ਼ਾਂ 'ਚ ਸਿੱਖਾਂ ਨੂੰ (ਇਸੇ ਨੀਤੀ ਕਾਰਨ) ਜਥੇਬੰਦਕ ਤੌਰ 'ਤੇ ਕਾਫ਼ੀ ਨੁਕਸਾਨ ਪਹਿਲਾਂ ਹੀ ਹੋ ਚੁੱਕਾ ਸੀ। ਇਸ ਨੀਤੀ ਦੇ ਇਲਾਵਾ ਭਾਰਤੀ ਤੰਤਰ ਦੀ ਇੱਕ ਲੁਕਵੀਂ ਅਤੇ ਬੇਹੱਦ ਮਾਰੂ ਨੀਤੀ ਦੇ ਦਰਸ਼ਨ ਉਸ ਵੇਲੇ ਹੋਏ ਜਦੋਂ ਕਨਿਸ਼ਕ ਹਵਾਈ ਹਾਦਸਾ ਵਾਪਰਿਆ। ਸਿੱਖ ਆਜ਼ਾਦੀ ਲਈ ਆਪਣੀ ਸੋਚ ਦਾ ਪ੍ਰਤੱਖ ਵਿਖਾਲਾ ਕਰਨ ਵਾਲੇ ਲੋਕ ਅਤੇ ਮੋਹਰੀ ਆਗੂ ਭਾਰਤ ਸਰਕਾਰ ਦੀ ਇਸ ਨੀਤੀ ਨੂੰ ਸਮਝਣ ਤੋਂ ਬਿਲਕੁਲ ਅਸਮਰੱਥ ਸਨ। ਪਰ ਸਿੱਖ ਬੁੱਧੀਜੀਵੀ ਵਰਗ ਨੇ ਇਸ ਬਾਰੇ ਸਿੱਖਾਂ ਨੂੰ ਚੌਕਸ ਕਰਨ ਦੀ ਕੋਸ਼ਿਸ਼ ਜ਼ਰੂਰ ਕੀਤੀ। ਜ਼ੁਹੈਰ ਕਸ਼ਮੀਰੀ ਅਤੇ ਬਰਿਆਨ ਮੈਕਐਂਡਰਿਊ ਨਾਮ ਦੇ ਕੈਨੇਡਾ ਦੇ ਦੋ ਪੱਤਰਕਾਰਾਂ ਨੇ ਕਨਿਸ਼ਕ ਬੰਬ ਕਾਂਡ ਬਾਰੇ ਖੁਲਾਸਾ ਕਰਦੀ ਇੱਕ ਪੂਰੀ ਕਿਤਾਬ 'ਸਾਫ਼ਟ ਟਾਰਗੇਟ' ਨਾਲ ਦਹਿਸ਼ਤਗਰਦੀ ਦੀ ਇਸ ਘਿਨੌਣੀ ਕਾਰਵਾਈ ਲਈ ਭਾਰਤ ਨੂੰ ਪੂਰੀ ਤਰਾਂ ਜ਼ਿੰਮੇਵਾਰ ਸਿੱਧ ਕਰ ਦਿੱਤਾ ਸੀ। ਇਸ ਦੇ ਬਾਅਦ ਸਿੱਖ ਚਿੰਤਕ ਗੁਰਤੇਜ ਸਿੰਘ ਨੇ ਸਮੇਂ ਸਮੇਂ ਕਨਿਸ਼ਕ ਕਾਂਡ ਬਾਰੇ ਜਾਣਕਾਰੀ ਦਿੱਤੀ। 1984 ਤੋਂ ਪਹਿਲਾਂ ਅਤੇ ਬਾਅਦ 'ਚ ਭਾਰਤੀ ਤੰਤਰ ਨੇ ਪੰਜਾਬ ਦੀ ਸਿੱਖ ਖਾੜਕੂ ਲਹਿਰ ਨੂੰ ਬਦਨਾਮ ਕਰਨ ਲਈ ਅਜਿਹੀਆਂ ਕਾਰਵਾਈਆਂ ਨੂੰ ਲਗਾਤਾਰ ਅੰਜਾਮ ਦਿੱਤਾ, ਜਿਹਨਾਂ 'ਚ ਬੇਕਸੂਰ ਸਿੱਖਾਂ ਦੇ ਪਰਿਵਾਰਾਂ ਦੇ ਪਰਿਵਾਰ ਅਤੇ ਕੁੱਝ ਹਿੰਦੂਆਂ ਨੂੰ ਵੀ ਕਤਲ ਕੀਤਾ। ਅਜਿਹੀਆਂ ਦਹਿਸ਼ਤਗਰਦੀ ਦੀਆਂ ਕਾਰਵਾਈਆਂ ਨੂੰ ਸਿੱਖਾਂ ਦੇ ਸਿਰ ਲਾ ਕੇ ਭਾਰਤੀ ਤੰਤਰ ਨੇ ਸਿੱਖਾਂ ਨੂੰ ਦੁਨੀਆ ਭਰ 'ਚ ਸ਼ੱਕੀ ਬਣਾ ਦਿੱਤਾ। ਸਿੱਖਾਂ ਨੂੰ ਹਰ ਜਨਤਕ ਥਾਂ ਅਤੇ ਹਵਾਈ ਅੱਡਿਆਂ 'ਤੇ ਜ਼ਲੀਲ ਕੀਤਾ ਜਾਣ ਲੱਗਾ ਜਿਸ ਦੀ ਬਦੌਲਤ ਵੱਡੀ ਗਿਣਤੀ ਸਿੱਖਾਂ ਨੇ ਖਾਲਿਸਤਾਨੀਆਂ ਨੂੰ ਭੰਡਣਾ ਸ਼ੁਰੂ ਕਰ ਦਿੱਤਾ ਅਤੇ ਉਹਨਾਂ ਦੀ ਲਹਿਰ ਨਾਲੋਂ ਹਮਦਰਦੀ ਖ਼ਤਮ ਹੋ ਗਈ। ਭਾਵ ਸਰਕਾਰ ਆਪਣੀਆਂ ਦੋਵਾਂ ਨੀਤੀਆਂ 'ਚ ਸਫ਼ਲ ਰਹੀ।



ਅਜਿਹੀਆਂ ਕਾਰਵਾਈਆਂ ਬਹੁਤ ਗੁਪਤ ਤਰੀਕੇ ਨਾਲ ਕੀਤੀਆਂ ਗਈਆਂ ਅਤੇ ਸੰਭਵ ਤੌਰ 'ਤੇ ਭਾਰਤ ਸਰਕਾਰ ਨੇ ਕੌਮਾਂਤਰੀ ਅਤੇ ਰਾਸ਼ਟਰੀ ਪੱਧਰ 'ਤੇ ਅਜਿਹੀਆਂ ਕਾਰਵਾਈਆਂ 'ਤੇ ਲਗਾਤਾਰ ਚੁੱਪੀ ਧਾਰ ਕੇ ਰੱਖੀ। 'ਸਾਫ਼ਟ ਟਾਰਗੇਟ' ਕਿਤਾਬ ਛਪਣ ਦੇ ਬਾਅਦ ਵੀ ਸਰਕਾਰੀ ਪੱਧਰ 'ਤੇ ਕੋਈ ਪੁਸ਼ਟੀ ਜਾਂ ਨਿਖੇਧ ਦਾ ਬਿਆਨ ਜਾਰੀ ਨਹੀਂ ਕੀਤਾ ਗਿਆ। ਉਂਜ ਸਿੱਖਾਂ ਨੂੰ ਬਦਨਾਮ ਕਰਨ ਦੀ ਥਾਂ ਭਾਰਤ ਇਸ ਮਾਮਲੇ 'ਚ ਬੁਰੀ ਤਰਾਂ ਘਿਰ ਗਿਆ ਸੀ। ਜਿਸਨੂੰ ਦੂਜੇ ਮੁਲਕਾਂ ਨਾਲ ਕਈ ਕੂਟਨੀਤਕ ਸਮਝੌਤਿਆਂ ਰਾਹੀਂ ਆਰਜੀ ਤੌਰ 'ਤੇ ਹੱਲ ਕਰ ਲਿਆ ਗਿਆ। ਕਨਿਸ਼ਕ ਕਾਂਡ ਦੇ 34 ਸਾਲਾਂ ਬਾਅਦ ਹੁਣ ਰਿਪੁਦਮਨ ਸਿੰਘ ਮਲਿਕ ਦੇ ਭਾਰਤ ਜਾਣ ਨਾਲ ਭਾਰਤ ਦੀਆਂ ਦਹਿਸ਼ਤਗਰਦੀ ਦੀਆਂ ਨੀਤੀਆਂ ਦਾ ਇੱਕ ਫ਼ੇਰ ਚਰਚਾ 'ਚ ਆਉਣਾ ਸੁਭਾਵਕ ਹੈ। ਇਸ ਨਾਲ ਖਾਲਿਸਤਾਨ ਲਈ ਸ਼ਬਦ ਜੰਗ ਲੜ ਰਹੀਆਂ ਧਿਰਾਂ ਆਪਣੇ ਆਪ ਨੂੰ ਸਕਤੇ 'ਚ ਆਇਆਂ ਮਹਿਸੂਸ ਕਰ ਰਹੀਆਂ ਹਨ। ਹਿੰਦੂਵਾਦੀ ਰਾਸ਼ਟਰਵਾਦੀ, ਖੱਬੇਪੱਖੀ, ਮਾਡਰੇਟ ਸਿੱਖ ਅਤੇ ਖਾਲਿਸਤਾਨੀ ਸਾਰੇ ਚੁੱਪ ਹਨ।
ਰਿਪੁਦਮਨ ਸਿੰਘ ਮਲਿਕ ਦੇ ਭਾਰਤ ਪਹੁੰਚਣ ਨਾਲ ਜ਼ੁਹੈਰ ਕਸ਼ਮੀਰੀ ਅਤੇ ਬਰਿਆਨ ਮੈਕਐਂਡਰਿਊ ਦੀ ਥਿਊਰੀ ਨੂੰ ਬਲ ਮਿਲਿਆ ਹੈ। ਪਰ ਭਾਰਤੀ ਮੀਡੀਆ ਚੁੱਪ ਹੈ। ਜਦਕਿ ਕੁੱਝ ਪੰਜਾਬੀ ਪੱਤਰਕਾਰੀ ਦੇ ਹਲਕੇ ਝਿਜਕਦੇ ਹੋਇਆਂ ਦੱਬੀ ਜ਼ੁਬਾਨ ਨਾਲ ਚਰਚਾ ਕਰ ਰਹੇ ਹਨ ਕਿ ਰਿਪੁਦਮਨ ਸਿੰਘ ਮਲਿਕ, ਜਸਵੰਤ ਸਿੰਘ ਠੇਕੇਦਾਰ, ਖਾਲਿਸਤਾਨ ਦੇ ਸਾਬਕਾ ਰਾਸ਼ਟਰਪਤੀ ਸੇਵਾ ਸਿੰਘ ਲਾਲੀ ਅਤੇ ਕੁੱਝ ਹੋਰਨਾਂ ਸਰਕਰਦਾ ਖਾਲਿਸਤਾਨੀ ਟੈਗ ਵਾਲੇ ਬੰਦਿਆਂ ਨੂੰ ਭਾਰਤ ਨੇ '2020 ਰੈਫ਼ਰੈਂਡਮ' ਦੀ ਲਹਿਰ ਨੂੰ ਫ਼ੇਲ ਕਰਨ ਲਈ 'ਜੀਓ ਆਇਆਂ' ਕਿਹਾ ਹੈ। ਇਸ ਸਾਰੀ ਕਾਰਵਾਈ-ਏ-ਅਮਲ ਨੂੰ ਭਾਰਤੀ ਤੰਤਰ ਨੇ ਇੱਕ ਜੂਏ ਦੀ ਖੇਡ ਵਾਂਗ ਅੰਜਾਮ ਦਿੱਤਾ ਜਾਪਦਾ ਹੈ। ਕਿਉਂਕਿ ਇਸ ਨਾਲ ਕੌਮਾਂਤਰੀ ਪੱਧਰ 'ਤੇ ਭਾਰਤ ਦਾ ਦਹਿਸ਼ਤਗਰਦੀ ਵਾਲਾ ਚਿਹਰਾ ਬੇਨਕਾਬ ਹੋਣ ਦਾ ਖ਼ਦਸ਼ਾ ਵੀ ਲਗਾਤਾਰ ਬਣਿਆ ਰਹੇਗਾ। ਹਾਲ ਦੀ ਘੜੀ ਕੌਮਾਂਤਰੀ ਮੀਡੀਆ ਨੇ ਇਸ ਪਾਸੇ ਧਿਆਨ ਨਹੀਂ ਦਿੱਤਾ। ਹੋ ਸਕਦਾ ਹੈ ਕਿ ਜਿਸ ਤਰੀਕੇ 'ਟਰੂਡੋ ਦੀ ਭਾਰਤ ਫ਼ੇਰੀ' ਨੂੰ ਭਾਰਤ ਨੇ ਕੌਮਾਂਤਰੀ ਮੀਡੀਆ 'ਚ ਕੰਟਰੋਲ ਕੀਤਾ ਸੀ ਉਸ ਤਰਾਂ ਕਨਿਸ਼ਕ ਕਾਂਡ ਨਾਲ ਸੰਬੰਧਤ ਮਾਮਲੇ ਨੂੰ ਵੀ ਕੰਟਰੋਲ ਕਰਨ ਦੇ ਬਾਅਦ ਹੀ ਮਲਿਕ ਨੂੰ ਭਾਰਤ ਸੱਦਿਆ ਗਿਆ ਹੋਵੇ। ਉਂਝ 'ਖਾਲਿਸਤਾਨ' ਕਹਿਣ ਵਾਲੇ ਮੋਹਰੀਆਂ ਨੂੰ ਸਾਰਾ ਕੁੱਝ ਪਹਿਲਾਂ ਹੀ ਸਪੱਸ਼ਟ ਹੈ ਜਦਕਿ ਪਿੱਛੇ 'ਜਿੰਦਾਬਾਦ' ਕਹਿਣ ਵਾਲੇ ਸਿੱਖਾਂ ਨੂੰ ਹੁਣ ਅੱਗੋਂ ਤੋਂ ਕਿਸੇ ਵੀ ਭੀੜ ਦਾ ਹਿੱਸਾ ਬਣਨ ਜਾਂ ਨਾ ਬਣਨ ਦੀ ਸ਼ਸ਼ੋਪੰਜ ਵਿੱਚ ਪਾ ਦਿੱਤਾ ਹੈ। ਨਤੀਜੇ ਵਜੋਂ ਮੌਜੂਦਾ ਸਮੇਂ 'ਚ ਜ਼ੋਰ ਸ਼ੋਰ ਨਾਲ ਖਾਲਿਸਤਾਨ ਦੀ ਗੱਲ ਕਰਨ ਵਾਲੇ ਆਗੂਆਂ ਜਾਂ ਕਾਰਕੁੰਨਾਂ ਦੀ ਗੱਲ 'ਤੇ ਆਮ ਸਿੱਖਾਂ ਦਾ ਯਕੀਨ ਹੋਰ ਡਿੱਗਿਆ ਹੈ। 1984 ਤੋਂ ਬਾਅਦ ਵਿਦੇਸ਼ਾਂ 'ਚ ਸਰਗਰਮ ਹੋਏ ਖਾਲਿਸਤਾਨੀ ਆਗੂਆਂ ਦੇ ਕਿਰਦਾਰਾਂ 'ਤੇ ਸਵਾਲ ਉੱਠਣੇ ਸੁਭਾਵਕ ਹਨ। ਇਸ ਨਾਲ ਆਜ਼ਾਦੀ ਪਸੰਦ ਹਲਕਿਆਂ 'ਚ ਜਿਹੜੇ ਆਗੂਆਂ ਦੇ ਨਾਮ ਹਾਲੇ ਤੱਕ ਵੀ ਸਤਿਕਾਰ ਨਾਲ ਲਏ ਜਾਂਦੇ ਹਨ ਉਹਨਾਂ ਦਾ ਭਵਿੱਖ ਡਾਵਾਂਡੋਲ ਹੋ ਗਿਆ ਹੈ। ਪੰਜਾਬ 'ਚ 'ਖਾਲਿਸਤਾਨ' ਬਾਰੇ ਖੁੱਲ ਕੇ ਗੱਲ ਕਰਨ ਵਾਲੇ ਆਗੂ ਸਿਮਰਨਜੀਤ ਸਿੰਘ ਮਾਨ ਨੇ ਅਧਿਕਾਰਕ ਤੌਰ 'ਤੇ ਇਸ ਹਾਲੇ ਕੋਈ ਬਿਆਨ ਜਾਰੀ ਨਹੀਂ ਕੀਤਾ।
ਸਿੱਖ ਜੱਦੋ-ਜਹਿਦ ਬਾਰੇ ਵਿਚਾਰ ਚਰਚਾਵਾਂ ਅਤੇ ਮਲਿਕ ਦੇ ਭਾਰਤ ਜਾਣ ਦੀਆਂ ਘਟਨਾਵਾਂ ਮੱਦੇਨਜ਼ਰ ਇੱਕ ਗੱਲ ਨਿਖ਼ਰ ਕੇ ਸਾਹਮਣੇ ਆਈ ਹੈ। ਉਹ ਇਹ ਕਿ ਸਿੱਖ ਚਿੰਤਕ ਭਾਰਤ ਵੱਲੋਂ ਖੇਡੇ ਗਏ ਇਸ ਜੂਏ ਦੀ ਬਾਜ਼ੀ ਦਾ ਲਾਹਾ ਲੈਣ 'ਚ ਬਿਲਕੁਲ ਅਸਫ਼ਲ ਸਾਬਿਤ ਹੋਏ ਹਨ। ਭਾਰਤ ਨੇ ਹਾਰੀ ਹੋਈ ਖੇਡ ਨੂੰ ਵੀ ਆਪਣੇ ਪੱਖ ਵਿਚ ਇਸ ਤਰੀਕੇ ਵਰਤਿਆ ਕਿ ਇਹ ਤੰਤਰ ਦੀ ਵਿਦੇਸ਼ ਅਤੇ ਗ੍ਰਹਿ ਨੀਤੀ ਦੀ ਪੀਡੀ ਚਾਲ ਦਾ ਪ੍ਰਗਟਾਵਾ ਕਰਦੀ ਹੈ। ਜੇਕਰ ਸਿੱਖ ਹਲਕੇ ਇਸ 'ਤੇ ਕੰਮ ਕਰਨ ਤਾਂ ਭਾਰਤੀ ਤੰਤਰ ਨੂੰ ਇਸੇ ਘਟਨਾ 'ਤੇ ਮਾਤ ਦੇ ਸਕਦੇ ਹਨ। ਰਿਪੁਦਮਨ ਸਿੰਘ ਮਲਿਕ ਅਤੇ ਬਾਕੀ ਖਾਲਿਸਤਾਨੀਆਂ ਨੂੰ ਵਾਪਸ ਬੁਲਾਉਣਾ ਭਾਰਤ ਨੂੰ ਹੁਣ ਵੀ ਦਹਸ਼ਤਗਰਦ ਮੁਲਕ ਸਾਬਤ ਕਰਨ ਲਈ ਕਾਫ਼ੀ ਹੋ ਸਕਦਾ ਹੈ।

ੴ ਸਤਿਗੁਰ ਪ੍ਰਸਾਦਿ॥

# SIKH GURDWARA OF LOS ANGELES LANKERSHIM

7640 Lankershim BLVD North Hollywood, CA 91605

ਧੰਨ ਧੰਨ ਮਾਤਾ ਗੁਜਰ ਕੌਰ ਜੀ, ਸਾਹਿਬਜਾਦਾ ਬਾਬਾ ਅਜੀਤ ਸਿੰਘ ਜੀ
ਬਾਬਾ ਜੁਝਾਰ ਸਿੰਘ ਜੀ, ਬਾਬਾ ਜੋਰਾਵਰ ਸਿੰਘ ਜੀ, ਬਾਬਾ ਫਤਿਹ ਸਿੰਘ ਜੀ
ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਸਮੂਹ ਗੁਰਦੁਆਰਾ ਸਾਹਿਬ ਦੀ ਸਾਧ ਸੰਗਤ ਅਤੇ
ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਕਥਾ ਅਤੇ ਕੀਰਤਨ ਦਰਬਾਰ
ਮਿਤੀ 22 ਦਸੰਬਰ 2019, ਦਿਨ ਐਤਵਾਰ
ਨੂੰ ਬੜ੍ਹੀ ਸਰਧਾ ਨਾਲ ਮਨਾਇਆ ਜਾ ਰਿਹਾ ਹੈ।



Sant Anoop Singh Ji
UNA Sahib Wale



Bhai Jatinder Singh Ji
Jot



Bhai Harnoor Singh Ji
UNA Sahib Wale

## KATHA KIRTAN DARBAR

18th to 21st December, 2019
Time 06:30 pm to 08:30 pm
On Sunday, 22nd December, 2019
Time 09:30 am to 01:30 pm

### Programme Details as Follows:

ON FRIDAY 20TH DECEMBER 2019
Aarambh Shri Akhand Path Sahib Ji 10:00 am
ON SUNDAY 22ND DECEMBER 2019
Bhog Shri Akhand Path Sahib Ji 09:00 am
(Sewa by All Sadh Sangat Ji)

Katha & Kirtan Performed By:-
Sant Anoop Singh Ji UNA Sahib Wale
Bhai Jatinder Singh Jot Hazoori Ragi
Bhai Harnoor Singh Ji UNA Sahib Wale

For More Information Contact:-
Mukhtiar S Kamboj 626-893-5959
Manjit Singh Pandher 818-398-9262
Baba Surjit Singh 818-423-8000
Gurdwara Sahib Ji 818-765-9399

Langar Sewa By: All Sadh Sangat Ji

www. lankershimgurdwara.com





Raja SWEETS & CATERING
AUTHORIZED CATERER FOR MAJOR 5-STAR HOTELS
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ

ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।

Follow us on:
Toll Free 1-866-FOR-RAJA
www.rajasweets.com
msbains@rajasweets.com

Fresh Sweets, Snacks & Food
Catering with Portable Tandoor for up to 10000 guests
Lunch - Dinner - Take Out - Banquets

Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111

Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345

Call Makhan Bains or Ravinder Singh For Your Next Party

1-866-FOR-RAJA (367-7252)
www.RajaSweets.com

**Items Serving:**
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

**Catering Services:**
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

**Additional Services:**
- Warmers
- Chaffing Dishes
- China & Silverware
- Linen Rental
- Waiters & Bartenders






ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ
200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜਾਮ ਹੈ।

# PARADISE BALLROOMS

4100 Peralta Blvd. Fremont, CA 94536

(510) 900-6319

info@paradiseballrooms.com www.paradiseballrooms.com

## SERVICES INCLUDE

- CATERING
- SILVERWARE
- CHINAWARE
- DECORATED HALL
- LINEN
- SEVERAL BAR OPTIONS
- SECURITY
- WAIT STAFF
- FULL SETUP INCLUDING TABLE CLOTH, NAPKINS, CHAIRS ETC.

# ਗੁਰਦੁਆਰਾ ਸਾਹਿਬ ਫਰੀਮਾਂਟ

300 Gurdwara Road Fremont CA 94536



## ਗੁਰਦੁਆਰਾ ਸਾਹਿਬ ਫਰੀਮਾਂਟ ਦੀਆਂ ਚੋਣਾਂ ਪ੍ਰਤੀ ਨਵੀਆਂ ਵੋਟਾਂ ਬਨਣੀਆਂ ਸ਼ੁਰੂ

## ਵੋਟਾਂ 26 ਜਨਵਰੀ, 2020 ਤੱਕ ਬਨਣਗੀਆਂ

**ਵੋਟਾਂ ਬਣਾਉਣ ਲਈ ਤਰੀਕਾਂ ਅਤੇ ਸਮੇਂ ਦਾ ਵੇਰਵਾ**

| ਐਤਵਾਰ ਵਾਲੇ ਦਿਨ | ਬੁੱਧਵਾਰ ਵਾਲੇ ਦਿਨ |
|---|---|
| 15 ਦਸੰਬਰ, 22 ਦਸੰਬਰ, 29 ਦਸੰਬਰ, 2019 | 11 ਦਸੰਬਰ, 18 ਦਸੰਬਰ, 25 ਦਸੰਬਰ, 2019 |
| 5 ਜਨਵਰੀ, 12 ਜਨਵਰੀ, 19 ਜਨਵਰੀ, 26 ਜਨਵਰੀ, 2020 | 1 ਜਨਵਰੀ, 8 ਜਨਵਰੀ, 15 ਜਨਵਰੀ, 22 ਜਨਵਰੀ, 2020 |
| (ਸਮਾਂ : ਸਵੇਰੇ 10 ਵਜੇ ਤੋਂ ਬਾਅਦ ਦੁਪਹਿਰ 3 ਵਜੇ ਤੱਕ) | (ਸਮਾਂ : ਸ਼ਾਮ 6 ਵਜੇ ਤੋਂ 8 ਵਜੇ ਤੱਕ) |

### ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫਤਹਿ।

ਗੁਰੂ ਰੂਪ ਪਿਆਰੀ ਸਾਧ ਸੰਗਤ ਜੀ ਆਪ ਜੀ ਨੂੰ ਪਤਾ ਹੈ ਕਿ ਗੁਰਦੁਆਰਾ ਸਾਹਿਬ ਫਰੀਮਾਂਟ ਦੀਆਂ ਚੋਣਾਂ 2020 ਵਿਚ ਹੋ ਰਹੀਆਂ ਹਨ ਅਤੇ ਚੋਣਾਂ ਵਿਚ ਉਹ ਮਾਈ ਭਾਈ ਹੀ ਹਿਸਾ ਲੈ ਸਕਦੇ ਹਨ ਜਿਨ੍ਹਾਂ ਨੇ ਗੁਰੂ ਘਰ ਦੀ ਮੈਂਬਰਸ਼ਿਪ ਰਜਿਸਟਰਡ ਕਰਵਾਈ ਹੋਵੇ। ਸਾਧ ਸੰਗਤ ਨੂੰ ਨਿਮਰਤਾ ਸਹਿਤ ਅਪੀਲ ਕੀਤੀ ਜਾਂਦੀ ਹੈ ਕਿ ਗੁਰਦੁਆਰਾ ਸਾਹਿਬ ਫਰੀਮਾਂਟ ਦੇ ਮੈਂਬਰ ਬਣੋ ਤਾਂ ਜੋ ਗੁਰੂ ਘਰ ਵਿਚ ਹੋਣ ਵਾਲੇ ਅਹਿਮ ਫ਼ੈਸਲਿਆਂ ਵਿਚ ਤੁਸੀਂ ਸ਼ਾਮਿਲ ਹੋ ਸਕੋ। ਇਸ ਕਰਕੇ ਉੱਪਰ ਦਿੱਤੀਆਂ ਤਰੀਕਾਂ ਅਤੇ ਸਮਾਂ ਅਨੁਸਾਰ ਪਹੁੰਚ ਕੇ ਆਪਣੀਆਂ ਵੋਟਾਂ ਬਣਵਾਓ।

### ਨਵੀਆਂ ਵੋਟਾਂ ਲਈ ਰਜਿਸਟ੍ਰੇਸ਼ਨ ਹੇਠ ਲਿਖੇ ਅਨੁਸਾਰ ਚੱਲੇਗੀ।

ਮੈਂਬਰਸ਼ਿਪ ਦੀ ਕੋਈ ਫੀਸ ਨਹੀਂ ਹੈ। ਮੈਂਬਰ ਬਨਣ ਲਈ ਹੇਠ ਲਿਖੀਆਂ ਸ਼ਰਤਾਂ ਜ਼ਰੂਰੀ ਹਨ ਅਤੇ ਆਪਣੀ ਰਿਹਾਇਸ਼ ਦਾ ਪਰੂਫ਼ ਅਤੇ ਆਈ.ਡੀ. ਨਾਲ ਲੈ ਕੇ ਆਵੋ ਜੀ। (ਆਪਣੀ ਰਿਹਾਇਸ਼ ਦਾ ਪਰੂਫ਼ ਕੇਵਲ ਉਨ੍ਹਾਂ ਵਿਅਕਤੀਆਂ ਲਈ ਲੈ ਕੇ ਆਉਣਾ ਜ਼ਰੂਰੀ ਹੈ ਜਿਨ੍ਹਾਂ ਦੀ ਆਈ.ਡੀ. ਉਪਰਲਾ ਐਡਰੈੱਸ ਮੌਜੂਦਾ ਐਡਰੈੱਸ ਤੋਂ ਅਲੱਗ ਹੈ। ਜੇਕਰ ਤੁਹਾਡੀ ਆਈ.ਡੀ. ਉਪਰਲਾ ਐਡਰੈੱਸ ਤੁਹਾਡੀ ਮੌਜੂਦਾ ਰਿਹਾਇਸ਼ ਵਾਲਾ ਹੈ ਤਾਂ ਤੁਹਾਨੂੰ ਆਪਣਾ ਪਰੂਫ਼ ਲਿਆਉਣ ਦੀ ਜ਼ਰੂਰਤ ਨਹੀਂ ਹੈ।)

ਸ਼ਰਤਾਂ : ਸਿੱਖ ਹੋਣਾ ਲਾਜਮੀ ਹੈ। ਉਮਰ 18 ਸਾਲ ਤੋਂ ਉੱਪਰ ਹੋਵੇ, ਮੈਂਬਰ ਵਿਅਕਤੀ ਐਲਾਮੀਡਾ, ਸੈਂਟਾ ਕਲਾਰਾ, ਸੈਂਟਾ ਕਰੂਜ਼, ਸੋਲਾਨੋ, ਸੈਂਟ ਮੈਟੀਓ, ਸੈਨ ਫਰਾਂਸਿਸਕੋ ਅਤੇ ਕੋਂਟਰਾ ਕੋਸਟਾ ਕਾਊਂਟੀਆਂ ਦਾ ਵਸਨੀਕ ਹੋਵੇ।

**ਹੋਰ ਜਾਣਕਾਰੀ ਲਈ ਸੰਪਰਕ ਕਰੋ : ਗੁਰਦੁਆਰਾ ਸਾਹਿਬ ਫਰੀਮਾਂਟ (510) 790-0177**



# Travel for Less Inc.



SPECIALIZED IN DISCOUNT FARES WORLDWIDE

**INDIA | PAKISTAN | EUROPE**

ASIANA AIRLINES

A STAR ALLIANCE MEMBER

Asiana Airlines
Daily Flight To New Delhi

ਅਗਰ ਤੁਸੀ ਇੰਡਿਆਂ ਜਾਣ ਲਈ ਸਸਤੀਆਂ ਟਿਕਟਾ ਲਭ ਰਹੇ ਹੋ ਜਾਂ ਫਿਰ ਤੁਹਾਨੂੰ ਸੀਟ ਮਿਲਣ ਵਿਚ ਦਿਕਤ ਆ ਰਹੀ ਹੈ ਤਾਂ ਸਾਨੂੰ ਇੱਕ ਵਾਰ ਕਾਲ ਜ਼ਰੂਰ ਕਰੋ ਅਸੀ ਹਰੇਕ ਵੱਡੀ ਏਅਰਲਾਈਨ ਦੀਆਂ ਟਿਕਟਾ ਬਹੁਤ ਵਧੀਆ ਰੇਟਾਂ ਤੇ ਵੇਚਦੇ ਹਾਂ।

**Best deals on major airlines like**

ASIANA AIRLINES
CHINA AIRLINES
BRITISH AIRWAYS
CATHAY PACIFIC
virgin atlantic
SINGAPORE AIRLINES
Emirates
الإتحاد ETIHAD AIRWAYS
Lufthansa
QATAR AIRWAYS القطرية

BBB IATAN

8th time in a row
2016 Best of Fremont Award



CALL US TO GET BEST RATES FOR YOUR AIR TICKETS TO INDIA AND WORLDWIDE.

CST NO : 2031914-40

We have moved to

**Serving the Bay Area Since 1996**

**32116-Alvarado Blvd. Union City, CA-94587**

Email: info@travelforlessinc.com

**CALL 510-791-3300** Book online 24x7 @ www.Letsflyhome.com

ਖੁਸ਼ਖ਼ਬਰੀ ਖੁਸ਼ਖ਼ਬਰੀ ਖੁਸ਼ਖ਼ਬਰੀ ਖੁਸ਼ਖ਼ਬਰੀ

ਪੰਜਾਬੀ ਢਾਬਾ

Now Open

Indiana

1480 N State Road 1, Cambridge City, IN 47327. 70

Exit 137

Diesel/Gas

ਟਰੱਕਾਂ ਵਾਲੇ ਭਰਾਵਾਂ ਲਈ
ਖੁੱਲ੍ਹ ਗਿਆ



ਇਥੇ ਮੰਜਿਆਂ ਉਪਰ ਬੈਠਕੇ ਖਾਓ-ਪੀਓ ਅਤੇ ਨਾਲ ਲੈ ਕੇ ਜਾਵੋ...
ਸਵਾਦ ਅਤੇ ਮਾਹੌਲ, ਜਿਵੇਂ ਆਪਣਾ ਪੰਜਾਬ ਤੇ ਘਰ ਦੀ...

ਕੀਮਤਾਂ ਬਹੁਤ ਹੀ ਵਾਜਬ !



ਸਹੂਲਤਾਂ
- ਪੰਜਾਬੀ ਢਾਬਾ
- ਸਸਤਾ ਡੀਜ਼ਲ
- Liquor, Beer & Wine
- truck repair, new showers, scale.

Free Buffet over 100 gallons

open 6am to midnight

Phone: 765-478-6300

SINGH TRANSPORT INC



ਔਕਲੈਂਡ ਪੋਰਟ, ਲਾਸ ਏਂਜਲਸ ਪੋਰਟ ਅਤੇ ਲੌਂਗ ਬੀਚ ਪੋਰਟ 'ਤੇ ਕੰਮ ਕਰਨ ਲਈ ਏ ਕਲਾਸ ਡਰਾਈਵਰਾਂ ਅਤੇ ਓਨਰ ਆਪ੍ਰੇਟਰਾਂ ਦੀ ਲੋੜ ਹੈ।

STUDENT DRIVER WELCOM
ਅਸੀਂ ਲਾਇਸੰਸ ਲੈਣ ਲਈ ਤੁਹਾਡੇ ਸਕੂਲ ਦਾ ਖਰਚਾ ਵੀ ਦਿੰਦੇ ਹਾਂ।

ਫਰਿਜ਼ਨੋ ਵੈਲੀ ਏਰੀਏ ਵਿਚੋਂ ਡਰਾਈਵਰਾਂ ਦੀ ਸਖ਼ਤ ਲੋੜ

- ਡ੍ਰਾਈ ਵੈਨ ਡਰਾਈਵਰਾਂ ਦੀ ਲੋੜ
- ਵਰਕ ਪਰਮਿਟ ਹੋਲਡਰ ਨਵੇਂ ਡਰਾਈਵਰਾਂ ਦਾ ਸਵਾਗਤ
- ਨਵੇਂ ਲਾਇਸੰਸ ਡਰਾਈਵਰਾਂ ਦਾ ਸਵਾਗਤ
- ਟ੍ਰੇਨਿੰਗ ਉਪਲਬੱਧ
- Double Endorsement ਵਾਲੇ ਡਰਾਈਵਰਾਂ ਦੀ ਲੋੜ ਹੈ।
- LA ਤੋਂ Bay Area-Sacramento-LA ਵਾਸਤੇ Hook Drop ਲੋਡ ਚੁੱਕੋ।
- ਅਸੀਂ ਡਰਾਈਵਰਾਂ ਨੂੰ 55 Cent ਤੱਕ per mile ਦਿੰਦੇ ਹਾਂ।
- ਸੋਮਵਾਰ ਤੋਂ ਸ਼ੁੱਕਰਵਾਰ ਪੰਜ ਦਿਨ ਕੰਮ ਕਰ ਕੇ ਮਹੀਨੇ ਦਾ ਡਾਲਰ $6000 ਕਮਾਓ।
- ਕੰਮ ਕਰਨ ਲਈ ਵਧੀਆ ਅਤੇ ਆਰਾਮਦਾਇਕ ਮਾਹੌਲ।
- ਅਸੀਂ ਪੋਰਟ 'ਤੇ ਸਭ ਤੋਂ ਜ਼ਿਆਦਾ ਪੈਸੇ ਦਿੰਦੇ ਹਾਂ।
- ਅਸੀਂ ਬੋਨਸ ਵੀ ਦਿੰਦੇ ਹਾਂ।
- ਰੋਜ਼ਾਨਾ ਸ਼ਾਮ ਨੂੰ ਘਰ ਜਾਓ।

ਟਰੱਕ ਰਿਪੇਅਰ ਮਕੈਨਿਕ ਦੀ ਲੋੜ

ਸੰਪਰਕ:
ਸਤਨਾਮ ਸਿੰਘ ਖਹਿਰਾ (510) 543-3778, ਜਗਤਾਰ ਸਿੰਘ (510) 918-2439, (510) 943-9578

ਨਵੀਂ ਕਿਤਾਬ




ਡਾ. ਗੁਰਭਗਤ ਸਿੰਘ ਦੀਆਂ ਹੋਰ ਕਿਤਾਬਾਂ ਵੀ ਸਾਡੇ ਰਾਹੀਂ ਮੰਗਵਾਈਆਂ ਜਾ ਸਕਦੀਆਂ ਹਨ।

ਪੰਜਾਬ ਨੂੰ ਬੜਾ ਮਾਣ ਹੈ ਕਿ ਇਸ ਨੇ ਵੇਦ ਰਚੇ, ਭਗਵਤ ਗੀਤਾ ਰਚੀ, ਪਰ ਪੰਜਾਬ ਦੇ ਇਤਿਹਾਸ ਵਿਚ ਇਸ ਦਾ ਸਭ ਤੋਂ ਵੱਧ ਅਮੀਰ ਵਿਰਸਾ ਜਿਸ ਵਿਚ ਅਨੇਕ ਪਰਿਪੇਖਾਂ ਨੂੰ ਸਮੋ ਕੇ ਜੀਵਨ ਦ੍ਰਿਸ਼ਟੀ ਉਸਾਰੀ ਗਈ ਹੈ, ਉਹ 'ਸ੍ਰੀ ਗੁਰੂ ਗ੍ਰੰਥ ਸਾਹਿਬ' ਹੈ। ਇਸ ਗ੍ਰੰਥ ਉੱਤੇ ਕਿਸੇ ਇਕ ਫ਼ਿਰਕੇ ਜਾਂ ਧਰਮ ਦੀ ਅਜਾਰਾਦਾਰੀ ਨਹੀਂ ਮੰਨੀ ਜਾ ਸਕਦੀ। ਇਸ ਵਿਚ ਜੋ ਮੁੱਲ ਦਿੱਤੇ ਗਏ ਹਨ, ਉਹ ਮਨੁੱਖ ਜਾਤੀ ਦੇ ਸਾਂਝੇ ਹਨ। ਇਸ ਗ੍ਰੰਥ ਵਿਚ ਮਹੱਤਵਪੂਰਨ ਧਾਰਨਾ ਇਹ ਹੈ ਕਿ ਸਮੁੱਚੀ ਕਾਇਨਾਤ ਸੰਗੀਤ ਅਤੇ ਸ਼ਾਇਰੀ ਹੈ, ਵਿਸਮਾਦ ਹੈ। ਇਸੇ ਨਾਲ ਜੀਵਨ ਨੂੰ ਜੋੜਨ ਦੀ ਲੋੜ ਹੈ। ਜ਼ਿੰਦਗੀ ਅਤੇ ਇਸ ਦੀਆਂ ਸੰਰਚਨਾਵਾਂ ਵਿਚ ਜੋ ਵਿਰੋਧ ਹਨ, ਉਨ੍ਹਾਂ ਨੂੰ ਸ਼ਕਤੀ ਨਾਲ ਤੋੜ-ਭੰਨ ਕੇ ਬ੍ਰਹਿਮੰਡੀ ਸੁੰਦਰਤਾ ਅਤੇ ਸੰਗੀਤ ਨੂੰ ਜੀਵਨ ਪ੍ਰਵਾਹ ਬਣਾਉਣ ਦੀ ਲੋੜ ਹੈ। ਕਿਸੇ ਵਿਤਕਰੇ ਦੀ ਇਸ ਵਿਚ ਕੋਈ ਥਾਂ ਨਹੀਂ।

*ਮੌਲਿਕ ਸਿੱਖ ਚਿੰਤਕ ਡਾ. ਗੁਰਭਗਤ ਸਿੰਘ ਵਲੋਂ ਤਿੰਨ ਦਹਾਕਿਆਂ ਦੌਰਾਨ ਲਿਖੇ 30 ਲੇਖਾਂ ਦੀ ਸਿੱਖ ਰਾਜਨੀਤਿਕ ਵਿਸ਼ਲੇਸ਼ਕ ਸ. ਅਜਮੇਰ ਸਿੰਘ ਵਲੋਂ ਸੰਪਾਦਤ ਕੀਤੀ ਇਹ ਕਿਤਾਬ ਪਾਠਕ 'ਸਿੱਖ ਸਿਆਸਤ' ਰਾਹੀਂ ਦੁਨੀਆਂ ਭਰ ਵਿਚ ਕਿਤੇ ਵੀ ਮੰਗਵਾ ਸਕਦੇ ਹਨ।*

ਇਹ ਕਿਤਾਬ ਵਟਸਐਪ ਨੰਬਰ +91-89682-25990 'ਤੇ ਸੁਨੇਹਾ ਭੇਜ ਕੇ ਮੰਗਵਾਈ ਜਾ ਸਕਦੀ ਹੈ।

ਕਿਤਾਬ ਪ੍ਰਾਪਤ ਕਰਨ ਲਈ ਸੰਪਰਕ ਕਰੋ:

FB Message | WhatsApp Message | SSN Android App

+91-8968225990 /sikhsiyasat Web: sikhsiyasat.net | sikhsiyasat.com | sikhsiyasat.info

# Valley Real Estate Center



Better Deal will be given from New Builders to Book New home in Mountain House, Tracy, Manteca and lathrop

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

For agriculture and almond Farm,office building, Farm House and for Truck Yard in Tracy, Manteca, Lathrop and Stockton

## Listing



**1415 W Anderson Stockton**

a). 4.5 Acre Lot, include 15000 Square foot warehouse with 10 loading dock, 2000 square foot office.
b). Two bay truck repair shop.

**$4,900,000**



**1943 E Fremont St,**

1924 E park St and 1850 E Oak St Stockton CA 95205, Total 8 APN number, one lot, 7.56 acres paved truck parking.

**$3,000,000**



Ranjit S Mangat
(Lic: 01922089)

**1801 E Dr martin luther king jr Blvd, Stockton, CA 95205 APN 155-140-15.**
**Almost 10 acres paved truck parking with approximately $32000 monthly income.** **$4,399,000**

**ਨਵੀਂ ਜਾਂ ਪੁਰਾਣੀ ਜਾਇਦਾਦ**
**ਖਰੀਦਣ ਜਾਂ ਵੇਚਣ ਲਈ ਕਾਲ ਕਰੋ**

## Ranjit S Mangat

**Valley Real Estate Center (Office Lic.: 01392267)**
**68 E 11th Street Ste 109, Tracy, CA 95376**
**Office: 209-956-1000 Cell : 408-355-5700, gbsingh84@gmail.com**

ਗੁਰਬਾਣੀ
24 ਘੰਟੇ ਸੁਣਨ ਲਈ
Dial 832.551.5029 Ext. 4
www.GurbaniRadio.org

ਪੰਜਾਬੀ ਗਾਣੇ
24 ਘੰਟੇ ਸੁਣਨ ਲਈ
Dial 832.551.5029 Ext. 3
www.NonStopPunjabi.com

ਪੰਜਾਬੀ ਰੇਡੀਓ ਯੂਐਸਏ
Punjabi RADIO USA
ON THE AIR
Uniting Punjabi's All Over
www.PunjabiRadioUSA.com
408-272-5200

DIAL TO LISTEN:
US: 832-551-5029 | 605-475-6868 | 712-432-5838 (METRO PCS)
UK: +44 203-519-0455
GERMANY: +511 80-90-40-41

NEW PROGRAM: TODAY IN SIKH HISTORY | ਅੱਜ ਦਾ ਦਿਨ ਸਿੱਖ ਇਤਿਹਾਸ ਵਿੱਚ DAILY | ਰੋਜ਼ਾਨਾ 9AM | 12PM

KHALSA
INSURANCE AGENCY, INC.

Khalsa Insurance Agency is among TOP 50 agencies of Blue Cross in USA.




- GUARANTEED COVERAGE
- NO ANNUAL LIMITS, NO DENIAL FOR PRE-EXISTING CONDITIONS
- RATES NOT BASED ON HEALTH STATUS
- AFFORDABLE COVERAGE – PUBLIC OR PRIVATE
- REQUIRED FOR INDIVIDUALS

COVERED CALIFORNIA

OBAMACARE
IS
COVERED CALIFORNIA
IS THE
AFFORDABLE CARE ACT
IS THE
California Health Benefit Exchange
IS
*Your destination for affordable health care*

Call Now for the
Lowest Health Insurance
Premiums available
Some Households
qualify for
FREE HEALTHCARE

408-272-2500

Please Contact Harjot S Khalsa (Certified Covered CA Agent) | License # 0B03546 | 3750 McKee Rd. # A, San Jose, CA 95127
Tel. 408-272-2500 | coveredca@khalsainsurance.com


MORE: SAVINGS.
TIRE DISCOUNTS FOR:
TRANS-ALLIANCE
TOGETHER WE SAVE
Trans-Alliance has partnered together with TA Truck Service to provide Trans-Alliance members with awesome discounts on tires.
It's simple - Just give your DOT number to the TA Truck Service attendant at the time of purchase and the savings will be automatically deducted from your bill.
ROADMASTER TIRES™
ENGINEERED BY COOPERTIRES
STEER
DRIVE
TRAILER
RM 180+ EM
$299.00
RETAIL $362.00
RM 852 EM
$309.00
RETAIL $378.00
RM 872 EM
$279.00
RETAIL $339.00
TRANS-ALLIANCE MEMBERS GET $35 OFF RETAIL PRICE ON OTHER TIRE BRANDS
Pricing valid 6/1/2019 through 12/31/2019 for Trans-Alliance members ONLY. This promotion applies to the unit retail price. Pricing shown above is for 295/75R22.5 sizes only; prices on other sizes may vary. Price does not include F.E.T., mounting labor, balancing, valve stem, state, or local taxes. Some brand exclusions may apply.
TA TRUCK SERVICE®
MORE: BAYS. EXPERTISE. SOLUTIONS.®
Visit ta-petro.com or find us on
TA
Nasdaq Listed

# ਬੇਗਮ ਜ਼ੈਨਬੁਨਿਮਾ: ਸਾਕਾ ਸਰਹਿੰਦ ਦਾ ਅਣਗੌਲਿਆ ਕਿਰਦਾਰ

-ਸ਼ਮਸ਼ੇਰ ਸਿੰਘ ਡੂਮੇਵਾਲ

ਸਾਕਾ ਸਰਹਿੰਦ ਦੀ ਦਿਲ ਕੰਬਾਊ ਦਾਸਤਾਨ ਤਮਾਮ ਮਨੁੱਖਤਾ ਦੇ ਜ਼ਿਹਨ 'ਚ ਅਸਹਿ ਪੀੜ ਬਣੀ ਬੈਠੀ ਹੈ। ਰਹਿੰਦੀ ਦੁਨੀਆਂ ਤਕ ਰਿਸਦੇ ਰਹਿਣ ਵਾਲੇ ਇਸ ਨਾਸੂਰ ਦਾ ਨਿਰੀਖਣ ਕਰਨ ਮੌਕੇ ਇਤਿਹਾਸ ਦੀ ਪਾਰਖੂ ਅੱਖ ਨੇ ਇਸ ਕੌਮੀ ਫੱਟ 'ਤੇ ਟਕੋਰਾਂ ਕਰਨ ਅਤੇ ਨਮਕ ਛਿੜਕਣ ਵਾਲੇ ਵੱਖ-ਵੱਖ ਕਿਰਦਾਰਾਂ ਨੂੰ ਨਾਇਕ ਤੇ ਖਲਨਾਇਕ ਦੇ ਰੂਪ 'ਚ ਤੱਕਿਆ ਹੈ। ਨੇਕੀ ਅਤੇ ਬਦੀ ਦੇ ਕਿੱਸੇ 'ਚ ਸ਼ਾਮਿਲ ਨਾਇਕਾਂ ਤੇ ਖਲਨਾਇਕਾਂ ਤੋਂ ਬਾਅਦ ਉਸ ਕਿਰਦਾਰ ਵੱਲ ਝਾਤੀ ਮਾਰਨ ਦੀ ਵੀ ਜ਼ਰੂਰਤ ਹੈ ਜੋ ਸਾਕਾ ਸਰਹੰਦ ਦੀ ਤਾਰੀਖ਼ੀ ਕੈਨਵਸ 'ਤੇ ਭਾਂਵੇ ਬਹੁਤ ਘੱਟ ਆਉਂਦਾ ਹੈ ਪਰ ਇਹ ਉਹ ਕਿਰਦਾਰ ਹੈ ਜਿਸ ਨੇ ਜਾਨ ਦੀ ਆਹੂਤੀ ਦੇ ਕੇ ਬੁਝਦੀ ਜ਼ਮੀਰਪ੍ਰਸਤੀ ਨੂੰ ਜਗਦਾ ਰੱਖਿਆ ਅਤੇ ਕਮਲ ਵਾਂਗ ਚਿੱਕੜ 'ਚ ਖੜ੍ਹੇ ਹੋ ਕੇ ਵੀ ਮਹਿਕ ਵੰਡੀ। ਇਤਿਹਾਸ ਦੇ ਪੰਨਿਆ 'ਤੇ ਵੱਡੀ ਕੁਰਬਾਨੀ ਕਰਨ ਦੇ ਬਾਵਜੂਦ ਇਹ ਕਿਰਦਾਰ ਬਣਦਾ ਮੁਕਾਮ ਨਹੀਂ ਲੈ ਸਕਿਆ। ਇਹ ਕਿਰਦਾਰ ਹੈ ਸੂਬਾ ਸਰਹਿੰਦ ਵਜ਼ੀਦ ਖ਼ਾਨ ਦੀ ਬੇਗਮ ਜ਼ੈਨਬੁਨਿਮਾ ਉਰਫ਼ ਬੇਗਮ ਜ਼ੈਨਾ।

ਭਾਵੇਂ ਜ਼ੈਨਾ ਬਾਰੇ ਇਤਿਹਾਸਕ ਲਿਖਤਾਂ ਅੰਦਰ ਕੋਈ ਹਵਾਲਾ ਨਹੀਂ ਮਿਲਦਾ ਪਰ ਪੰਥ ਪ੍ਰਵਾਨਿਤ ਵਿਦਵਾਨ ਭਾਈ ਵੀਰ ਸਿੰਘ ਨੇ ਰਚਨਾਵਲੀ ਕਲਗੀਧਰ ਚਮਤਕਾਰ 'ਚ ਸੂਬਾ ਸਰਹਿੰਦ ਦੀ ਅਜ਼ੀਜ਼ ਬੇਗਮ ਜ਼ੈਨਬੁਨਿਮਾ, ਉਰਫ਼ ਜ਼ੈਨਾ ਦੀ ਕੁਰਬਾਨੀ ਅਤੇ ਸਿਦਕ ਨੂੰ ਬਾਖੂਬੀ ਢੰਗ ਨਾਲ ਬਿਆਨਿਆ ਹੈ। ਬਾਈਧਾਰ ਦੇ ਬਿਲਾਸਪੁਰ ਖੇਤਰ ਦੀ ਜੰਮਪਲ ਜ਼ੈਨਾ ਦਾ ਮੂਲ ਹਿੰਦੂ ਰਾਜਪੂਤ ਘਰਾਣੇ ਨਾਲ ਸੰਬਧਤ ਸੀ ਤੇ ਉਸ ਦਾ ਨਾਂ ਸੀ ਭਾਗੋ। ਛੋਟੀ ਉਮਰ ਦੀ ਭਾਗੋ ਨੂੰ ਅਨੰਦਪੁਰ ਸਾਹਿਬ ਜਾਣ ਦਾ ਇਤਫ਼ਾਕ ਉਦੋਂ ਜੁੜਿਆ ਜਦੋਂ ਉਸ ਦੀ ਮਾਂ ਸੁਭਾਗੋ ਗੁਰੂ ਦਰਬਾਰ 'ਚ ਆਪਣੇ ਪਤੀ ਸਮੇਤ ਸੇਵਾ ਨਿਭਾਉਂਦੀ ਇੱਕ ਅੰਮ੍ਰਿਤਧਾਰੀ ਬੀਬੀ ਨੂੰ ਮਿਲਣ ਗਈ। ਇਸੇ ਦੌਰਾਨ ਭਾਗੋ ਨੇ ਉਸ ਬੀਬੀ ਨੂੰ ਗੁਰੂ ਕੇ ਸਾਹਿਬਜ਼ਾਦਿਆਂ ਦੀ ਦੇਖਭਾਲ ਕਰਦਿਆਂ ਨੇੜਿਓਂ ਤੱਕਿਆ। ਭਾਗੋ ਦੇ ਜ਼ਿਹਨ 'ਚ ਗੁਰੂ ਲਾਲਾਂ ਦੇ ਜਾਹੋ-ਜਲਾਲ ਦੀਆਂ ਤਸਵੀਰਾਂ ਇਸ ਕਦਰ ਲੱਗ ਗਈਆਂ ਜਿਨ੍ਹਾਂ ਨੂੰ ਉਹ ਜ਼ਿੰਦਗੀ ਦੇ ਅੰਤਿਮ ਪਲਾਂ ਤਕ ਵੀ ਨਾ ਵਿਸਾਰ ਸਕੀ।

ਸਮੇਂ ਨੇ ਕਰਵਟ ਲਈ ਭਾਗੋ ਦਾ ਵਿਆਹ ਸਰਹਿੰਦ ਖਿੱਤੇ ਦੇ ਇੱਕ ਪਿੰਡ 'ਚ ਤੈਅ ਕੀਤਾ ਗਿਆ ਪਰ ਉਸ ਦਾ ਡੋਲ਼ਾ ਸੁਹਰੇ ਘਰ ਪਹੁੰਚਣ ਤੋਂ ਪਹਿਲਾਂ ਹੀ ਸੂਬਾ ਸਰਹਿੰਦ ਨੇ ਲੁੱਟ ਲਿਆ। ਕਿਹਾ ਜਾਂਦਾ ਹੈ ਕਿ ਸੂਬੇ ਨੂੰ ਰੂਪਵਤੀ ਭਾਗੋ ਦੇ ਸ਼ਬਾਬ ਬਾਰੇ ਪਹਿਲਾਂ ਹੀ ਇਲਮ ਸੀ। ਸੂਬੇ ਦੇ ਮਹਿਲੀਂ ਪੁੱਜੀ ਭਾਗੋ ਦਾ ਦਿਲ ਜਿੱਤਣ ਲਈ ਸੂਬੇ ਨੇ ਐਸ਼ੋ ਇਸ਼ਰਤ ਦੇ ਨਜ਼ਾਰਿਆਂ ਨਾਲ਼ ਭਾਗੋ ਨੂੰ ਭਰਮਾਉਣ ਦੀ ਕੋਸ਼ਿਸ਼ ਕੀਤੀ ਪਰ ਮੰਦੇ ਭਾਗਾਂ ਦੀ ਸ਼ਿਕਾਰ ਹੋਈ ਅਭਾਗਣ ਭਾਗੋ ਦਸੌਂਟੇ ਕੱਟ ਕੇ ਵੀ ਆਪਣੇ ਈਮਾਨ ਦੀ ਸਲਾਮਤੀ ਲਈ ਯਤਨਸ਼ੀਲ ਸੀ। ਆਖ਼ਰ ਬਾਦਸ਼ਾਹੀ ਧੌਂਸ ਅੱਗੇ ਔਰਤ ਜਾਤ ਦੀ ਮਜਬੂਰੀ ਨੇ ਹਥਿਆਰ ਸੁੱਟ ਦਿੱਤੇ। ਨਿਕਾਹ ਤੋਂ ਬਾਅਦ ਉਸ ਦਾ ਨਾਂ ਜ਼ੈਨਬੁਨਿਮਾ ਰੱਖਿਆ ਗਿਆ ਤੇ ਵਜ਼ੀਦ ਖਾਂ ਉਸ ਨੂੰ ਬੇਗਮ ਜ਼ੈਨਾ ਦੇ ਨਾਂ ਨਾਲ ਪੁਕਾਰਦਾ ਰਿਹਾ। ਇਹ ਵੀ ਦੱਸਿਆ ਜਾਂਦਾ ਹੈ ਕਿ ਜ਼ੈਨਾ ਦੀ ਕੁੱਖੋਂ ਵਜ਼ੀਦ ਖ਼ਾਨ ਦੇ ਦੋ ਫ਼ਰਜ਼ੰਦ ਵੀ ਜਨਮੇ।

ਸਮੇਂ ਨੇ ਕਰਵਟ ਲਈ ਲੋਕਾਈ ਦੀ ਦਿਲ ਕੰਬਾਊ ਤੇ ਬੇਨਜ਼ੀਰ ਸ਼ਹਾਦਤ ਨੇ ਸਰਹਿੰਦ ਦੀ ਧਰਤੀ 'ਤੇ ਆ ਅਲਖ ਜਗਾਈ। ਕਾਜ਼ੀ ਦੇ ਫ਼ਤਵੇ 'ਤੇ ਕਚਿਹਰੀਆਂ 'ਚ ਘੜਿਆ ਮਨਸੂਬਾ ਜ਼ੈਨਾ ਦੇ ਕੰਨੀ ਪਿਆ ਤਾਂ ਆਨੰਦਪੁਰੀ ਦੀ ਧਰਤੀ 'ਤੇ ਤੱਕੀ ਚੰਨ ਅਤੇ ਸੂਰਜ ਵਰਗੇ ਲਾਲਾਂ ਦੀ ਜੋੜੀ ਉਸ ਨੂੰ ਅੱਖਾਂ ਸਾਹਮਣੇ



ਅੱਖਾਂ ਮੀਟਦੀ ਪ੍ਰਤੀਤ ਹੋਈ। ਵਕਤ ਨੇ ਭਾਵੇਂ ਭਾਗੋ ਨੂੰ ਸਾਦੇ ਲਿਬਾਸ ਚੋਂ ਕੱਢ ਕੇ ਸ਼ਾਹੀ ਮਹੱਲ ਦੇ ਬਸਤਰਾਂ 'ਚ ਜ਼ੈਨਾ ਬਣਾ ਕੇ ਲਿਆ ਬੈਠ੍ਹਿਆ ਸੀ ਪਰ ਲਹੂ 'ਚ ਰਚਿਆ ਆਨੰਦਪੁਰੀ ਦਾ ਜ਼ਮੀਰਪ੍ਰਸਤ ਪ੍ਰਭਾਵ ਜ਼ੈਨਾ ਦੀ ਜ਼ਬਾਨੀ ਬੋਲ ਰਿਹਾ ਸੀ, ਅੱਲ੍ਹਾ ਦਾ ਵਾਸਤਾ ਈ ਸਾਈਆਂ। ਸਰਹਿੰਦ ਦੀ ਤਬਾਹੀ ਦੀ ਨੀਂਹ ਹੱਥੀਂ ਨਾ ਚਿਣ। ਤੈਨੂੰ ਬੁਢੱੜੀ ਮਾਂ ਦਾ ਸਰਾਪ ਤਬਾਹ ਕਰ ਸੁੱਟੇਗਾ। ਜੇ ਇਹੋ ਕਲੰਕ ਲਗਵਾਉਣ ਲਈ ਮੈਨੂੰ ਆਪਣੇ ਸੰਗ ਨਿਕਾਹਿਆ ਸੀ ਤਾਂ ਉਦੋਂ ਹੀ ਮੇਰੇ ਲਹੂ ਦਾ ਸੰਧੂਰ ਮੇਰੇ ਮੱਥੇ ਲਾ ਕੇ ਮੇਰੀ ਜ਼ਿੰਦਗੀ 'ਤੇ ਲੱਗਣ ਵਾਲੀ ਕਾਲਖ਼ ਧੋ ਛੱਡਦਾ ਪਰ ਮੈਂ ਆਹ ਕਹਿਰ। ਉਸ ਨੇ ਈਮਾਨੋ ਦੁਹਾਈ ਦੇ ਕੇ ਵਜ਼ੀਦੇ ਨੂੰ ਰੋ-ਰੋ ਕੇ ਸਮਝਾਇਆ ਪਰ ਹੰਕਾਰਿਆ ਵਜ਼ੀਦਾ ਆਪਣੀ ਕਬਰ ਹੱਥੀਂ ਪੁੱਟਦਾ ਰਿਹਾ ਅੱਧਖਿੜੇ ਫੁੱਲ ਨੀਹਾਂ 'ਚ ਖ਼ਾਮੋਸ਼ ਹੋ ਗਏ ਧਰਤੀ ਕਲੇਜਿਉਂ ਫਟ ਗਈ। ਠੰਡੇ ਬੁਰਜ ਵਿੱਚ ਮਾਤਾ ਗੁਜਰੀ ਨੂੰ ਖ਼ਬਰ ਮਿਲੀ ਤਾਂ ਉਸ ਦੀ ਆਤਮਾ ਵੀ ਪਰਵਾਜ਼ ਭਰ ਗਈ। ਮਨੁੱਖਤਾ ਧਾਂਹੀ ਰੋਈ ਅੰਬਰ ਨੇ ਲਹੂ ਦੇ ਅੱਥਰੂ ਕੇਰੇ। ਇਸ ਸਮੁੱਚੇ ਸਿਲਸਿਲੇ ਦਾ ਦੁਖਾਂਤ ਕੰਨੀ ਸੁਣ ਕੇ ਜ਼ੈਨਾ ਦੀਆਂ ਅੱਖਾਂ ਬਰਸ ਪਈਆਂ। ਤੇਜ਼ ਸੰਗੀਨ ਕਟਾਰੀ ਆਪਣੇ ਸੀਨੇ ਮਾਰ ਕੇ ਜ਼ੈਨਾ ਨੇ ਆਪਣੇ ਲਹੂ ਨਾਲ ਆਪਣੇ ਸੰਕਲਪ ਦੀਆਂ ਸੁੱਕਦੀਆਂ ਜੜ੍ਹਾਂ ਮੁੜ ਹਰੀਆਂ ਕਰ ਦਿੱਤੀਆਂ। ਨਿਰਜਿੰਦ ਲੋਥ ਸੂਬੇ ਦੇ ਮਹਿਲੀਂ ਛੱਡ ਕੇ ਜ਼ੈਨਾ ਦੀ ਆਤਮਾ ਵੀ ਨਿੱਕੀਆਂ ਜਿੰਦਾ ਦੇ ਮਗਰ ਹੋ ਤੁਰੀ।

ਪਰ ਅੱਜ ਸਮਾਂ ਜਵਾਬ ਮੰਗਦਾ ਹੈ ਕਿ ਕੀ ਵਜ਼ੀਦੇ ਦੇ ਅਨਿਆਂ ਤੋਂ ਬਾਅਦ ਅਸੀਂ ਜ਼ੈਨਾ ਨਾਲ ਨਿਆਂ ਕੀਤਾ ਹੈ? ਜੇ ਨਵਾਬ ਸ਼ੇਰ ਮੁਹੰਮਦ ਮਲੇਰਕੋਟਲਾ ਜਿਸ ਨੇ ਮੁਗ਼ਲਾਂ ਵੱਲੋਂ ਗੁਰੂ ਜੀ ਖ਼ਿਲਾਫ਼ ਲੜੀਆਂ ਤਮਾਮ ਜੰਗਾਂ 'ਚ ਠੋਕ ਵਜਾ ਕੇ ਹਿੱਸਾ ਲਿਆ। ਜਿਸ ਦੇ ਭਰਾ ਗਨੀ ਖਾਂ ਤੇ ਨਾਹਰ ਖਾਂ ਚਮਕੌਰ ਦੀ ਜੰਗ 'ਚ ਗੁਰੂ ਖ਼ਿਲਾਫ਼ ਲੜਦੇ ਮਾਰੇ ਗਏ। ਜਿਸ ਨੇ ਸਰਹਿੰਦ ਦੀ ਮਾਰ ਵੇਲੇ ਮਾਝੇ ਦੇ ਸਿੰਘਾਂ ਦੇ ਰੂਪਨਗਰ ਵੱਲੋਂ ਜਾ ਰਹੇ ਜਥੇ ਦਾ ਬਤੌਰ ਸੈਨਾਪਤੀ ਮੁਕਾਬਲਾ ਕੀਤਾ ਅਤੇ ਆਪਣੇ ਦੋ ਭਤੀਜੇ ਇਸ ਮੁਠਭੇੜ 'ਚ ਮਰਵਾ ਲਏ, ਉਹ ਨਵਾਬ 'ਹਾਅ ਦਾ ਨਾਅਰਾ' ਮਾਰਨ ਬਦਲੇ ਸਿੱਖਾਂ ਦੇ ਸਤਿਕਾਰ ਦਾ ਪਾਤਰ ਬਣ ਸਕਦਾ ਹੈ ਤਾਂ ਸਾਕਾ ਸਰਹਿੰਦ ਦੇ ਮੁੱਖ ਖਲਨਾਇਕ ਦੀ ਬੇਗਮ ਦੀ ਹੈਸੀਅਤ 'ਚ ਗੁਰੂ ਲਾਲਾਂ ਲਈ ਜਾਨ ਵਾਰਨ ਵਾਲੀ ਬੇਗਮ ਜ਼ੈਨਾ ਦੀ ਤਸਵੀਰ ਤਵਾਰੀਖ਼ 'ਤੇ ਧੁੰਦਲੀ ਕਿਉਂ? ਜੇ ਨਵਾਬ ਮਲੇਰਕੋਟਲਾ ਦੀ ਯਾਦ 'ਚ ਅੱਜ ਫਤਹਿਗੜ੍ਹ ਸਾਹਿਬ ਦੀ ਸਰਜ਼ਮੀਨ 'ਤੇ ਗੇਟ ਉਸਰ ਸਕਦਾ ਹੈ ਤਾਂ ਜ਼ੈਨਾ ਦੇ ਨਾਂ 'ਤੇ ਕਿਉਂ ਨਹੀਂ? ਸਿੱਖ ਕੌਮ ਨੇ ਹਮੇਸ਼ਾਂ ਬੁਰਿਆਈ ਨੂੰ ਤਿਆਗ ਕੇ ਚੰਗਿਆਈ ਅਪਨਾਉਣ ਵਾਲੇ ਹਰ ਸ਼ਖ਼ਸ ਨੂੰ ਕਲੇਜੇ ਲਾਇਆ ਹੈ। ਦਸਮ ਪਾਤਸ਼ਾਹ ਨੂੰ ਔਰੰਗਜ਼ੇਬ ਦੇ ਜ਼ੁਲਮਾਂ ਦੇ ਪਛਤਾਵੇ ਮਗਰੋਂ ਉਸ ਵੱਲੋਂ ਪ੍ਰਗਟਾਈ ਮਿਲਣ ਦੀ ਇੱਛਾ ਨੂੰ ਨਹੀਂ ਸੀ ਦੁਰਕਾਰਿਆ ਪਰ ਇਸ ਬੁਰਿਆਈ ਦੇ ਖ਼ਿਲਾਫ਼ ਚੰਗਿਆਈ ਦਾ ਝੰਡਾ ਗੱਡਣ ਵਾਲੀ ਜ਼ੈਨਾ ਤਵਾਰੀਖ਼ ਦੇ ਪੰਨਿਆ ਤੋਂ ਗਾਇਬ ਕਿਉਂ? ਬਹੁ-ਚਰਚਿਤ ਫ਼ਿਲਮ ਚਾਰ ਸਾਹਿਬਜ਼ਾਦੇ 'ਚ ਜ਼ੈਨਾ ਦੇ ਕਿਰਦਾਰ ਨੂੰ ਪੇਸ਼ ਕਰਨਾ ਸ਼ਲਾਘਾਯੋਗ ਉਪਰਾਲਾ ਹੈ ਪਰ ਲਹੂ ਨਾਲ ਕਲੰਕ ਧੋਣ ਵਾਲੇ ਕਿਰਦਾਰ ਨੂੰ ਸਾਕਾ ਸਰਹਿੰਦ ਦੀ ਤਾਰੀਖ਼ੀ ਕੈਨਵਸ 'ਤੇ ਯੋਗ ਸਥਾਨ ਨਾ ਮਿਲਣਾ ਵੀ ਮੰਦਭਾਗੀ ਗੱਲ ਹੈ।

# ਧੁਰੋਂ ਲਿਖੀ ਤਕਦੀਰ ਇੱਕ ਮਿੱਥ ਅਤੇ 'ਮਹਾਰਾਜਾਂ' ਦੇ ਡੇਰਿਆਂ ਦਾ ਅੰਧ ਵਿਸ਼ਵਾਸ

ਜਸਵੰਤ ਜ਼ੀਰਖ

ਸਾਡੇ ਸਮਾਜ ਵਿੱਚ ਦੋ ਤਰ੍ਹਾਂ ਦੇ ਲੋਕਾਂ ਨਾਲ ਅਕਸਰ ਹਰ ਇੱਕ ਦਾ ਵਾਹ ਪੈਂਦਾ ਹੈ। ਇੱਕ ਉਹ ਜੋ ਸਮਾਜ ਵਿੱਚ ਵਾਪਰੀ ਹਰ ਚੰਗੀ ਮੰਦੀ ਘਟਨਾ ਨੂੰ ਧੁਰੋਂ ਲਿਖੀ ਤਕਦੀਰ ਨਾਲ ਜੋੜਕੇ ਗੱਲ ਕਰਦੇ ਹਨ ਅਤੇ ਬਿਨਾਂ ਸੋਚੇ ਸਮਝੇ ਹਰ ਘਟਨਾ ਦੇ ਕਾਰਣ ਜਾਨਣ ਵੱਲ ਵਧਣ ਦੀ ਬਜਾਏ, ਭਾਣਾ ਮੰਨਣ ਦੇ ਉਪਦੇਸ਼ ਦਿੰਦੇ ਹੋਏ ਕਈ ਮਨ-ਘੜਤ ਕਹਾਣੀਆਂ ਰਾਹੀਂ ਆਪਣੇ ਕਹੇ ਦੀ ਪ੍ਰੋੜ੍ਹਤਾ ਵੀ ਕਰਦੇ ਹਨ। ਗਿਣਤੀ ਪੱਖੋਂ ਸਮਾਜ ਵਿੱਚ ਇਹਨਾਂ ਦਾ ਭਰਪੂਰ ਬੋਲਬਾਲਾ ਹੈ। ਦੂਜੇ ਉਹ ਲੋਕ ਵੀ ਹਨ ਜੋ ਹਰ ਘਟਨਾ ਵਾਪਰਨ ਨੂੰ ਧੁਰੋਂ ਲਿਖੀ ਨਾ ਮੰਨਕੇ, ਉਸਦੇ ਕਾਰਣਾਂ ਸੰਬੰਧੀ ਜਾਣਕਾਰੀ ਪ੍ਰਾਪਤ ਕਰਕੇ, ਉਸ ਬਾਰੇ ਸਹੀ ਵਿਆਖਿਆ ਕਰਕੇ ਠੀਕ ਸਿੱਟੇ ਕੱਢਣ ਵੱਲ ਅੱਗੇ ਵਧਦੇ ਹਨ। ਇਹਨਾਂ ਦੀ ਸਮਾਜ ਵਿੱਚ ਗਿਣਤੀ ਪੱਖੋਂ ਮਾਤਰਾ ਆਟੇ ਵਿੱਚ ਲੂਣ ਤੋਂ ਵੀ ਘੱਟ ਹੈ। ਜੇਕਰ ਕਿਸੇ ਬਿਮਾਰੀ, ਗਲਤ ਦਵਾਈ ਖਾਣ ਜਾਂ ਕਿਸੇ ਦੁਰਘਟਨਾ ਕਾਰਨ ਕੋਈ ਬੇਵਕਤੀ ਮੌਤ ਦਾ ਸ਼ਿਕਾਰ ਹੋ ਜਾਂਦਾ ਹੈ, ਤਾਂ ਪਹਿਲੇ ਨੰਬਰ ਵਾਲੇ ਇੱਕੋ ਗੱਲ ਬਾਰ ਬਾਰ ਕਹਿਣਗੇ ਕਿ ਉਸ ਦੀ ਤਾਂ ਲਿਖੀ ਹੀ ਇਸੇ ਤਰ੍ਹਾਂ ਸੀ, ਜਿੰਨੇ ਸਵਾਸਾਂ ਦੀ ਪੂੰਜੀ ਲਿਖੀ ਹੋਈ ਸੀ, ਉਸ ਤੋਂ ਇੱਕ ਵੀ ਵੱਧ ਜਾਂ ਘੱਟ ਲਿਆ ਹੀ ਨਹੀਂ ਜਾ ਸਕਦਾ। ਫਿਰ ਇਹ ਵੀ ਕਹਿਣਗੇ ਕਿ ਹਰ ਇੱਕ ਮਨੁੱਖ ਦੇ ਜਨਮ ਅਤੇ ਮੌਤ ਦਾ ਸਥਾਨ ਵੀ ਧੁਰੋਂ ਹੀ ਲਿਖਕੇ ਆਉਂਦਾ ਹੈ। ਜੇਕਰ ਕੋਈ ਕਿਸੇ ਬਿਮਾਰੀ ਦੇ ਇਲਾਜ ਲਈ ਹਸਪਤਾਲ ਜਾਕੇ ਇਲਾਜ ਕਰਵਾਉਣ ਕਾਰਣ ਬਚ ਜਾਏ ਤਾਂ ਕਹਿਣਗੇ, ਵਧੀ ਹੋਈ ਸੀ, ਤਾਂ ਹੀ ਬਚ ਗਿਆ। ਜੇ ਹਸਪਤਾਲ ਜਾ ਕੇ ਵੀ ਨਾ ਬਚੇ ਤਾਂ ਝੱਟ ਕਹਿ ਦੇਣਗੇ, ਜਿਸ ਜਿਸ ਦਾ ਵੀ ਦੇਣਾ ਲੈਣਾ ਸੀ, ਉਸ ਵਿੱਚ ਡਾਕਟਰਾਂ ਦਾ ਦੇਣਾ ਵੀ ਲਿਖਿਆ ਹੋਇਆ ਸੀ, ਜੋ ਪੂਰਾ ਹੋ ਗਿਆ। ਮਸਲਾ ਕੀ ਕਿ ਹਰ ਗੱਲ ਪਹਿਲਾਂ ਹੀ ਲਿਖੀ ਹੋਈ ਨਾਲ ਜੋੜ ਕੇ ਭਾਵੇਂ ਆਪ ਤਾਂ ਸੁਰਖ਼ਰੂ ਹੋ ਜਾਂਦੇ ਹਨ, ਪਰ ਸਮਾਜ ਨੂੰ ਵਿਚਾਰਧਾਰਕ ਪੱਖੋਂ ਇੱਕੋ ਥਾਂ ਖੜ੍ਹੇ ਰਹਿਣ ਦਾ ਰੋਲ ਬਾਖੂਬੀ ਨਿਭਾ ਰਹੇ ਹਨ। ਵਿਗਿਆਨ ਦੀਆਂ ਉਪਲੱਭਤਾਂ ਨੂੰ ਮਾਣਦੇ ਹੋਏ ਵੀ ਉਸ ਦੀ ਵਿਰੋਧਤਾ ਕਰਨ ਲੱਗੇ ਇਹ ਰਤਾ ਭਰ ਵੀ ਦਿਮਾਗ ਨਹੀਂ ਵਰਤਦੇ। ਸੁਣੀਆਂ ਸੁਣਾਈਆਂ ਗੱਲਾਂ ਕਰਕੇ ਇਸ ਤਰ੍ਹਾਂ ਜਚਾਉਣ ਦੀ ਕੋਸ਼ਿਸ਼ ਕਰਨਗੇ ਜਿਵੇਂ ਵਿਗਿਆਨ ਦੀਆਂ ਪ੍ਰਾਪਤੀਆਂ ਉਹਨਾਂ ਦੀ ਨਜ਼ਰ ਵਿੱਚ ਧੁਰੋਂ ਲਿਖੀ ਤਕਦੀਰ ਅੱਗੇ ਕੋਈ ਮਾਅਨਾ ਨਹੀਂ ਰੱਖਦੀਆਂ।

ਦੂਜੇ ਨੰਬਰ ਵਾਲੇ ਲੋਕਾਂ ਦੇ ਵਿਚਾਰ ਭਾਵੇਂ ਹਰ ਘਟਨਾ ਦੇ ਕਾਰਣਾਂ ਦੀ ਵਿਆਖਿਆ ਕਰਨ ਦੇ ਸਮਰੱਥ ਹੁੰਦੇ ਹਨ, ਪਰ ਸਮਾਜ ਵਿੱਚ ਧੁਰੋਂ ਲਿਖੀ ਤਕਦੀਰ ਨੂੰ ਮੰਨਣ ਵਲਿਆਂ ਦੀ ਬਹੁ ਗਿਣਤੀ ਦੇ ਰਾਮ ਰੌਲੇ ਵਿੱਚ ਉਹਨਾਂ ਦੀ ਸਹੀ ਆਵਾਜ਼ ਵੀ ਦੱਬਕੇ ਰਹਿ ਜਾਂਦੀ ਹੈ, ਜੋ ਕਿ ਸਮੁੱਚੇ ਸਮਾਜ ਲਈ ਬਹੁਤ ਘਾਤਕ ਸਿੱਧ ਹੋ ਰਿਹਾ ਹੈ। ਧਰਮਾਂ ਦੀਆਂ ਵਲਗਣਾਂ ਵਿੱਚ ਫਸਿਆ ਮਨੁੱਖ, ਪੁਜਾਰੀ ਵਰਗ ਵੱਲੋਂ ਪ੍ਰਚਾਰੇ ਜਾ ਰਹੇ ਸਵਰਗਾਂ/ ਨਰਕਾਂ ਦੇ ਝੂਠੇ ਅਡੰਬਰਾਂ ਵਿੱਚ ਫਸਕੇ, ਉਹਨਾਂ ਦੀਆਂ ਪਰੀ ਕਹਾਣੀਆਂ ਵਿੱਚ ਅਜਿਹਾ ਉਲਝ ਗਿਆ ਹੈ ਕਿ ਆਪਣਾ ਸਾਰਾ ਜੀਵਨ ਬੇਕਾਰ ਹੀ ਗੁਆ ਕੇ, ਰਾਮ ਨਾਮ ਸੱਤ ਹੈ, ਵਿੱਚ ਲੀਨ ਹੋ ਜਾਂਦਾ ਹੈ। ਧੁਰੋਂ ਲਿਖੀ ਨੂੰ ਮੰਨਣ ਵਾਲੇ ਹਰ ਧਰਮ ਦੇ ਪੈਰੋਕਾਰਾਂ ਵਿੱਚ ਇੱਕ ਗੱਲ ਸਾਂਝੀ ਹੈ ਕਿ ਉਹ ਸਭ, ਮਰਨ ਉਪਰੰਤ ਸਵਰਗ ਵਿੱਚ ਵਾਸਾ ਕਰਨ ਦੇ ਇੱਛਕ ਜ਼ਰੂਰ ਬਣੇ ਹੋਏ ਹਨ। ਮਰਨ ਵਾਲੇ ਦੀ ਅੰਤਮ ਰਸਮ ਸਮੇਂ ਪੂਜਾ ਪਾਠ ਕਰਨ ਵੇਲੇ ਬਿਸਤਰਾ, ਕੱਪੜੇ, ਜੁੱਤੀ ਆਦਿ ਇਹ ਸਮਝਕੇ ਦਾਨ ਕੀਤੇ ਜਾਂਦੇ ਹਨ ਕਿ ਇਹ ਸਭ ਵਸਤਾਂ ਮਰਨ ਵਾਲੇ ਨੂੰ ਸਵਰਗ ਵਿੱਚ ਪ੍ਰਾਪਤ ਹੋ ਜਾਣੀਆਂ ਹਨ। ਹਰ ਧਰਮ ਦਾ ਪੁਜਾਰੀ ਵਰਗ ਇਨ੍ਹਾਂ ਰਸਮਾਂ ਨੂੰ ਬਰਕਰਾਰ ਰੱਖਣ ਲਈ ਬਹੁਤ ਤਰ੍ਹਾਂ ਦੀਆਂ ਝੂਠੀਆਂ ਮਨ-ਘੜਤ



ਕਹਾਣੀਆਂ ਲੋਕਾਂ ਨੂੰ ਸੁਣਾਕੇ ਇਹ ਜਚਾਉਂਦਾ ਹੈ ਕਿ ਵਾਕਿਆ ਹੀ ਇਹ ਸਾਰਾ ਦਾਨ ਕੀਤਾ ਸਮਾਨ, ਮਰਨ ਵਾਲੇ ਨੂੰ ਪਹੁੰਚ ਜਾਂਦਾ ਹੈ। ਪਰ ਇਸ ਗੱਲ ਦਾ ਅੱਜ ਤੱਕ ਕੋਈ ਸਬੂਤ, ਕੋਈ ਵੀ ਧਰਮ ਨਹੀਂ ਦੇ ਸਕਿਆ, ਜੋ ਇਹ ਸਿੱਧ ਕਰਦਾ ਹੋਵੇ ਕਿ ਵਾਕਿਆ ਹੀ ਦਾਨ ਕੀਤਾ ਸਭ ਕੁਝ ਮਰਨ ਵਾਲੇ ਤੱਕ ਪਹੁੰਚ ਗਿਆ ਹੈ। ਲੋਕ ਬਿਨਾ ਕਿਸੇ ਅਧਾਰ ਤੋਂ ਇਹ ਰਸਮਾਂ ਇੱਕ ਦੂਜੇ ਦੇ ਪਿੱਛੇ ਲੱਗ, ਵੇਖੋ ਵੇਖੀ ਕਰੀ ਜਾ ਰਹੇ ਹਨ, ਜੋ ਕਿ ਆਪਣੇ ਆਪ ਨੂੰ ਬੜੇ ਸੱਭਿਅਕ ਹੋਣ ਦਾ ਭਰਮ ਪਾਲਣ ਤੋਂ ਬਿਨਾ ਕੁਝ ਵੀ ਨਹੀਂ। ਇਹਨਾਂ ਹੀ ਪੁਜਾਰੀਆਂ ਵੱਲੋਂ ਇਹ ਵੀ ਬੜੇ ਜ਼ੋਰ ਨਾਲ ਪ੍ਰਚਾਰਿਆ ਜਾ ਰਿਹਾ ਹੈ ਕਿ ਇਹ ਜ਼ਿੰਦਗੀ ਇੱਕ ਮਾਇਆ ਹੈ, ਝੂਠ ਹੈ ਅਤੇ ਮਰਨਾ ਸੱਚ ਹੈ। ਜਿਹੜਾ ਵੀ ਇਸ ਗੱਲ ਨੂੰ ਮੰਨਦਾ ਹੈ ਅਤੇ ਇਸਦਾ ਪ੍ਰਚਾਰ ਕਰਦਾ ਹੈ, ਉਸ ਮਨੁੱਖ ਨੂੰ ਸਮਾਜ ਵਿੱਚ ਇੱਕ ਚੰਗਾ ਧਾਰਮਿਕ ਮਨੁੱਖ ਮੰਨਿਆ ਜਾਂਦਾ ਹੈ। ਪਰ ਇਹ ਵੀ ਇੱਕ ਮਿੱਥ ਹੈ, ਜੋ ਮਨੁੱਖ ਨੂੰ ਨਿਮਾਣਾ ਤੇ ਨਿਗੁਣਾ ਬਣਾਉਂਦੀ ਹੈ ਜਿਸ ਨੂੰ ਪ੍ਰਚਾਰਿਆ ਵੀ ਇਸੇ ਮੰਤਵ ਨਾਲ ਜਾਂਦਾ ਹੈ, ਜਦੋਂ ਕਿ ਜ਼ਿੰਦਗੀ ਵੀ ਮੌਤ ਵਾਂਗ ਇੱਕ ਅਟੱਲ ਸਚਾਈ ਹੈ। ਪਰ ਜ਼ਿੰਦਗੀ ਨੂੰ ਹਮੇਸ਼ਾ ਇੱਕ ਪਾਣੀ ਦਾ ਬੁਲਬੁਲਾ ਕਹਿ ਕੇ ਨੀਵਾਂ ਅਤੇ ਮੌਤ ਨੂੰ ਉੱਚੀ ਤੇ ਸੱਚੀ ਕਹਿਕੇ ਵਡਿਆਇਆ ਜਾਂਦਾ ਹੈ।

ਧੁਰੋਂ ਲਿਖੀ ਤਕਦੀਰ ਨੂੰ ਮਨ ਘੜਤ ਕਹਾਣੀਆਂ ਬਣਾਕੇ ਸੱਚ ਸਾਬਤ ਕਰਨ ਦੇ ਦਾਅਵੇਦਾਰ ਕਈ 'ਮਹਾਰਾਜ' ਅਖਵਾਉਣ ਵਾਲੇ ਆਪਣੇ 'ਕਾਰਨਾਮਿਆਂ' ਦੀ ਬਦੌਲਤ ਜੇਲਾਂ ਦੀ ਹਵਾ ਖਾ ਰਹੇ ਹਨ। ਜੇਕਰ ਮਨੁੱਖ ਦੀ ਤਕਦੀਰ ਧੁਰੋਂ ਪਹਿਲਾਂ ਹੀ ਲਿਖੀ ਹੁੰਦੀ ਹੈ ਤਾਂ ਇਹ ਜੇਲ ਵਿੱਚੋਂ ਬਾਹਰ ਆਉਣ ਲਈ ਬਾਰ ਬਾਰ ਜ਼ਮਾਨਤਾਂ ਦੀਆਂ ਦਰਖ਼ਾਸਤਾਂ ਅਦਾਲਤਾਂ ਵਿੱਚ ਕਿਉਂ ਲਗਾ ਰਹੇ ਹਨ? ਖ਼ੁਦ ਆਪ ਧੁਰੋਂ ਲਿਖੀ ਉੱਤੇ ਵਿਸ਼ਵਾਸ ਕਿਉਂ ਨਹੀਂ ਕਰਦੇ? ਭਾਣਾ ਮੰਨਕੇ ਅੰਦਰ ਬੈਠਣ। ਜੇਕਰ ਅੰਦਰ ਰਹਿਣਾ ਲਿਖਿਆ ਹੈ ਤਾਂ ਫਿਰ ਬਾਹਰ ਆਉਣ ਲਈ ਕਾਹਦੇ ਲਈ ਬਾਰ ਬਾਰ ਯਤਨ ਕਰ ਰਹੇ ਹਨ?

ਆਮ ਮਨੁੱਖ ਅਜਿਹੇ 'ਮਹਾਰਾਜਾਂ' ਦੇ ਡੇਰਿਆਂ ਵਿੱਚ ਚੜ੍ਹਾਵੇ ਚੜ੍ਹਾ ਕੇ, ਮੰਨਤਾਂ ਮੰਨਕੇ ਆਪਣੀ ਜ਼ਿੰਦਗੀ ਦੇ ਹਰ ਕੰਮ ਵਿੱਚ ਸਫਲ ਹੋਣਾ ਚਾਹੁੰਦਾ ਹੈ। ਪਰ ਉਹ ਇਹ ਨਹੀਂ ਸੋਚ ਰਿਹਾ ਕਿ ਜਿਹੜਾ ਮਹਾਰਾਜ ਆਪਣੇ ਆਪ ਨੂੰ ਜੇਲੋਂ ਨਹੀਂ ਨਿਕਾਲ ਸਕਦਾ, ਉਹ ਤੇਰਾ ਪਾਰ ਉਤਾਰਾ ਕਿਵੇਂ ਕਰ ਦਿਊ? ਕਈ ਵੱਡੇ ਵੱਡੇ ਸਿਆਸਤਦਾਨਾਂ ਦੀ ਇਨ੍ਹਾਂ ਦੇ ਡੇਰਿਆਂ ਵਿੱਚ ਆਉਣੀ ਜਾਣੀ ਦਾ ਵੀ ਆਮ ਲੋਕ, ਖ਼ਾਸ ਕਰਕੇ ਇਹਨਾਂ ਡੇਰਿਆਂ ਦੇ ਸ਼ਰਧਾਲੂ ਇਹ ਵੇਖ ਬੜੇ ਪ੍ਰਭਾਵਤ ਹੁੰਦੇ ਹਨ। ਉਹ ਸਮਝ ਬੈਠਦੇ ਹਨ ਕਿ ਇਹ ਸਿਆਸਤਦਾਨ ਆਪਣੀ ਧੁਰੋਂ ਲਿਖੀ ਵਿੱਚ 'ਰੇਖ ਵਿੱਚ ਮੇਖ' ਮਰਵਾਉਣ ਲਈ ਆਉਂਦੇ ਹਨ। ਪਰ ਉਹ ਵਿਚਾਰੇ ਕੀ ਜਾਨਣ ਕਿ ਇਨ੍ਹਾਂ ਡੇਰੇਦਾਰਾਂ ਅਤੇ ਸਿਆਸਤਦਾਨਾਂ ਦੀ ਮਿਲੀ ਭੁਗਤ ਨੇ ਹੀ ਤੁਹਾਨੂੰ ਮੂਰਖ ਬਣਾਕੇ ਧੁਰੋਂ ਲਿਖੀ ਮੰਨਕੇ ਸਬਰ ਸੰਤੋਖ ਨਾਲ ਦਸਾਂ ਨੌਹਾਂ ਦੀ ਕਿਰਤ ਕਰਨ ਵਿੱਚ ਲਗਾਕੇ ਪਰਚਾ ਰੱਖਿਆ ਹੋਇਆ ਹੈ। ਪਰ ਆਪ ਤੁਹਾਡੀ ਹੀ ਕਿਰਤ ਕਮਾਈ ਉੱਪਰ ਐਸ਼ ਕਰ ਰਹੇ ਹਨ ਜਿਸ ਦੀ ਤੁਹਾਨੂੰ ਕੰਨੋਂ-ਕੰਨੀ ਖ਼ਬਰ ਵੀ ਨਹੀਂ ਲਗਦੀ। ਜਿਹੜੇ ਲੋਕ ਇਹ ਖ਼ਬਰ ਤੁਹਾਨੂੰ ਦੇਣਾ ਚਾਹੁੰਦੇ ਹਨ ਉਹਨਾਂ ਨੂੰ ਇਹੋ ਸਿਆਸਤਦਾਨ ਅਤੇ ਡੇਰੇਦਾਰ ਦੇਸ਼ ਵਿਰੋਧੀ ਕਹਿਕੇ ਆਪਣੀ ਸਾਂਝ ਭਿਆਲੀ ਬਾਖੂਬੀ ਨਿਭਾਉਂਦੇ ਹਨ। ਸੋ ਜਦੋਂ ਤੱਕ ਮਨੁੱਖ ਧੁਰੋਂ ਲਿਖੀ ਤਕਦੀਰ ਦੀ ਮਿੱਥ ਵਿੱਚੋਂ ਬਾਹਰ ਆਕੇ, ਇਸਦੇ ਉਪਦੇਸ਼ ਦੇਣ ਵਾਲਿਆਂ ਦੇ ਅਸਲ ਮਨਸੂਬਿਆਂ ਬਾਰੇ ਨਹੀਂ ਜਾਣੇਗਾ, ਓਦੋਂ ਤੱਕ ਆਪਣੀਆਂ ਅਸਫਲਤਾਵਾਂ ਨੂੰ ਸਫਲਤਾਵਾਂ ਵਿੱਚ ਤਬਦੀਲ ਕਰਨ ਵੱਲ ਅੱਗੇ ਨਹੀਂ ਵਧ ਸਕੇਗਾ।

# ਸ਼ਹੀਦੀਆਂ ਦਾ ਮਹੀਨਾ ਪੋਹ



**ਡਾ. ਰਣਜੀਤ ਸਿੰਘ**

ਜਦੋਂ ਔਰੰਗਜ਼ੇਬ ਦਿੱਲੀ ਦੇ ਤਖ਼ਤ 'ਤੇ ਬੈਠਾ ਤਾਂ ਉਸ ਨੇ ਆਪਣੇ ਕੱਟੜਵਾਦ ਦਾ ਰੂਪ ਵਿਖਾਉਂਦਿਆਂ ਹਿੰਦੂਆਂ ਨੂੰ ਜਬਰੀ ਮੁਸਲਮਾਨ ਬਣਾਉਣਾ ਸ਼ੁਰੂ ਕਰ ਦਿੱਤਾ। ਇਹ ਮਨੁੱਖੀ ਅਧਿਕਾਰਾਂ ਦਾ ਸਭ ਤੋਂ ਵੱਡਾ ਘਾਣ ਸੀ। ਸ੍ਰੀ ਗੁਰੂ ਅਰਜਨ ਸਾਹਿਬ ਦੇ ਪੋਤਰੇ ਤੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ ਸਪੁੱਤਰ ਗੁਰੂ ਤੇਗ ਬਹਾਦਰ ਦੀ ਗੁਰਗੱਦੀ ਦੇ ਨੌਂਵੇਂ ਵਾਰਸ ਦੇ ਰੂਪ ਵਿੱਚ ਗੁਰਗੱਦੀ ਉੱਤੇ ਵਿਰਾਜਮਾਨ ਸਨ। ਕਸ਼ਮੀਰੀ ਪੰਡਤਾਂ ਦੀ ਅਗਵਾਈ ਹੇਠ ਲੋਕੀਂ ਗੁਰੂ ਜੀ ਪਾਸ ਫਰਿਆਦ ਲੈ ਕੇ ਆਏ। ਗੁਰੂ ਜੀ ਨੇ ਵਿਚਾਰ ਕੇ ਨਿਰਣਾ ਸੁਣਾਇਆ ਕਿ ਇਸ ਜਬਰ ਤੇ ਜ਼ੁਲਮ ਦਾ ਮੁਕਾਬਲਾ ਕਰਨ ਲਈ ਕਿਸੇ ਮਹਾਪੁਰਖ ਨੂੰ ਆਪਣੀ ਕੁਰਬਾਨੀ ਦੇਣੀ ਪਵੇਗੀ। ਗੁਰੂ ਸਾਹਿਬ ਕੋਲ ਹੀ ਉਨ੍ਹਾਂ ਦੇ ਨੌਂ ਸਾਲਾ ਸਪੁੱਤਰ ਗੋਬਿੰਦ ਜੀ ਖੜ੍ਹੇ ਸਨ। ਇਸ ਬਾਲਕ ਨੇ ਸੁੱਤੇ ਸਿੱਧੇ ਹੀ ਬਚਨ ਕੀਤੇ, ਗੁਰੂ ਪਿਤਾ ਜੀ ਤੁਹਾਡੇ ਤੋਂ ਵੱਡਾ ਮਹਾਪੁਰਖ ਕਿਹੜਾ ਹੋ ਸਕਦਾ ਹੈ। ਇਹ ਸੁਣਦਿਅ ਹੀ ਗੁਰੂ ਜੀ ਦੇ ਚਿਹਰੇ ਉੱਤੇ ਖੇੜਾ ਛਾ ਗਿਆ। ਉਨ੍ਹਾਂ ਨੂੰ ਯਕੀਨ ਹੋ ਗਿਆ ਕਿ ਸਾਡੇ ਪਿੱਛੋਂ ਸਤਿਗੁਰੂ ਨਾਨਕ ਸਾਹਿਬ ਵੱਲੋਂ ਚਲਾਈ ਜਾ ਰਹੀ ਜਬਰ ਵਿਰੁੱਧ ਇਸ ਮੁਹਿੰਮ ਨੂੰ ਯੋਗ ਆਗੂ ਮਿਲ ਗਿਆ ਹੈ ਤੇ ਉਨ੍ਹਾਂ ਆਪਣੀ ਕੁਰਬਾਨੀ ਦੇਣ ਲਈ ਦਿੱਲੀ ਵੱਲ ਚਾਲੇ ਪਾਏ। ਗੁਰੂ ਜੀ ਧਰਮ ਪ੍ਰਚਾਰ ਕਰਦੇ ਹੋਏ ਆਗਰੇ ਰਾਹੀਂ ਜਦੋਂ ਦਿੱਲੀ ਪੁੱਜੇ ਤਾਂ ਉਨ੍ਹਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ। ਬਾਦਸ਼ਾਹ ਨੇ ਗੁਰੂ ਜੀ ਨਾਲ ਗਏ ਤਿੰਨਾਂ ਹੀ ਸਿੱਖਾਂ ਭਾਈ ਦਿਆਲਾ ਜੀ, ਭਾਈ ਮਤੀਦਾਸ ਜੀ ਤੇ ਭਾਈ ਸਤੀਦਾਸ ਨੂੰ ਸ਼ਹੀਦ ਕਰ ਦਿੱਤਾ। ਭਾਈ ਦਿਆਲਾ ਜੀ ਨੂੰ ਉਬਲਦੀ ਦੇਗ਼ ਵਿੱਚ ਬਿਠਾਇਆ ਗਿਆ, ਭਾਈ ਮਤੀਦਾਸ ਨੂੰ ਆਰੇ ਨਾਲ ਚਿਰਾਇਆ ਗਿਆ ਤੇ ਭਾਈ ਸਦੀਦਾਸ ਦੇ ਸਰੀਰ ਨਾਲ ਰੂ ਬੰਨ੍ਹ ਜ਼ਿੰਦਾ ਜਲਾਇਆ ਗਿਆ। ਗੁਰੂ ਦੇ ਸਿੱਖਾਂ ਨੇ ਬਾਣੀ ਦਾ ਪਾਠ ਕਰਦਿਆਂ ਬਿਨਾਂ ਉੱਫ ਕੀਤਿਆਂ ਸ਼ਹੀਦੀ ਪ੍ਰਾਪਤ ਕੀਤੀ। ਬਾਦਸ਼ਾਹ ਨੇ ਗੁਰੂ ਜੀ ਅੱਗੇ ਤਿੰਨ ਸ਼ਰਤਾਂ ਰੱਖੀਆਂ। ਤੁਸੀਂ ਰੱਬੀ ਨੂਰ ਹੋ ਕਰਾਮਾਤ ਵਿਖਾਵੋ ਜਾਂ ਇਸਲਾਮ ਕਬੂਲ ਕਰ ਲਵੋ ਜਾਂ ਫਿਰ ਸ਼ਹੀਦ ਲਈ ਤਿਆਰ ਹੋ ਜਾਵੋ। ਗੁਰੂ ਜੀ ਦਾ ਉੱਤਰ ਸੀ, "ਕਰਾਮਾਤ ਰੱਬ ਦੇ ਕੰਮ ਵਿੱਚ ਦਖ਼ਲਅੰਦਾਜ਼ੀ ਹੈ ਜਿਹੜੀ ਮੈਂ ਕਰ ਨਹੀਂ ਸਕਦਾ, ਮਨੁੱਖ ਨੂੰ ਆਪਣੇ ਧਰਮ ਦੀ ਆਜ਼ਾਦੀ ਹੋਣੀ ਚਾਹੀਦੀ ਹੈ। ਇਹੋ ਸਮਝਾਉਣ ਤਾਂ ਮੈਂ ਇੱਥੇ ਆਇਆ ਹਾਂ ਜਿੱਥੋਂ ਤੀਕ ਸਰੀਰਕ ਮੌਤ ਦਾ ਸਬੰਧ ਹੈ ਇਸ ਨਾਲ ਤਾਂ ਮੈਨੂੰ ਆਨੰਦ ਪ੍ਰਾਪਤ ਹੋਇਆ। ਮੇਰੇ ਸਿੱਖਾਂ ਨੂੰ ਕੁਰਬਾਨ ਹੁੰਦਿਆਂ ਵੇਖ ਹੀ ਲਿਆ ਹੈ। ਗੁਰੂ ਜੀ ਨੂੰ ਦਿੱਲੀ ਦੇ ਚਾਂਦਨੀ ਚੌਕ ਵਿਖੇ ਭਾਰੀ ਇਕੱਠ ਦੇ ਸਾਹਮਣੇ ਕਤਲ ਕਰ ਦਿੱਤਾ ਗਿਆ। ਮਨੁੱਖੀ ਹੱਕਾਂ ਦੀ ਰਾਖੀ ਲਈ ਦਿੱਤੀ ਗਈ ਸੰਸਾਰ ਵਿੱਚ ਇਹ ਆਪਣੀ ਕਿਸਮ ਦੀ ਪਹਿਲੀ ਕੁਰਬਾਨੀ ਸੀ।

ਇਸ ਕੁਰਬਾਨੀ ਨੇ ਬਲਦੀ ਅੱਗ 'ਤੇ ਘਿਓ ਦਾ ਕੰਮ ਕੀਤਾ। ਸਾਰੇ ਦੇਸ਼ ਵਿੱਚ ਗੁੱਸੇ ਦੀ ਲਹਿਰ ਦੌੜ ਗਈ। ਦਸਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਲਹਿਰ ਨੂੰ ਦਿਸ਼ਾ-ਨਿਰਦੇਸ਼ ਦੇਣ ਲਈ ਅਤੇ ਭਵਿੱਖ ਦੀ ਨੀਤੀ ਤਿਆਰ ਕਰਨ ਲਈ ਪਹਾੜੀ ਦੀ ਗੋਦ ਵਿੱਚ ਜਮਨਾ ਦਰਿਆ ਕੰਢੇ ਕੁਝ ਸਮੇਂ ਲਈ ਡੇਰਾ ਲਗਾਇਆ। ਗੁਰੂ ਜੀ ਦੇ ਇਸ ਰਮਣੀਕ ਜੰਗਲ ਵਿੱਚ ਪੈਰ ਪਾਉਣ ਨਾਲ ਇਸ ਥਾਂ ਦਾ ਨਾਂ ਪਾਉਂਦਾ ਪੈ ਗਿਆ। ਭਾਵ ਗੁਰੂ ਜੀ ਦੀ ਚਰਨਛੂਹ ਪ੍ਰਾਪਤ ਧਰਤੀ ਨੂੰ ਹੁਣ ਪਾਉਂਟਾ ਸਾਹਿਬ ਆਖਿਆ ਜਾਂਦਾ ਹੈ। ਇਸ ਥਾਂ ਉੱਤੇ ਗੁਰੂ ਜੀ ਨੇ ਆਪ ਵੀ ਬਾਣੀ ਦੀ ਰਚਨਾ ਕੀਤੀ ਤੇ ਚੋਟੀ ਦੇ 52 ਕਵੀਆਂ ਤੋਂ ਰਚਨਾ ਕਰਵਾਈ। ਇਸ ਦੇ ਨਾਲ ਹੀ ਆਪਣੇ ਸਿੱਖਾਂ ਨੂੰ ਸ਼ਸਤਰ ਵਿਦਿਆ ਦਾ ਅਭਿਆਸ ਵੀ ਕਰਵਾਇਆ। ਗੁਰੂ ਜੀ ਦੀ ਵਧ ਰਹੀ ਧਾਰਮਿਕ, ਰਾਜਨੀਤਕ ਤੇ ਫੌਜੀ ਸ਼ਕਤੀ ਤੋਂ ਘਬਰਾ ਕੇ ਪਹਾੜੀ ਰਾਜਿਆਂ ਨੇ ਗੁਰੂ ਜੀ ਉੱਤੇ ਹਮਲਾ ਬੋਲ ਦਿੱਤਾ। ਸੰਨ 1699 ਨੂੰ ਪਾਉਂਟਾ ਸਾਹਿਬ ਦੇ ਨੇੜੇ ਭਿਗਾਣੀ ਦੇ ਮੈਦਾਨ ਵਿਖੇ ਘਮਸਾਨ ਯੁੱਧ ਹੋਇਆ। ਸਾਰੇ ਪਹਾੜੀ ਰਾਜਿਆਂ ਦੀ ਫੌਜ ਇੱਕ ਪਾਸੇ ਅਤੇ ਦੂਜੇ ਪਾਸੇ ਕਿਰਤੀਆਂ ਨੇ ਆਪਣੇ ਹੱਥਾਂ ਵਿੱਚ ਤਲਵਾਰ ਫੜ ਸ਼ਾਹੀ ਫੌਜ ਦਾ ਡਟ ਕੇ ਮੁਕਾਬਲਾ ਕੀਤਾ ਤੇ ਜਿੱਤ ਪ੍ਰਾਪਤ ਕੀਤੀ। ਦਸਮੇਸ਼ ਪਿਤਾ ਨੇ ਹਲੀਮੀ ਦਾ ਸਬੂਤ ਦਿੰਦਿਆਂ ਹੋਇਆਂ ਇਸ ਨੂੰ ਵਾਹਿਗੁਰੂ ਦੀ ਫਤਹਿ ਭਾਵ ਸੱਚ ਦੀ ਜਿੱਤ ਆਖਿਆ। ਆਖਿਆ ਜਾਂਦਾ ਹੈ ਕਿ ਉਦੋਂ ਤੋਂ ਹੀ ਖਾਲਸੇ ਦੀ ਫਤਹਿ "ਵਾਹਿਗੁਰੂ ਜੀ ਦਾ ਖਾਲਸਾ, ਵਾਹਿਗੁਰੂ ਜੀ ਦੀ ਫਤਹਿ" ਹੋਂਦ ਵਿੱਚ ਆਈ। ਉਸੇ ਦਿਨ ਵੱਡੇ ਸਾਹਿਬਜ਼ਾਦੇ ਦਾ ਜਨਮ ਹੋਇਆ ਤੇ ਉਸ ਦਾ ਨਾਂ ਅਜੀਤ ਰੱਖਿਆ ਗਿਆ। ਪਾਉਂਟਾ ਸਾਹਿਬ ਤੋਂ ਆਨੰਦਪੁਰ ਆ ਕੇ ਗੁਰੂ ਜੀ ਨੇ ਮੌਕੇ ਦੀ ਜ਼ਾਲਮ ਹਕੂਮਤ ਵਿਰੁੱਧ ਬਗ਼ਾਵਤ ਦਾ ਝੰਡਾ ਬੁਲੰਦ ਕੀਤਾ। ਉਨ੍ਹਾਂ ਪੰਜ ਕਿਲਿਆਂ ਦੀ ਉਸਾਰੀ ਕਰਵਾਈ। ਨਗਾਰਾ ਵਜਾਉਣਾ ਸ਼ੁਰੂ ਕੀਤਾ ਤੇ ਕੇਸਰੀ ਨਿਸ਼ਾਨ ਸਾਹਿਬ ਝੁਲਾਇਆ। ਉਨ੍ਹਾਂ ਆਪਣੀ ਪਗੜੀ ਵਿੱਚ ਕਲਗੀ ਲਗਾਉਣੀ ਤੇ ਹੱਥ ਉੱਤੇ ਬਾਜ ਰੱਖਣਾ ਸ਼ੁਰੂ ਕੀਤਾ। ਸਰਕਾਰੀ ਹੁਕਮਾਂ ਅਨੁਸਾਰ ਕਿਸੇ ਵੀ ਹਿੰਦੂ ਨੂੰ ਅਜਿਹਾ ਕਰਨ ਦੀ ਆਗਿਆ ਨਹੀਂ ਸੀ। ਗੁਰੂ ਜੀ ਨੂੰ ਜਦੋਂ ਯਕੀਨ ਹੋ ਗਿਆ ਕਿ ਉਨ੍ਹਾਂ ਦੇ ਸਿੱਖ ਭੈਅਭੀਤ ਹੋ ਕੇ ਜ਼ੁਲਮ ਵਿਰੁੱਧ ਲੜ ਸਕਦੇ ਹਨ ਤਾਂ ਗੁਰੂ ਜੀ ਨੇ 1699 ਨੂੰ ਖਾਲਸੇ ਦੀ ਸਿਰਜਣਾ ਕੀਤੀ। ਉਨ੍ਹਾਂ ਤਲਵਾਰ ਦੇ ਇੱਕੋ ਝਟਕੇ ਨਾਲ ਸਦੀਆਂ ਤੋਂ ਪਏ ਜਾਤ-ਪਾਤ ਦੇ ਵਖਰੇਵੇਂ ਦੂਰ ਕਰਕੇ ਆਪਣੇ ਸਿੱਖਾਂ ਨੂੰ ਖੰਡੇ ਬਾਟੇ ਦੀ ਪਹੁਲ ਪਿਲਾ ਕੇ ਸਿੰਘ ਬਣਾ ਦਿੱਤਾ ਤੇ ਬੀਬੀਆਂ ਨੂੰ ਕੌਰ ਬਣਾ ਦਿੱਤਾ। ਸਾਰਿਆਂ ਨੂੰ ਇੱਕੋ ਨਾਮ ਤੇ ਇੱਕੋ ਬਾਣੇ ਦੀ ਬਖਸ਼ਿਸ਼ ਗੁਰੂ ਜੀ ਨੇ ਸਾਂਝੀਵਾਲਤਾ, ਬਰਾਬਰੀ ਤੇ ਭੈਅਰਹਿਤ ਕਰ ਦਿੱਤਾ। ਗੁਰੂ ਜੀ ਨੇ ਉਸ ਖਾਲਸੇ ਦੀ ਸਿਰਜਣਾ ਕੀਤੀ

ਜਿਹੜਾ ਸੰਤ ਤੇ ਸਿਪਾਹੀ ਦਾ ਸੁਮੇਲ ਬਣ ਗਿਆ। ਉਸ ਦਾ ਜੀਵਨ ਸੰਤ ਵਾਂਗ ਸੱਚਾ ਸੁੱਚਾ, ਵੈਰ ਵਿਰੋਧ ਅਤੇ ਹਉਮੈ ਤੋਂ ਨਿਰਲੇਪ ਪਰ ਸੱਚ, ਹੱਕ ਅਤੇ ਮਜ਼ਲੂਮਾਂ ਦੀ ਰਾਖੀ ਲਈ ਕਿਰਪਾਨ ਚਲਾਉਣ ਲਈ ਤੱਤਪਰ ਸਿਪਾਹੀ ਦਾ ਰੂਪ ਸੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸੇ ਦੀ ਸਿਰਜਣਾ ਕਰਕੇ ਆਪਣੇ ਆਪ ਨੂੰ ਵੀ ਉਸੇ ਪੰਕਤੀ ਵਿਚ ਖੜ੍ਹਾ ਕਰ ਦਿੱਤਾ। ਪੰਜਾਂ ਪਿਆਰਿਆਂ ਤੋਂ ਆਪ ਅੰਮ੍ਰਿਤ ਛੱਕ ਕੇ ਗੁਰੂ ਚੇਲੇ ਵਿਚਲੇ ਫ਼ਰਕ ਨੂੰ ਮੇਟ ਬਰਾਬਰੀ ਦੇ ਅਸੂਲ ਨੂੰ ਪ੍ਰਪੱਕ ਕੀਤਾ। ਅਜਿਹੀ ਮਿਸਾਲ ਸੰਸਾਰ ਵਿਚ ਹੋਰ ਕਿਧਰੇ ਨਹੀਂ ਮਿਲਦੀ। ਇਸ ਇਨਕਲਾਬੀ ਤਬਦੀਲੀ ਨੂੰ ਕੋਈ ਵੀ ਸ਼ਾਸਕ ਬਰਦਾਸ਼ਤ ਨਹੀਂ ਸੀ ਕਰ ਸਕਦਾ। ਇਸ ਤੋਂ ਪਹਿਲਾਂ ਕਿ ਇਹ ਚੰਗਿਆੜੀ ਭਾਂਬੜ ਦਾ ਰੂਪ ਧਾਰ ਲਵੇ, ਮੌਕੇ ਦੇ ਸ਼ਾਸਕਾਂ ਨੇ ਭਾਰੀ ਫੌਜਾਂ ਨਾਲ ਦਸ਼ਮੇਸ਼ ਦੇ ਗੜ੍ਹ ਆਨੰਦਪੁਰ ਸਾਹਿਬ ਨੂੰ ਘੇਰਾ ਪਾ ਲਿਆ। ਕਈ ਮਹੀਨੇ ਘਮਸਾਨ ਹੁੰਦਾ ਰਿਹਾ। ਜਦੋਂ ਖਾਲਸੇ ਦੀ ਫ਼ੌਜ ਬਹੁਤ ਘਟ ਰਹਿ ਗਈ ਅਤੇ ਰਾਸ਼ਨ ਪਾਣੀ ਖ਼ਤਮ ਹੋ ਗਿਆ ਤਾਂ ਗੁਰੂ ਜੀ ਨੇ ਮੌਕੇ ਦੀ ਨਜ਼ਾਕਤ ਨੂੰ ਵੇਖਦਿਆਂ ਹੋਇਆਂ ਤੇ ਸਿੰਘਾਂ ਦੀ ਸਲਾਹ ਉੱਤੇ ਸ਼ਾਹੀ ਫੌਜਾਂ ਨਾਲ ਸਮਝੌਤਾ ਕੀਤਾ ਤੇ ਆਨੰਦਪੁਰ ਨੂੰ ਛੱਡਣ ਦਾ ਫੈਸਲਾ ਕਰ ਲਿਆ। ਗੁਰੂ ਜੀ ਆਪਣੇ ਪਰਿਵਾਰ ਅਤੇ ਸਿੰਘਾਂ ਨਾਲ ਮਸਾਂ ਸਰਸਾ ਨਦੀ ਤਕ ਹੀ ਪੁੱਜੇ ਸਨ ਕਿ ਦੁਸ਼ਮਣ ਨੇ ਆਪਣਾ ਵਾਅਦਾ ਤੋੜ ਕੇ ਪਿੱਛੋਂ ਹਮਲਾ ਕਰ ਦਿੱਤਾ। ਕੜਾਕੇ ਦੀ ਠੰਢ ਵਾਲਾ ਮਹੀਨਾ ਪੋਹ ਸ਼ੁਰੂ ਹੋ ਚੁੱਕਾ ਸੀ। ਸਿੰਘਾਂ ਨੇ ਸ਼ਾਹੀ ਫੌਜਾਂ ਨੂੰ ਉਤਨੀ ਦੇਰ ਰੋਕੀ ਰੱਖਿਆ ਜਦੋਂ ਤਕ ਗੁਰੂ ਜੀ ਨਦੀ ਪਾਰ ਨਾ ਕਰ ਗਏ। ਨਦੀ ਵਿਚ ਹੜ੍ਹ ਆਇਆ ਹੋਇਆ ਸੀ। ਕੀਮਤੀ ਸਾਹਿਤ ਤੇ ਸਾਮਾਨ ਨਦੀ ਵਿਚ ਰੁੜ੍ਹ ਗਿਆ। ਪਰਿਵਾਰ ਵਿਖਰ ਗਿਆ। ਗੁਰੂ ਕੇ ਮਹਿਲ ਭਾਈ ਮਨੀ ਸਿੰਘ ਨਾਲ ਦਿੱਲੀ ਵੱਲ ਰਵਾਨਾ ਹੋ ਗਏ। ਛੋਟੇ ਸਾਹਿਬਜ਼ਾਦੇ ਆਪਣੀ ਦਾਦੀ ਨਾਲ ਗੰਗੂ ਰਸੋਈਏ ਦੇ ਨਾਲ ਉਸ ਦੇ ਪਿੰਡ ਚਲੇ ਗਏ। ਗੁਰੂ ਸਾਹਿਬ ਵੱਡੇ ਸਾਹਿਬਜ਼ਾਦਿਆਂ ਤੇ ਚਾਲੀ ਸਿੰਘਾਂ ਨਾਲ ਚਮਕੌਰ ਪੁੱਜੇ। ਇੱਥੇ ਇਕ ਵੱਡੀ ਹਵੇਲੀ, ਜਿਸ ਨੂੰ ਗੜ੍ਹੀ ਆਖਿਆ ਜਾਂਦਾ ਹੈ, ਵਿਚ ਪੜਾ ਕੀਤਾ। ਸ਼ਾਹੀ ਫ਼ੌਜਾਂ ਪਿੱਛਾ ਕਰਦੀਆਂ ਹੋਈਆਂ ਇੱਥੇ ਵੀ ਪੁੱਜ ਗਈਆਂ ਤੇ ਹਵੇਲੀ ਨੂੰ ਘੇਰਾ ਪਾ ਲਿਆ। ਸ਼ਾਹੀ ਫੌਜਾਂ ਦਾ ਮੁਕਾਬਲਾ ਕਰਨ ਲਈ ਪੰਜ ਪੰਜ ਸਿੰਘਾਂ ਦੇ ਜਥੇ ਬਣਾਏ ਗਏ। ਸਿੰਘਾਂ ਦਾ ਜਥਾ ਜੈਕਾਰੇ ਬੁਲਾਉਂਦਾ ਬਿਜਲੀ ਵਾਂਗ ਵੈਰੀ ਉੱਤੇ ਟੁੱਟ ਪੈਂਦਾ ਅਤੇ ਅਨੇਕਾਂ ਵੈਰੀਆਂ ਦੇ ਆਹੂ ਲਾਹੁੰਦਾ ਹੋਇਆ ਸ਼ਹੀਦੀ ਜਾਮ ਪੀ ਲੈਂਦਾ। ਗੁਰੂ ਜੀ ਨੇ ਬਾਕੀ ਸਿੰਘਾਂ ਦੇ ਵਿਰੋਧ ਦੇ ਬਾਵਜੂਦ ਆਪਣੇ ਵੱਡੇ ਪੁੱਤਰ ਦੇ ਜਥੇ ਨੂੰ ਆਪਣੇ ਹੱਥੀਂ ਅਸ਼ੀਰਵਾਦ ਦੇ ਕੇ ਜੰਗ ਲਈ ਤੋਰਿਆ। ਸਾਹਿਬਜ਼ਾਦਾ ਅਜੀਤ ਸਿੰਘ ਉਦੋਂ ਕੇਵਲ 17 ਵਰ੍ਹਿਆਂ ਦੇ ਸਨ। ਆਪਣੇ ਪੁੱਤਰ ਦੀ ਬਹਾਦਰੀ ਨੂੰ ਆਪ ਗੜ੍ਹੀ ਦੀ ਕੰਧ 'ਤੇ ਖੜ੍ਹੇ ਹੋ ਕੇ ਵੇਖ ਰਹੇ ਸਨ। ਜਦੋਂ ਸਾਹਿਬਜ਼ਾਦੇ ਨੇ ਸ਼ਹੀਦੀ ਦਾ ਜਾਮ ਪੀਤਾ ਤਾਂ ਆਪਣੇ ਰੋਸ ਪ੍ਰਗਟ ਕਰਨ ਦੀ ਥਾਂ ਰੱਬ ਦਾ ਸ਼ੁਕਰ ਕੀਤਾ ਤੇ ਛੋਟੇ ਸਾਹਿਬਜ਼ਾਦੇ ਨੂੰ ਯੁੱਧ ਵਿਚ ਭੇਜ ਦਿੱਤਾ। ਛੋਟੇ ਸਾਹਿਬਜ਼ਾਦੇ ਨੇ ਵੀ ਲੜਾਈ ਵਿਚ ਸ਼ਹੀਦੀ ਪ੍ਰਾਪਤ ਕੀਤੀ।

ਸਾਹਿਬਜ਼ਾਦੇ ਦੀ ਉਮਰ ਮਸਾਂ 15 ਸਾਲ ਸੀ। ਜਿਸ ਫੁਰਤੀ ਅਤੇ ਸਿਆਣਪ ਨਾਲ ਜੁਝਾਰ ਨੇ ਯੁੱਧ ਕੀਤਾ, ਉਸ ਨੇ ਵੈਰੀਆਂ ਨੂੰ ਵੀ ਦੰਗ ਕਰ ਦਿੱਤਾ। ਸ਼ਾਮ ਤਕ ਛੋਟੇ ਸਾਹਿਬਜ਼ਾਦੇ ਨੇ ਵੀ ਸ਼ਹੀਦੀ ਦਾ ਜਾਮ ਪੀ ਲਿਆ। ਇਕ ਪਿਤਾ ਨੇ ਲੋਕ ਹੱਕਾਂ ਦੀ ਰਾਖੀ ਲਈ ਆਪਣੇ ਪੁੱਤਰਾਂ ਦੀ ਹੱਸ ਕੇ ਕੁਰਬਾਨੀ ਦਿੱਤੀ ਹੋਵੇ, ਇਤਿਹਾਸ ਵਿਚ ਹੋਰ ਕੋਈ ਮਿਸਾਲ ਨਹੀਂ ਮਿਲਦੀ। ਇਸੇ ਨੂੰ ਮੁੱਖ ਰੱਖ ਕੇ ਕਵੀ ਅਲ੍ਹਾਯਾਰ ਲਿਖਦਾ ਹੈ:

ਬਸ ਏਕ ਹਿੰਦ ਮੇਂ ਤੀਰਥ ਹੈ ਯਾਤਰਾ ਕੇ ਲੀਏ<br>
ਕਟਾਏ ਬਾਪ ਨੇ ਬੱਚੇ ਜਹਾਂ ਖ਼ੁਦਾ ਕੇ ਲੀਏ।

ਗੁਰੂ ਜੀ ਦੇ ਛੋਟੇ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ ਅਤੇ ਬਾਬਾ ਫਤਹਿ ਸਿੰਘ ਆਪਣੀ ਦਾਦੀ ਮਾਂ ਗੁਜਰੀ ਜੀ ਨਾਲ ਗੁਰੂ ਘਰ ਦੇ ਰਸੋਈਏ ਗੰਗੂ ਬ੍ਰਾਹਮਣ ਨਾਲ ਮੋਰਿੰਡੇ ਲਾਗੇ ਉਸ ਦੇ ਪਿੰਡ ਆ ਗਏ। ਕੁਝ ਸ਼ਾਹੀ ਫ਼ੌਜ ਦਾ ਡਰ ਅਤੇ ਕੁਝ ਇਨਾਮ ਮਿਲਣ ਦਾ ਲਾਲਚ ਉਸ ਦੀ ਨੀਅਤ ਵਿਗੜ ਗਈ। ਸ਼ਾਹੀ ਫੌਜ ਨੂੰ ਖ਼ਬਰ ਕਰਕੇ ਸਾਹਿਬਜ਼ਾਦਿਆ ਅਤੇ ਮਾਤਾ ਜੀ ਨੂੰ ਬੰਦੀ ਬਣਾ ਦਿੱਤਾ। ਵਿਸ਼ਵਾਸਘਾਤ ਦੀ ਇਸ ਤੋਂ ਕੋਝੀ ਮਿਸਾਲ ਹੋਰ ਕਿਧਰੇ ਨਹੀਂ ਮਿਲਦੀ। ਸਰਹੰਦ ਦੇ ਸੂਬੇ ਨੇ ਬੱਚਿਆਂ ਅਤੇ ਮਾਤਾ ਜੀ ਨੂੰ ਪੋਹ ਦੀ ਕੜਕਦੀ ਠੰਢ ਵਿਚ ਠੰਢੇ ਬੁਰਜ ਅੰਦਰ ਕੈਦ ਕਰ ਦਿੱਤਾ। ਸਾਹਿਬਜ਼ਾਦਿਆਂ ਦੀ ਉਮਰ ਉਦੋਂ ਮਸਾਂ ਪੰਜ ਤੇ ਸੱਤ ਸਾਲ ਸੀ। ਉਨ੍ਹਾਂ ਨੂੰ ਸੂਬੇ ਦੇ ਸਾਹਮਣੇ ਪੇਸ਼ ਕੀਤਾ ਗਿਆ। ਸੂਬੇ ਵੱਲੋਂ ਉਨ੍ਹਾਂ ਨੂੰ ਬਹੁਤ ਲਾਲਚ ਦਿੱਤੇ ਗਏ ਅਤੇ ਇਸਲਾਮ ਕਬੂਲਣ ਲਈ ਆਖਿਆ। ਬੱਚਿਆਂ ਨੇ ਬੜੀ ਦਲੇਰੀ ਨਾਲ ਉਤਰ ਦਿੱਤਾ ਕਿ ਅਸੀਂ ਤੁਹਾਡੀ ਗੱਲ ਮੰਨ ਕੇ ਆਤਮਿਕ ਮੌਤ ਨਹੀਂ ਮਰਨਾ ਚਾਹੁੰਦੇ ਤੇ ਆਪਣੇ ਪੁਰਖਿਆਂ ਵੱਲੋਂ ਸਿਰਜੇ ਕੁਰਬਾਨੀਆਂ ਦੇ ਇਤਿਹਾਸ ਨੂੰ ਦਾਗ਼ਦਾਰ ਨਹੀਂ ਕਰ ਸਕਦੇ। ਸਰੀਰਕ ਮੌਤ ਤਾਂ ਇਕ ਦਿਨ ਆਉਣੀ ਹੀ ਹੈ, ਉਸ ਲਈ ਅਸੀਂ ਤਿਆਰ ਹਾਂ। ਉਸ ਸਮੇਂ ਉਥੇ ਮਾਲੇਰਕੋਟਲਾ ਦਾ ਨਵਾਬ ਹੀ ਹਾਜ਼ਰ ਸੀ। ਉਸ ਦੀਆਂ ਫੌਜਾਂ ਵੀ ਗੁਰੂ ਜੀ ਵਿਰੁੱਧ ਲੜ ਰਹੀਆਂ ਸਨ, ਚਮਕੌਰ ਵਿਖੇ ਉਸ ਦਾ ਛੋਟਾ ਭਰਾ ਵੀ ਗੁਰੂ ਜੀ ਹੱਥੋਂ ਮਾਰਿਆ ਗਿਆ ਸੀ। ਸੂਬਾ ਸਰਹੰਦ ਨੇ ਨਵਾਬ ਨੂੰ ਆਖਿਆ, "ਹੁਣ ਮੌਕਾ ਹੈ ਇਨ੍ਹਾਂ ਬੱਚਿਆਂ ਨੂੰ ਮਾਰ ਕੇ ਗੁਰੂ ਜੀ ਤੋਂ ਬਦਲਾ ਲੈ ਲਵੋ।" ਨਵਾਬ ਦਾ ਉਤਰ ਸੀ, "ਇਸਲਾਮ ਵਿਚ ਮਸੂਮਾਂ ਦਾ ਖ਼ੂਨ ਗੁਨਾਹ ਹੈ, ਮੈਂ ਇਹ ਗੁਨਾਹ ਨਹੀਂ ਕਰ ਸਕਦਾ।" ਉਹ ਉਥੋਂ ਚਲੇ ਗਏ। ਗੁਰੂ ਦੇ ਸਿੰਘ ਹੁਣ ਤਕ ਇਨ੍ਹਾਂ ਸੱਚ ਦੇ ਬੋਲਾਂ ਦੀ ਕਦਰ ਕਰ ਰਹੇ ਹਨ। ਮਾਲੇਰਕੋਟਲਾ ਦੇ ਲੋਕਾਂ ਦੀ ਹਰ ਮੁਸੀਬਤ ਦੀ ਘੜੀ ਸਿੰਘਾਂ ਨੇ ਆਪਣੀ ਜਾਨ ਉੱਤੇ ਖੇਲ ਕੇ ਮਦਦ ਕੀਤੀ ਹੈ। ਉਦੋਂ ਹੀ ਦਿਵਾਨ ਸੁੱਚਾ ਨੰਦ ਬੋਲ ਪਿਆ, "ਸੱਪਾਂ ਦੇ ਪੁੱਤਰ ਸਪੋਲੀਏ ਹੁੰਦੇ ਹਨ, ਇਨ੍ਹਾਂ ਉੱਤੇ ਕੋਈ ਰਹਿਮ ਨਾ ਕੀਤਾ ਜਾਵੇ।" ਕੋਲ ਬੈਠੇ ਕਾਜ਼ੀ ਨੇ ਆਖਿਆ, "ਇਸਲਾਮ ਵਿਚ ਮਸੂਮਾਂ ਦਾ ਖ਼ੂਨ ਵਗਾਉਣਾ ਗੁਨਾਹ ਹੈ, ਤੁਸੀਂ ਇਨ੍ਹਾਂ ਨੂੰ ਕੰਧਾਂ ਵਿਚ ਚਿਣਵਾ ਦੇਵੋ ਖ਼ੂਨ ਨਹੀਂ ਵਗੇਗਾ।" ਇਨ੍ਹਾਂ ਮਾਸੂਮ ਜਿੰਦਾਂ ਨੂੰ ਜ਼ਿੰਦਾ ਨੀਂਹਾਂ ਵਿਚ ਚੁਣਵਾ ਦਿੱਤਾ ਗਿਆ। ਇਸ ਤੋਂ ਵੱਡਾ ਜ਼ੁਲਮ ਤੇ ਇਤਨੀ ਮਹਾਨ ਕੁਰਬਾਨੀ ਅੱਜ ਤਕ ਇਤਿਹਾਸ ਵਿਚ ਕਦੇ ਨਹੀਂ ਹੋਈ। ਮਾਤਾ ਗੁਜਰੀ ਪੋਤਰਿਆਂ ਦੀ ਉਡੀਕ ਬੁਰਜ ਉੱਤੇ ਖੜ੍ਹੇ ਕਰ ਰਹੇ ਸਨ। ਇਹ ਆਖਿਆ ਜਾਂਦਾ ਹੈ ਕਿ ਜ਼ਾਲਮ ਨੇ ਉਨ੍ਹਾਂ ਨੂੰ ਧੱਕਾ ਮਾਰ ਕੇ ਬੁਰਜ ਤੋਂ ਹੇਠਾਂ ਸੁੱਟ ਦਿੱਤਾ। ਇਸੇ ਸੱਟ ਨਾਲ ਉਨ੍ਹਾਂ ਆਪਣੇ ਪ੍ਰਾਣ ਤਿਆਗ ਦਿੱਤੇ। ਆਪਣੇ ਪਤੀ ਤੇ ਪੋਤਰਿਆਂ ਵਾਂਗ ਉਨ੍ਹਾਂ ਵੀ ਹੱਕ ਤੇ ਸੱਚ ਦੀ ਲੜਾਈ 'ਚ ਸ਼ਹੀਦੀ ਪ੍ਰਾਪਤ ਕੀਤੀ। ਗੁਰੂ ਸਾਹਿਬ ਕੋਲ ਜਦੋਂ ਇਹ ਖ਼ਬਰ ਪੁੱਜੀ ਤਾਂ ਉਨ੍ਹਾਂ ਵਾਹਿਗੁਰੂ ਦਾ ਸ਼ੁਕਰ ਕੀਤਾ ਤੇ ਆਖਿਆ, "ਅੱਜ ਜ਼ੁਲਮ ਦੀ ਜੜ੍ਹ ਪੁੱਟੀ ਗਈ ਹੈ।" ਗੁਰੂ ਜੀ ਰਾਏਕੋਟ ਤੋਂ ਖਿਦਰਾਣੇ ਪੁੱਜੇ ਤੇ ਇੱਥੇ ਢਾਬ ਕੰਢੇ ਡੇਰਾ ਲਗਾਇਆ। ਸ਼ਾਹੀ ਫੌਜ ਗੁਰੂ ਸਾਹਿਬ ਦਾ ਪਿੱਛਾ ਕਰਦੀ ਆ ਰਹੀ ਸੀ। ਦੂਜੇ ਪਾਸੇ ਸਾਹਿਬਜ਼ਾਦਿਆਂ ਦੀ ਕੁਰਬਾਨੀ ਨੇ ਲੋਕਾਂ ਵਿਚ ਸਹਿਮ ਭਰਨ ਦੀ ਥਾਂ ਉਨ੍ਹਾਂ ਦੇ ਗੁੱਸੇ ਨੂੰ ਭੜਕਾ ਦਿੱਤਾ। ਉਨ੍ਹਾਂ ਦੇ ਹੱਥ ਜਿਹੜਾ ਵੀ ਹਥਿਆਰ ਆਇਆ, ਉਨ੍ਹਾਂ ਨਾਲ ਹੀ ਸ਼ਾਹੀ ਫੌਜਾਂ 'ਤੇ ਹਮਲਾ ਕਰ ਦਿੱਤਾ। ਘਮਸਾਨ ਦਾ ਯੁੱਧ ਹੋਇਆ। ਚਾਲੀ ਸਿੰਘ ਜਿਹੜੇ ਆਨੰਦਪੁਰ ਤੋਂ ਗੁਰੂ ਜੀ ਨੂੰ ਛੱਡ ਕੇ ਆ ਗਏ ਸਨ। ਉਨ੍ਹਾਂ ਵੀ ਵਾਪਸ ਆ ਕੇ ਇਸੇ ਲੜਾਈ ਵਿਚ ਸ਼ਹੀਦੀਆਂ ਪ੍ਰਾਪਤ ਕੀਤੀਆਂ ਤੇ ਚਾਲੀ ਮੁੱਕਤੇ ਹੋਣ ਦਾ ਸਨਮਾਨ ਗੁਰੂ ਸਾਹਿਬ ਤੋਂ ਪ੍ਰਾਪਤ ਕੀਤਾ। ਇਸ ਲੜਾਈ ਵਿਚ ਸ਼ਾਹੀ ਫੌਜ ਦੀ ਕਰਾਰੀ ਹਾਰ ਹੋਈ ਤੇ ਲੋਕਾਂ ਤੇ ਸੱਚ ਦੀ ਜਿੱਤ ਹੋਈ। ਇਸ ਪਿੱਛੋਂ ਸ਼ਾਹੀ ਫੌਜਾਂ ਨੇ ਕਦੇ ਵੀ ਗੁਰੂ ਸਾਹਿਬ ਵੱਲ ਅੱਖ ਚੁੱਕ ਕੇ ਵੇਖਣ ਦਾ ਹੌਸਲਾ ਨਹੀਂ ਕੀਤਾ। ਗੁਰੂ ਸਾਹਿਬ ਵੱਲੋਂ ਬਾਦਸ਼ਾਹ ਔਰੰਗਜ਼ੇਬ ਨੂੰ ਲਿਖੇ ਖ਼ਤ (ਜ਼ਫ਼ਰਨਾਮਾ) ਨੇ ਔਰੰਗਜ਼ੇਬ ਨੂੰ ਆਪਣੀਆਂ ਗਲਤੀਆਂ ਦਾ ਅਹਿਸਾਸ ਕਰਵਾਇਆ ਤੇ ਉਹ ਗੁਰੂ ਜੀ ਤੋਂ ਆਪਣੀ ਭੁੱਲ ਬਖਸ਼ਾਉਣ ਲਈ ਤੁਰਿਆ ਪਰ ਆਪਣੀ ਜ਼ਮੀਰ ਦੀ ਫਿਟਕਾਰ ਦਾ ਦੁੱਖ ਨਾ ਸਹਾਰਦਾ ਹੋਇਆ ਉਥੇ ਹੀ ਦਮ ਤੋੜ ਗਿਆ। ਪੋਹ ਦਾ ਮਹੀਨਾ ਸੱਚ ਤੇ ਲੋਕ ਹੱਕਾਂ ਦੀ ਰਾਖੀ ਲਈ ਦਿੱਤੀਆਂ ਕੁਰਬਾਨੀਆਂ ਦਾ ਮਹੀਨਾ ਹੈ। ਸਿੱਖ ਧਰਮ ਵਿਚ ਹੀ ਨਹੀਂ ਸਗੋਂ ਸੰਸਾਰ ਦੇ ਕਿਸੇ ਵੀ ਹੋਰ ਧਰਮ ਵਿਚ ਅਜਿਹੀ ਮਿਸਾਲ ਨਹੀਂ ਮਿਲਦੀ ਜਿੱਥੇ ਲੋਕਾਂ ਨੇ ਆਪਣੇ ਹੱਕਾਂ ਅਤੇ ਸੱਚ ਦੀ ਰਾਖੀ ਲਈ ਹਥਿਆਰ ਚੁੱਕੇ ਤੇ ਮੌਕੇ ਦੀ ਮਜ਼ਬੂਤ ਹਕੂਮਤ ਨੂੰ ਕਰਾਰੀ ਹਾਰ ਦਿੱਤੀ। ਅਜਿਹਾ ਵੀ ਪਹਿਲਾਂ ਕਦੇ ਨਹੀਂ ਹੋਇਆ ਕਿ ਲੋਕ ਨਾਇਕ, ਲੋਕਾਂ ਦੇ ਗੁਰੂ ਨੇ ਸਭ ਤੋਂ ਪਹਿਲਾਂ ਆਪਣੇ ਪਰਿਵਾਰ ਦੀ ਕੁਰਬਾਨੀ ਦਿੱਤੀ ਤੇ ਰੱਬ ਦਾ ਸ਼ੁਕਰ ਮਨਾਇਆ। ਚਾਰੇ ਪੁੱਤਰਾਂ ਦੀ ਸ਼ਹੀਦੀ ਪਿੱਛੋਂ ਜਦੋਂ ਮਾਤਾ ਜੀ ਆਪਣੇ ਪੁੱਤਰਾਂ ਬਾਰੇ ਪੁੱਛਿਆ ਸੀ ਤਾਂ ਦਸ਼ਮੇਸ਼ ਪਿਤਾ ਦਾ ਭਰੀ ਸੰਗਤ ਵਿਚ ਉਤਰ ਸੀ:

ਇਨ ਪੁਤਰਨ ਕੇ ਸੀਸ ਪਰ ਵਾਰ ਦੀਏ ਸੁਤਿ ਚਾਰ,<br>
ਚਾਰ ਮੂਏ ਤੋ ਕਿਆ ਹੂਆ ਜੀਵਤ ਕਈ ਹਜਾਰ।।

# ਚਮਕੌਰ ਸਾਹਿਬ ਦਾ ਯੁੱਧ



**ਪ੍ਰਮਿੰਦਰ ਸਿੰਘ ਪ੍ਰਵਾਨਾ**
510-415-9377

ਗੁਰੂ ਤੇਗ ਬਹਾਦਰ ਜੀ ਨੇ ਧਰਮ ਦੀ ਰੱਖਿਆ ਲਈ 11 ਨਵੰਬਰ, 1675 ਨੂੰ ਸ਼ਹੀਦੀ ਪਾਈ। ਉਪਰੰਤ ਗੁਰੂ ਗੋਬਿੰਦ ਸਿੰਘ ਜੀ ਨੇ ਗੁਰਗੱਦੀ ਸੰਭਾਲਦਿਆਂ ਕੌਮ ਵਿਚ ਚੜ੍ਹਦੀ ਕਲਾ ਦਾ ਜਜ਼ਬਾ ਭਰਨ ਲਈ 1699 ਵਿਚ ਖ਼ਾਲਸਾ ਪੰਥ ਸਾਜਿਆ। ਮਨੁੱਖ ਦੀ ਪੂਰਨ ਆਜ਼ਾਦੀ ਤੇ ਪਹਿਰਾ ਦਿੱਤਾ। ਗੁਰੂ ਜੀ ਦੀ ਵਧਦੀ ਫੌਜੀ ਤਾਕਤ ਤੋਂ ਮੁਗਲਾਂ ਦੇ ਨਾਲ ਨਾਲ ਬਾਈਧਾਰ ਦੇ ਪਹਾੜੀ ਰਾਜੇ ਵੀ ਭੈਅਭੀਤ ਸਨ। ਮੁਗਲ ਬਾਦਸ਼ਾਹ ਔਰੰਗਜੇਬ ਦਾ ਸਿੱਖਾਂ ਦਾ ਖੁਰਾ ਖੋਜ ਮਿਟਾਉਣ ਦਾ ਖ਼ੂਨੀ ਇਰਾਦਾ ਸੀ। ਅਨੰਦਪੁਰ ਦੀ 1704 ਦੀ ਜੰਗ ਤੋਂ ਮੁਗਲ ਤੰਗ ਆ ਚੁੱਕੇ ਸਨ। ਅਨੰਦਪੁਰ ਦਾ ਕਿਲਾ ਖਾਲੀ ਕਰਵਾਉਣ ਲਈ ਫੌਜ ਨੂੰ ਸਿਖਲਾਈ ਦਿੱਤੀ ਗਈ। ਗੁਰੂ ਜੀ ਕਿਲੇ ਵਿਚ ਡਟੇ ਰਹੇ। ਲੰਮੀ ਉਡੀਕ ਤੋਂ ਬਾਅਦ ਵੈਰੀ ਮੱਕਾਰੀ ਤੇ ਉਤਰ ਆਏ। ਉਨ੍ਹਾਂ ਨੇ ਆਪਣੇ ਧਰਮਾਂ ਦੀਆਂ ਕਸਮਾਂ ਖਾ ਕੇ ਸ਼ਰਤ ਰੱਖੀ ਕਿ ਜੇਕਰ ਗੁਰੂ ਜੀ ਅਨੰਦਪੁਰ ਛੱਡ ਦੇਣ ਤਾਂ ਉਨ੍ਹਾਂ ਨੂੰ ਸੁਰੱਖਿਅਤ ਜਾਣ ਦਿੱਤਾ ਜਾਵੇਗਾ। ਗੁਰੂ ਜੀ ਨੇ 20 ਦਸੰਬਰ, 1704 ਦੀ ਸਰਦ ਰਾਤ ਨੂੰ 400 ਸਿੰਘਾਂ ਨਾਲ ਅਨੰਦਪੁਰ ਛੱਡ ਦਿੱਤਾ।

ਸਿਆਲ ਦੀ ਕਕਰੀਲੀ ਤੂਫ਼ਾਨੀ 20-21 ਦਸੰਬਰ ਵਿਚਲੀ ਰਾਤ ਗੁਰੂ ਜੀ 25 ਕਿਲੋਮੀਟਰ ਹੀ ਲੰਘੇ ਸਨ ਕਿ ਵੈਰੀ ਦੀਆਂ ਫੌਜਾਂ ਨੇ ਹਮਲਾ ਕਰ ਦਿੱਤਾ। ਸਰਸਾ ਨਦੀ ਤੇ ਘਮਸਾਨ ਦਾ ਯੁੱਧ ਹੋਇਆ, ਸਿੰਘ ਬੜੀ ਬਹਾਦਰੀ ਨਾਲ ਮੁਕਾਬਲਾ ਕਰਦੇ ਰਹੇ। ਕਈ ਸਿੰਘ ਸ਼ਹੀਦੀਆਂ ਪਾਉਂਦੇ ਗਏ। ਸਿੰਘ ਫੌਜ ਦਾ ਰਾਹ ਰੋਕਦੇ ਲੜਕੇ ਰਹੇ। ਬਾਕੀਆਂ ਨੂੰ ਸਰਸਾ ਪਾਰ ਭੇਜਦੇ ਰਹੇ। ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਨਾਲ ਭਾਈ ਉਦੈ ਸਿੰਘ ਅਤੇ ਭਾਈ ਜੀਵਨ ਸਿੰਘ ਇਸ ਯੁੱਧ ਵਿਚ ਡਟੇ ਰਹੇ। ਮੁਗਲ ਗਿਣਤੀ ਵਿਚ ਬਹੁਤ ਸਨ ਤਾਂ ਇਸ ਮੁਕਾਬਲੇ ਵਿਚ ਭਾਈ ਉਦੈ ਸਿੰਘ ਅਤੇ ਭਾਈ ਜੀਵਨ ਸਿੰਘ ਸ਼ਹੀਦੀ ਪਾ ਗਏ। । ਇਸ ਅਸਥਾਨ ਤੇ ਇਨ੍ਹਾਂ ਦੀ ਯਾਦਗਾਰ ਬਣੀ ਹੈ। ਗੁਰੂ ਜੀ ਦਾ ਪਰਿਵਾਰ ਵੀ ਵਿਛੜ ਗਿਆ, ਉਥੇ ਗੁਰਦੁਆਰਾ ਪਰਿਵਾਰ ਵਿਛੋੜਾ ਸੁਸ਼ੋਭਿਤ ਹੈ। ਸਰਸਾ ਤੋਂ ਪਾਰ ਗੁਰੂ ਜੀ ਨਾਲ ਦੋ ਵੱਡੇ ਸਾਹਿਬਜ਼ਾਦੇ ਅਤੇ 40 ਸਿੰਘ ਸਨ ਤੇ ਰੋਪੜ ਵੱਲ ਚੱਲ ਪਏ। ਰੋਪੜ ਦੇ ਕੋਲ ਜਾ ਠਹਿਰ ਬਣਾਈ।

ਚੌਧਰੀ ਬੁੱਧੀਚੰਦ ਜਿੰਮੀਦਾਰ ਨੇ ਕਿਹਾ ਗੁਰੂ ਜੀ ਵੈਰੀ ਦੀਆਂ ਫੌਜਾਂ ਪਿੱਛਾ ਕਰ ਰਹੀਆਂ ਹਨ। ਤੁਸੀਂ ਮੇਰੀ ਕੱਚੀ ਹਵੇਲੀ ਵਿਚ ਚਲੇ ਜਾਓ। ਗੁਰੂ ਜੀ ਇਸ ਉਚੀ ਹਵੇਲ ਕੱਚੀ ਗੜ੍ਹੀ ਨੂੰ ਵੇਖ ਕੇ ਮੁਸਕਰਾਏ ਕਿ ਇੱਥੇ ਖ਼ਾਲਸੇ ਦੇ ਸਾਹਸ ਅਤੇ ਸੂਰਬੀਰਤਾ ਦਾ ਇਤਿਹਾਸ ਲਿਖਿਆ ਜਾਣਾ ਹੈ। ਹੁਣ ਫੈਸਲਾਕੁੰਨ ਯੁੱਧ ਸੰਭਵ ਹੈ। ਗੁਰੂ ਜੀ ਨੇ ਆਪਣੀ ਰਣਨੀਤੀ ਦੀ ਸੂਝ ਨਾਲ ਕੱਚੀ ਗੜ੍ਹੀ ਨੂੰ ਫੌਜੀ ਕਿਲੇ ਦਾ ਰੂਪ ਦੇ ਦਿੱਤਾ। ਮੋਰਚਾਬੰਦੀ ਕਰਦਿਆਂ ਗੁਰੂ ਜੀ ਨੇ ਸਿੰਘਾਂ ਨੂੰ ਹਥਿਆਰਬੰਦ ਦਸਤਿਆਂ ਵਿਚ ਵੰਡ ਲਿਆ। ਵੈਰੀ ਦੀਆਂ ਫੌਜਾਂ ਨਾਲ ਲਗਦੇ ਮੈਦਾਨ ਵਿਚ ਪਹੁੰਚ ਗਈਆਂ। ਇਕ ਪਾਸੇ ਗੁਰੂ ਜੀ ਨਾਲ ਲੰਮੇ ਯੁੱਧ ਦੇ ਸਤਾਏ ਭੁੱਖਣ ਭਾਣੇ 40 ਸਿੰਘ ਸਨ ਦੂਸਰੇ ਪਾਸੇ ਸਿਖਲਾਈ ਪ੍ਰਾਪਤ ਵੈਰੀ ਦੀ ਗੁਰੂ ਜੀ ਦੇ ਕਥਨ ਅਨੁਸਾਰ 10 ਲੱਖ ਫੌਜ। ਜੋ ਨਵਾਬ ਵਜ਼ੀਰ ਖਾਨ ਦੀ ਅਗਵਾਈ ਹੇਠ ਸੀ। ਗੁਰੂ ਜੀ ਨੇ ਇਥੋਂ ਤੀਰਾਂ ਦੀ ਬੁਛਾੜ ਨਾਲ ਯੁੱਧ ਦਾ ਐਲਾਨ ਕਰ ਦਿੱਤਾ।

ਮੁਗਲ ਫੌਜਾਂ ਨੇ ਵੀ ਗੋਲੀਆਂ ਵਰਸਾਉਣੀਆਂ ਸ਼ੁਰੂ ਕਰ ਦਿੱਤੀਆਂ ਪਰ ਕੱਚੀ ਗੜ੍ਹ ਦੇ ਨੇੜੇ ਆਉਣ ਦੀ ਕਿਸੇ ਨੇ ਹਿੰਮਤ ਨਹੀਂ ਕੀਤੀ। ਗੁਰੂ ਜੀ ਨੇ ਕਿਹਾ ਕਿ ਫੌਜੀ ਸਰਦਾਰਾਂ ਨੂੰ ਸਿੱਧਾ ਨਿਸ਼ਾਨਾ ਬਣਾਇਆ ਜਾਵੇ। ਮੁਗਲ ਜਰਨੈਲ ਨਾਹਰ ਖਾਨ ਨੇ ਕੱਚੀ ਗੜ੍ਹੀ ਦੀ ਦੀਵਾਰ ਨਾਲ ਪੌੜੀ ਲਗਾ ਕੇ ਮਮਟੀ ਤੱਕ ਪਹੁੰਚਣ ਦੀ ਕੋਸ਼ਿਸ਼ ਕੀਤੀ ਗੁਰੂ ਜੀ ਨੇ ਤੀਰ ਨਾਲ ਉਸ ਨੂੰ ਮਾਰ ਮੁਕਾਇਆ। ਫਿਰ ਗਨੀ ਖਾਨ ਅੱਗੇ ਆਇਆ, ਗੁਰੂ ਜੀ ਨੇ ਉਸ ਨੂੰ ਵੀ ਚਿੱਤ ਕਰ ਦਿੱਤਾ। ਜਰਨੈਲ ਮਹਿਮੂਦ ਅਲੀ ਨੇ ਆਪਣੇ ਸਾਥੀਆਂ ਨੂੰ ਮਰਦੇ ਵੇਖਿਆ ਤਾਂ ਉਹ ਕੰਧ ਦੀ ਓਟ ਵਿਚ ਭੱਜ ਗਿਆ। ਵੈਰੀ ਦੀਆਂ ਫੌਜਾਂ ਭੈਅ ਭੀਤ ਹੋ ਗਈਆਂ।

ਨਵਾਬ ਸਰਹਿੰਦ ਨੇ ਹੁਕਮ ਦਿੱਤਾ ਕਿ ਇਕੋ ਹੱਲੇ ਨਾਲ ਕੱਚੀ ਗੜ੍ਹੀ ਸਰ ਕਰ ਲਈ ਜਾਵੇ ਜੋ ਫੈਸਲਾਕੁੰਨ ਯੁੱਧ ਲੜਿਆ ਜਾ ਸਕੇ। ਤਦ ਜਰਨੈਲ ਹਮਾਇਤ ਖਾਂ, ਇਜ਼ਮਾਈਲ ਖਾਂ, ਫੌਲਾਦ ਖਾਂ, ਸੁਲਤਾਨ ਖਾਂ, ਜ਼ਹਾਨ ਖਾਂ, ਅਸਲਮ ਖਾਂ, ਭੂਰੇ ਖਾਂ ਦੀਆਂ ਫੌਜਾਂ ਕੱਚੀ ਗੜ੍ਹੀ ਵੱਲ ਵਧੀਆਂ।

ਗੁਰੂ ਜੀ ਬਾਹਰ ਦਾ ਦ੍ਰਿਸ਼ ਵੇਖ ਰਹੇ ਸਨ। ਆਪ ਹੁਣ ਗੜ੍ਹੀ ਦੀ ਉਚੀ ਮਮਟੀ ਤੇ ਚਲੇ ਗਏ। ਦੋਨੋ ਸਾਹਿਬਜ਼ਾਦੇ ਵੀ ਨਾਲ ਸਨ। ਸਿੰਘਾਂ ਨੇ ਵੀ ਚੌਹੀਂ ਪਾਸੀਂ ਮੋਰਚੇ ਸੰਭਾਲ ਲਏ। ਭਾਈ ਮਦਾਨ ਸਿੰਘ ਅਤੇ ਭਾਈ ਗੰਡਾ ਸਿੰਘ ਗੜ੍ਹੀ ਦੇ ਮੁਖ ਦੁਆਰ ਤੇ ਤਾਇਨਾਤ ਸਨ। ਤਲਵਾਰ, ਤੀਰ, ਨੇਜੇ ਲੈ ਕੇ ਮੁਕਾਬਲੇ ਲਈ ਤਿਆਰ ਹੋ ਗਏ। ਸਿੰਘ ਚੜ੍ਹਦੀ ਕਲਾ ਵਿਚ ਸਨ। ਉਨ੍ਹਾਂ ਨੂੰ ਮਾਣ ਸੀ ਕਿ ਧਰਮ ਯੁੱਧ ਵਿਚ ਉਹ ਗੁਰੂ ਜੀ ਦੇ ਨਾਲ ਹਨ। ਵੈਰੀ ਦੀਆਂ ਫੌਜਾਂ ਆਣ ਪਹੁੰਚੀਆਂ।

22 ਦਸੰਬਰ 1704 ਨੂੰ ਚਮਕੌਰ ਵਿਚ ਉਹ ਯੁੱਧ ਹੋਇਆ ਜੋ ਸੰਸਾਰ ਦੀਆਂ ਮਿਸਾਲੀ ਯੁੱਧਾਂ ਵਿਚ ਸ਼ਾਮਲ ਹੋ ਗਿਆ। ਜਦੋਂ ਵੈਰੀ ਦੀ ਫੌਜ ਗੜ੍ਹੀ ਦੇ ਨੇੜੇ ਆਈ ਤਾਂ ਗੁਰੂ ਜੀ ਨੇ ਅਜੇਹੀ ਵਿਊਂਤ ਬਣਾਈ ਕਿ ਪੰਜ ਪੰਜ ਸਿੰਘਾਂ ਦਾ ਜਥਾ ਮੈਦਾਨ ਵਿਚ ਭੇਜਿਆ। ਸਿੰਘ ਜੈਕਾਰਿਆਂ ਦੀ ਗੂੰਜ ਵਿਚ ਵੈਰੀ ਤੇ ਟੁੱਟ ਪਏ। ਉਪਰੋਂ ਗੁਰੂ ਜੀ ਅਤੇ ਸਾਹਿਬਜ਼ਾਦਿਆਂ ਨੇ ਤੀਰਾਂ ਦੀ ਝੜੀ ਲਗਾ ਦਿੱਤੀ। ਦੋ ਘੰਟੇ ਘਮਸਾਨ ਦਾ ਯੁੱਧ ਹੋਇਆ। ਖੰਡਾ ਖੜਕਿਆ, ਤੀਰ ਨੇਜੇ ਤਲਵਾਰਾਂ ਭਾਲੇ ਚੱਲੇ। ਸਰਦੀ ਦੀ ਸਵੇਰ ਵਿਚ ਯੁੱਧ ਦਾ ਮੈਦਾਨ ਮੱਘ ਗਿਆ। ਕੱਚੀ ਗੜ੍ਹੀ ਤੋਂ ਆਉਂਦੇ ਤੀਰਾਂ ਨੇ ਵੈਰੀਆਂ ਨੂੰ ਵਿੰਨ ਸੁੱਟਿਆ। ਵੈਰੀ ਹੈਰਾਨ ਸਨ ਕਿ ਮੁਠੀ ਭਰ ਸਿੰਘਾਂ ਦਾ ਮੁਕਾਬਲਾ ਏਨਾ ਭਿਅੰਕਰ ਕਿਵੇਂ ਹੋ ਸਕਦਾ ਹੈ। ਚਮਕੌਰ ਦੀ ਧਰਤੀ ਖ਼ੂਨ ਨਾਲ ਰੰਗੀ ਗਈ। ਖ਼ੂਨ ਦੇ ਘਾਣ ਮਚ ਗਏ। ਸਿੰਘਾਂ ਨੇ ਬੇਮਿਸਾਲ ਬੀਰਤਾ ਦ੍ਰਿੜਤਾ ਨਾਲ ਟਾਕਰਾ ਕੀਤਾ। ਬਹਾਦਰੀ ਦੇ ਜੌਹਰ ਵਿਖਾਉਂਦੇ ਹੋਏ ਪੰਜ ਸਿੰਘਾਂ ਦਾ ਜਥਾ ਸ਼ਹੀਦ ਹੋ ਗਿਆ। ਗੁਰੂ ਜੀ ਨੇ ਦੂਸਰਾ ਜਥਾ ਮੈਦਾਨ ਵਿਚ ਉਤਾਰਿਆ, ਉਹ ਵੀ ਅਨੇਕਾਂ ਦੁਸ਼ਮਾਂ ਦਾ ਮੁਕਾਬਲਾ ਕਰਦੇ ਮਾਰ ਮੁਕਾਉਂਦੇ ਸ਼ਹੀਦੀ ਪਾ ਗਿਆ। ਸਿੰਘ ਜਾਣ ਗਏ ਸਨ ਕਿ ਏਲੇ ਵੱਡੇ ਲਾਮ ਲਸ਼ਕਰ ਦਾ ਸਾਹਮਣਾ ਕਰਦਿਆਂ ਸ਼ਹੀਦੀਆਂ ਨਿਸ਼ਚਿਤ ਹਨ। ਉਨ੍ਹਾਂ ਗੁਰੂ ਜੀ ਨੂੰ ਬੇਨਤੀ ਕੀਤੀ ਕਿ ਸਾਹਿਬਜ਼ਾਦਿਆਂ ਨੂੰ ਨਾਲ ਲੈ ਕੇ ਸੁਰੱਖਿਅਤ ਨਿਕਲ ਜਾਓ। ਗੁਰੂ ਜੀ ਨੇ ਕਿਹਾ ਕਿ ਇਸ ਰਣਤੱਤੇ ਵਿਚ ਹਰ ਸਿੱਖ ਮੇਰਾ ਸਾਹਿਬਜ਼ਾਦਾ ਹੈ। ਅਸੀਂ ਇਕੱਠੇ ਲੜਾਂਗੇ ਅਤੇ ਜਿੱਤ ਸਾਡੀ ਹੋਵੇਗੀ। ਇਹ ਸੁਣ ਕੇ ਸਿੰਘ ਜੋਸ਼ ਵਿਚ ਆ ਕੇ ਫਿਰ ਤਿਆਰ ਬਰ ਤਿਆਰ ਹੋ ਗਏ। ਸਾਹਿਬਜ਼ਾਦਾ ਅਜੀਤ ਸਿੰਘ ਨੇ ਗੁਰਪਿਤਾ ਤੋਂ ਯੁੱਧ ਵਿਚ ਜਾਣ ਦੀ ਆਗਿਆ ਮੰਗੀ। ਗੁਰਾਂ ਨੇ ਆਪਣੇ ਹੱਥੀਂ ਸ਼ਸਤਰ ਦੇ ਕੇ ਅੱਠ ਸਿੰਘਾਂ ਦਾ ਜਥਾ ਨਾਲ ਭੇਜਿਆ। ਜੈਕਾਰਿਆਂ ਦੀ ਗੂੰਜ ਵਿਚ ਮੈਦਾਨ ਵਿਚ ਆ ਗਏ। ਵੈਰੀ ਦੀਆਂ ਫੌਜਾਂ ਨੇ ਚਾਰੋਂ ਪਾਸਿਆਂ ਤੋਂ ਘੇਰ ਲਿਆ। ਬੜੀ ਬੀਰਤਾ ਨਾਲ ਤੀਰਾਂ ਦੇ ਵਾਰ ਕੀਤੇ ਤੇ ਵੈਰੀ ਦੀਆਂ ਛਾਤੀਆਂ ਵਿੰਨ ਦਿੱਤੀਆਂ। ਦੁਸ਼ਮਣ ਨੂੰ ਵੰਗਾਰਿਆ ਕਿ ਸਾਹਮਣੇ ਆਓ। ਵੈਰੀ ਦੇ ਸਿਪਾਹੀ ਆ ਪਏ ਪਰ ਸਾਹਿਬਜਾਦੇ ਅੱਗੇ ਟਿਕ ਨਾ ਸਕੇ ਅਤੇ ਪਿੱਛੇ ਹਟ ਗਏ। ਦੁਸ਼ਮਣ ਸਰਦਾਰ ਨੇ ਵਾਰ ਕੀਤਾ ਘੋੜਾ ਜ਼ਖ਼ਮੀ ਹੋ ਗਿਆ। ਪੈਦਲ ਹੀ ਜੰਗ ਜਾਰੀ ਰੱਖੀ। ਉਹ ਇਕੱਲੇ ਪਏ ਗਏ, ਵੈਰੀ ਨੇ ਇੱਕੋ ਹੱਲੇ ਨਾਲ ਸ਼ਹੀਦ ਕਰ ਦਿੱਤੇ। ਗੁਰੂ ਜੀ ਮਮਟੀ ਤੋਂ ਸਾਹਿਬਜ਼ਾਦੇ ਨੂੰ ਸ਼ਹੀਦ ਹੁੰਦਾ ਵੇਖ ਰਹੇ ਸਨ। ਪਰ ਸਾਹਿਬਜ਼ਾਦੇ ਦੇ ਜੌਹਰ ਤੇ ਉਨ੍ਹਾਂ ਨੂੰ ਮਾਣ ਸੀ। ਉਨ੍ਹਾਂ ਅਕਾਲ ਪੁਰਖ ਦਾ ਸ਼ੁਕਰ ਮਨਾਇਆ। ਸਾਹਿਬਜ਼ਾਦਾ ਜੁਝਾਰ ਸਿੰਘ ਨੂੰ ਇਹ ਸ਼ਹੀਦੀ ਵੇਖ ਕੇ ਆਪਣਾ ਫਰਜ਼ ਯਾਦ ਆਇਆ। ਉਨ੍ਹਾਂ ਨੇ ਗੁਰਪਿਤਾ ਤੋਂ ਆਪਣਾ ਫਰਜ਼ ਨਿਭਾਉਣ ਦੀ ਆਗਿਆ ਮੰਗੀ। ਗੁਰੂ ਜੀ ਨੇ ਪੰਜ ਸਿੰਘਾਂ ਦੇ ਨਾਲ ਯੁੱਧ ਵਿਚ ਭੇਜਿਆ। ਜੈਕਾਰਿਆਂ ਦੀ ਗੂੰਜ ਵਿਚ ਯੁੱਧ ਵਿਚ ਜਾ ਪਹੁੰਚੇ। ਯੁੱਧ ਦਾ ਮੈਦਾਨ ਫਿਰ ਤੋਂ ਭਖ ਗਿਆ। ਲਾਸ਼ਾਂ ਦੇ ਢੇਰ ਵਿਚ ਯੁੱਧ ਹੋਇਆ। ਸਾਹਿਬਜ਼ਾਦਾ ਅਜੀਤ ਸਿੰਘ ਦੀ ਸ਼ਹੀਦੀ ਤੋਂ ਬਾਅਦ ਵੈਰੀ ਹੋਰ ਸਰਗਰਮ ਹੋ ਉਠਿਆ। ਵੈਰੀ ਦੀ ਗਿਣਤੀ ਬਹੁਤ ਜ਼ਿਆਦਾ ਸੀ। ਵੈਰੀ ਨੇ ਸਾਹਿਬਜ਼ਾਦੇ ਦੇ ਜੱਥੇ ਨੂੰ ਆਣ ਘੇਰਿਆ। ਸਾਹਿਬਜ਼ਾਦੇ ਨੇ ਨੇਜਾ ਸੂਤ ਲਿਆ। ਉਹ ਜਿੱਧਰ ਵੀ ਨੇਜਾ ਘੁਮਾਉਂਦੇ ਵੈਰੀ ਨੂੰ ਮਾਰ ਮੁਕਾਉਂਦੇ। ਸਵਾ ਲਾਖ ਸੇ ਏਕ ਲੜਾਉਂ ਦਾ ਪ੍ਰਮਾਣ ਪ੍ਰਤੱਖ ਕਰ ਵਿਖਾਇਆ। ਵੈਰੀ ਨੇ ਸਾਹਿਬਜ਼ਾਦੇ ਨੂੰ ਪੂਰੀ ਤਰ੍ਹਾਂ ਘੇਰ ਲਿਆ। ਉਹ ਤਲਵਾਰ ਚਲਾਉਂਦੇ ਰਹੇ। ਸਾਹਿਬਜ਼ਾਦੇ ਨੇ ਬੜੀ ਬਹਾਦਰੀ ਨਾਲ ਮੁਕਾਬਲਾ ਕੀਤਾ। ਸੂਰਜ ਛਪਣ ਤੱਕ ਯੁੱਧ ਚਲਦਾ ਰਿਹਾ। ਇਸ ਅਸਾਵੀਂ ਯੁੱਧ ਵਿਚ ਸਾਹਿਬਜ਼ਾਦਾ ਜੁਝਾਰ ਸਿੰਘ ਸ਼ਹੀਦੀ ਪਾ ਗਿਆ। ਗੁਰੂ ਜੀ ਨੇ ਕਿਹਾ ਕਿ ਅਮਾਨਤ ਅਦਾ ਹੋਈ।

ਸੂਰਜ ਛਿਪਣ ਤੇ ਯੁੱਧ ਖਤਮ ਹੋਇਆ। ਸਿੰਘ ਗੁਰੂ ਜੀ ਦੇ ਨਾਲ ਗੜ੍ਹੀ ਵਿਚ ਜਾ ਬੈਠੇ। ਗੁਰੂ ਜੀ ਨੇ ਕਿਹਾ ਵੈਰੀ ਨਾਲ ਮਰਦੇ ਦਮ ਤੱਕ ਯੁੱਧ ਜਾਰੀ ਰਹੇਗਾ। ਸਾਡਾ ਹੁਣ ਸੂਰਮਿਆਂ ਵਾਂਗ ਸ਼ਹੀਦੀ ਪਾਉਣ ਤੋਂ ਬਿਨਾਂ ਹੋਰ ਕੋਈ ਚਾਰਾ ਨਹੀਂ। ਖਾਲਸੇ ਨੂੰ ਅਕਾਲ ਪੁਰਖ ਦੀ ਓਟ ਹੈ। ਯੁੱਧ ਭੂਮੀ ਵਿਚ ਪਿੱਠ ਨਹੀਂ ਦਿਖਾਉਣੀ, ਧਰਮ ਲਈ ਕੁਰਬਾਨ ਹੋਣਾ ਹੈ। ਗੜ੍ਹੀ ਵਿਚ ਬਚੇ 11 ਸਿੰਘਾਂ ਨੇ ਗੁਰੂ ਜੀ ਨੂੰ ਕਿਹਾ ਕਿ ਗੜ੍ਹੀ ਛੱਡ ਜਾਓ। ਪੰਜ ਪਿਆਰਿਆਂ ਦੀ ਚੋਣ ਕਰਕੇ ਭਾਈ ਦਯਾ ਸਿੰਘ ਜੀ ਦੀ ਅਗਵਾਈ ਹੇਠ ਗੁਰੂ ਜੀ ਨੂੰ ਕਿਹਾ ਕਿ ਆਪ ਜੀ ਦੀ ਸ਼ਹੀਦੀ ਨਾਲ ਪੰਥ ਦਾ ਭਵਿੱਖ ਖਤਰੇ ਵਿਚ ਪੈ ਜਾਵੇਗਾ, ਪੰਥ ਨੂੰ ਆਪ ਜੀ ਦੀ ਅਗਵਾਈ ਦੇ ਹਮੇਸ਼ਾ ਜ਼ਰੂਰਤ ਹੈ। ਇਸ ਲਈ ਆਪ ਸੁਰੱਖਿਅਤ ਚਲੇ ਜਾਓ। ਪੰਜਾਂ ਪਿਆਰਿਆਂ ਦਾ ਪੰਥਕ ਹੁਕਮ ਮੰਨਣਾ ਪਿਆ। ਉਨ੍ਹਾਂ ਕਿਹਾ ਉਹ ਪਿੱਠ ਵਿਖਾ ਨਹੀਂ ਜਾਣਗੇ, ਸਗੋਂ ਦੁਸ਼ਮਣ ਨੂੰ ਵੰਗਾਰ ਕੇ ਜਾਣਗੇ।

ਕਲਗੀਆਂ ਵਾਲੇ ਪਾਤਸ਼ਾਹ ਨੇ ਭਾਈ ਦਯਾ ਸਿੰਘ, ਭਾਈ ਧਰਮ ਸਿੰਘ ਅਤੇ ਭਾਈ ਮਾਨ ਸਿੰਘ ਤਿੰਨ ਸਿੰਘਾਂ ਨੂੰ ਨਾਲ ਲੈ ਕੇ ਜਾਣ ਦਾ ਫੈਸਲਾ ਕੀਤਾ। ਆਪਣੇ ਹਮਸ਼ਕਲ ਭਾਈ ਸੰਗਤ ਸਿੰਘ ਜੀ ਨੂੰ ਕਲਗੀ ਲਗਾ ਕੇ ਆਪਣੀ ਪੁਸ਼ਾਕ ਪਾ ਕੇ ਉਚੀ ਮਮਟੀ ਵਿਚ ਬਿਠਾ ਦਿੱਤਾ। ਅੱਧੀ ਰਾਤ ਨੂੰ ਗੁਰੂ ਜੀ ਨੇ ਬੁਰਜ 'ਤੇ ਖੜ੍ਹੇ ਹੋ ਕੇ ਨਰਸਿੰਙਾ ਵਜਾ ਕੇ ਕੱਚੀ ਗੜ੍ਹੀ ਤੋਂ ਬਾਹਰ ਨਿਕਲੇ ਤੇ ਉੱਚੇ ਟਿੱਬੇ ਤੋਂ ਤਿੰਨ ਵਾਰ ਕਿਹਾ ਕਿ 'ਪੀਰੇ ਹਿੰਦ ਮੇ ਰਵੱਦ'- ਹਿੰਦ ਦਾ ਪੀਰ ਚਲਾ ਗਿਆ।'

ਵੈਰੀ ਦੀਆਂ ਫੌਜਾਂ ਵਿਚ ਹਫ਼ਰਾਤਫ਼ਰੀ ਮਚ ਗਈ। ਉਹ ਬੌਖਲਾਅ ਗਏ। ਮਿਸ਼ਾਲਚੀ ਰਾਹ ਵਿਚ ਸੀ। ਗੁਰੂ ਜੀ ਨੇ ਮਿਸ਼ਾਲ ਤੇ ਨਿਸ਼ਾਨਾ ਲਗਾ ਕੇ ਮਿਸ਼ਾਲ ਬੁਝਾ ਦਿੱਤੀ। 23 ਦਸੰਬਰ 1704 ਨੂੰ ਗੜ੍ਹੀ ਵਿਚ ਸਵੇਰ ਨੂੰ ਵੈਰੀ ਨੇ ਹਮਲਾ ਕਰ ਦਿੱਤਾ। ਸਿੰਘ ਬਾਹਰ ਨਿਕਲ ਆਏ ਟਾਕਰਾ ਹੋਇਆ, ਸਿੰਘਾਂ ਨੇ ਫਿਰ ਕਈਆਂ ਨੂੰ ਮਾਰ ਮੁਕਾਇਆ। ਗੁਰੂ ਜੀ ਦੇ ਦੱਸੇ ਰਾਹ ਤੇ ਚਲਦਿਆਂ ਵਾਰੋ ਵਾਰੀ ਸ਼ਹੀਦੀ ਪਾ ਗਏ। ਉਨ੍ਹਾਂ ਦੀ ਲਸਾਨੀ ਕੁਰਬਾਨੀ ਕੌਮ ਲਈ ਵੱਡੀ ਮਿਸਾਲ ਹੈ। ਜਰਨੈਲਾਂ ਨੂੰ ਖਬਰ ਹੋਈ ਕਿ ਗੁਰੂ ਜੀ ਵੀ ਸ਼ਹੀਦੀ ਹੋ ਗਏ। ਪਰ ਇਹ ਇਕ ਭੁਲੇਖਾ ਸੀ। ਗੁਰੂ ਜੀ ਤਾਂ ਮਾਛੀਵਾੜੇ ਦੇ ਜੰਗਲਾਂ ਵਿਚ ਜਾ ਪਹੁੰਚੇ। ਕੁਝ ਦਿਨਾਂ ਬਾਅਦ ਭਾਈ ਧਰਮ ਸਿੰਘ, ਭਾਈ ਮਾਨ ਸਿੰਘ ਵੀ ਗੁਰੂ ਜੀ ਕੋਲ ਪਹੁੰਚ ਗਏ। ਦੋ ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਦੀ ਖ਼ਬਰ ਗੁਰੂ ਜੀ ਨੂੰ ਮਿਲ ਗਈ। ਗੁਰੂ ਜੀ ਨੇ ਕਾਹੀ ਦੇ ਬੂਟੇ ਨੂੰ ਉਖੇੜ ਕੇ ਫੁਰਮਾਇਆ :- ਇਹ ਮੁਗਲ ਰਾਜ ਹੁਣ ਜੜ੍ਹੋਂ ਪੁੱਟਿਆ ਗਿਆ।' ਗੁਰੂ ਜੀ ਨੇ ਮੁਗਲ ਬਾਦਸ਼ਾਹ ਔਰੰਗਜੇਬ ਨੂੰ ਫਾਰਸੀ ਵਿਚ ਚਿੱਠੀ ਲਿਖੀ ਜਿਸ ਨੂੰ ਜ਼ਫ਼ਰਨਾਮਾ ਕਿਹਾ ਜਾਂਦਾ ਹੈ।

# ਦੁਨੀਆਂ ਦੀ ਅਸਾਵੀਂ ਜੰਗ

**ਬੋਹੜ ਸਿੰਘ ਮੱਲਣ**

ਮੁਗ਼ਲ ਸੂਬਿਆਂ ਤੇ ਪਹਾੜੀ ਰਾਜਿਆਂ ਦੀਆਂ ਝੂਠੀਆਂ, ਫਰੇਬੀ ਚਾਲਾਂ ਵਾਲੀਆਂ ਕਸਮਾਂ ਤੋਂ ਭਲੀ-ਭਾਂਤ ਜਾਣੂ ਹੁੰਦਿਆਂ ਵੀ ਗੁਰੂ ਗੋਬਿੰਦ ਸਿੰਘ ਜੀ ਨੇ ਸਿੰਘਾਂ ਦੇ ਕਹਿਣ 'ਤੇ 20-21 ਦਸੰਬਰ 1704 ਈ. (6-7 ਪੋਹ) ਦੀ ਸਾਂਝੀ ਰਾਤ ਨੂੰ ਆਨੰਦਪੁਰ ਦਾ ਕਿਲਾ ਛੱਡ ਦਿੱਤਾ। ਮੀਂਹ-ਹਨੇਰੀ, ਝੱਖੜ, ਕਹਿਰਾਂ ਦੀ ਸਰਦੀ, ਹੜ੍ਹ ਨਾਲ ਸ਼ੂਕਦੀ ਸਰਸਾ ਨਦੀ ਪਾਰ ਕਰਦਿਆਂ ਹੀ ਪਿੱਛੋਂ ਵਿਸ਼ਵਾਸਘਾਤੀਆਂ ਨੇ ਹਮਲਾ ਕਰ ਦਿੱਤਾ। ਭੱਜ-ਨੱਸ ਕਰਦਿਆਂ ਗੁਰੂ ਸਾਹਿਬ ਦਾ ਪਰਿਵਾਰ ਤਿੰਨ ਭਾਗਾਂ ਵਿਚ ਵੰਡਿਆ ਗਿਆ। ਜਾਨ ਤੋਂ ਪਿਆਰੇ ਸਿੰਘ, ਕੀਮਤੀ ਘੋੜੇ ਤੇ ਬਹੁਮੁੱਲਾ ਸਾਹਿਤ ਨਦੀ ਦੀ ਭੇਟ ਚੜ੍ਹ ਗਿਆ। ਸ਼ਾਮ ਤਕ ਗੁਰੂ ਸਾਹਿਬ ਚਾਲੀ ਸਿੰਘਾਂ ਤੇ ਦੋ ਵੱਡੇ ਸਾਹਿਬਜ਼ਾਦਿਆਂ ਬਾਬਾ ਅਜੀਤ ਸਿੰਘ ਤੇ ਬਾਬਾ ਜੁਝਾਰ ਸਿੰਘ ਸਮੇਤ ਚਮਕੌਰ ਸਾਹਿਬ ਦੇ ਬਾਹਰਵਾਰ ਚੌਧਰੀ ਬੁਧੀ ਚੰਦ ਤੇ ਉਸ ਦੇ ਭਰਾ ਦੀ ਕੱਚੀ ਹਵੇਲੀ ਵਿਚ ਪਹੁੰਚਣ 'ਚ ਕਾਮਯਾਬ ਹੋ ਗਏ। ਸੰਤ ਸਿਪਾਹੀ, ਦੁਨੀਆਂ ਦੇ ਮਹਾਨ ਜਰਨੈਲ, ਗੁਰੂ ਜੀ ਨੇ ਦੂਰ-ਅੰਦੇਸ਼ੀ ਸੋਚ ਨਾਲ ਰਾਤ ਸਮੇਂ ਹੀ ਪੰਜ-ਪੰਜ ਸਿੰਘਾਂ ਨੂੰ ਗੜ੍ਹੀ ਦੀਆਂ ਚਾਰੇ ਕੰਧਾਂ ਉਪਰ ਤਾਇਨਾਤ ਕਰ ਦਿੱਤਾ। ਕੁਝ ਕੁ ਨੂੰ ਜਲਦੀ ਵਿਚ ਪਿੰਡੋਂ ਲਿਆਂਦਾ ਰਾਸ਼ਨ, ਸਿੱਕਾ-ਬਾਰੂਦ ਇੱਧਰ-ਉਧਰ ਪਹੁੰਚਾਉਣ ਤੇ ਬਾਕੀ ਬਚਦੇ ਸਿੰਘਾਂ ਨੂੰ ਗੜ੍ਹੀ ਦੇ ਮੁੱਖ ਦਰਵਾਜ਼ੇ 'ਤੇ ਦੁਸ਼ਮਣ ਦੀ ਰੋਕ ਅਤੇ ਸੁਰੱਖਿਆ ਦੀ ਜ਼ਿੰਮੇਵਾਰੀ ਸੰਭਾਲ ਦਿੱਤੀ। ਆਪ ਆਪਣੇ ਦੋਵਾਂ ਸਾਹਿਬਜ਼ਾਦਿਆਂ ਨੂੰ ਉਪਰ ਝਰੋਖੇ ਵਿਚ ਸੱਜੇ-ਖੱਬੇ ਬਿਠਾ ਕੇ ਅਕਾਲ ਪੁਰਖ ਦਾ ਧੰਨਵਾਦ ਕਰਦਿਆਂ ਮੁੱਖੋਂ ਉਚਾਰਿਆ :

ਕੱਲ੍ਹ ਚਾਰ ਥੇ ਆਜ ਦੋ ਹੈਂ,
ਸ਼ਾਇਦ ਕੱਲ੍ਹ ਯੇਹ ਭੀ ਨਾ ਹੋਂਗੇ।
ਸ਼ੁਕਰ ਕਰਾਂਗਾ ਪਰਵਦਗਾਰ ਕਾ,
ਜਬ ਯੇਹ ਭੀ ਨਾ ਹੋਂਗੇ, (ਅੱਲ੍ਹਾ ਯਾਰ ਖਾਂ ਯੋਗੀ)

ਅਗਲਾ ਦਿਨ ਚੜ੍ਹਿਆ। ਚਮਕੌਰ ਦੇ ਮੈਦਾਨ ਵਿਚ ਦੋਵਾਂ ਫੌਜਾਂ ਵਿਚਕਾਰ ਦੁਨੀਆਂ ਦੀ ਸਭ ਤੋਂ ਅਸਾਵੀਂ ਜੰਗ ਸ਼ੁਰੂ ਹੋਈ। ਜਿਸ ਦਾ ਜ਼ਿਕਰ ਅੱਗੇ ਜਾ ਕੇ ਗੁਰੂ ਸਾਹਿਬ ਨੇ ਆਪ ਜ਼ਫ਼ਰਨਾਮੇ ਵਿਚ ਕਰਦਿਆਂ ਔਰੰਗਜ਼ੇਬ ਨੂੰ ਕਿਹਾ, "ਗੁਰ ਸਨਾ ਚਿ ਕਾਰੇ ਕੁਨੰਦ ਚਿਹਲ ਕਰ, ਕਿ ਦਿਹ ਲਕ ਆਇਦੋ ਬਰੋ ਬੇ ਖ਼ਬਰ।"
(ਭਾਵ ਕਿ ਉੱਥੇ ਚਾਲੀ ਭੁੱਖੇ ਕੀ ਕਰਦੇ ਜਦੋਂ ਦਸ ਲੱਖ ਦੇ ਟਿੱਡੀ ਦਲ ਨੇ ਅਚਾਨਕ ਹੱਲਾ ਬੋਲ ਦਿੱਤਾ) ਇਕ ਪਾਸੇ ਗਿਣਤੀ ਦੇ ਤਿਰਤਾਲੀ, ਦੂਜੇ ਪਾਸੇ ਦਸ-ਲੱਖ ਦਾ ਟਿੱਡੀ ਦਲ, ਇੱਧਰ ਨੇਕੀ ਤੇ ਸਚਾਈ, ਉਧਰ ਬਦੀ ਤੇ ਝੂਠ, ਇੱਧਰ ਅਕਾਲ ਪੁਰਖ 'ਤੇ ਭਰੋਸਾ, ਉਧਰ ਅੱਲ੍ਹਾ ਤੇ ਰਾਮ ਦੇ ਨਾਂ 'ਤੇ ਨਾਪਾਕ ਗੱਠਜੋੜ, ਇੱਧਰ ਸਿਰਲੱਥ ਆਪਾ ਵਾਰੂ ਨਿਸ਼ਕਾਮ ਯੋਧੇ, ਉਧਰ ਜਾਨ-ਬਚਾਊ ਟਕਿਆਂ 'ਤੇ ਭਰਤੀ ਡਰਪੋਕ ਦਿਲ, ਇੱਧਰ ਕੇਵਲ ਸਰੀਰਾਂ 'ਤੇ ਸਜਾਏ ਹਥਿਆਰ, ਉਧਰ ਹਾਥੀ, ਘੋੜੇ, ਰੱਥ ਤੇ ਹਰ ਕਿਸਮ ਦੇ ਆਧੁਨਿਕ ਹਥਿਆਰ, ਇੱਧਰ ਢਿੱਡੋਂ ਭੁੱਖੇ ਤੇ ਉਧਰ ਛੱਤੀ ਪ੍ਰਕਾਰ ਦੇ ਭੋਜਨ ਤੇ ਸਾਬਤ ਦੁੰਬਾ ਖਾਣੇ ਪਠਾਣ। ਇਹ ਕੁਝ ਕੁ ਮਿਸਾਲਾਂ ਹਨ ਦੁਨੀਆਂ ਦੀ ਸਭ ਤੋਂ ਵੱਡੀ ਅਸਾਵੀਂ ਜੰਗ ਦੀਆਂ। ਜੰਗਾਂ ਸਿਪਾਹੀਆਂ ਦੀ ਗਿਣਤੀ ਨਾਲ ਨਹੀਂ, ਸਗੋਂ ਗੁਰੂ ਸਾਹਿਬ ਵਰਗੇ ਮਹਾਨ ਜਰਨੈਲ ਦੀ ਅਕਲ ਨਾਲ ਲੜੀਆਂ ਜਾਂਦੀਆਂ ਹਨ। ਇਸੇ ਅਨੁਸਾਰ ਗੁਰੂ ਜੀ ਇਕੱਲੇ ਇਕੱਲੇ ਨੂੰ ਥਾਪੜਾ ਦੇ ਕੇ ਮੈਦਾਨਿ-ਜੰਗ ਵਿਚ ਭੇਜਦੇ ਜੋ ਆਪਣੇ ਤੋਂ ਬਹੁਤਿਆਂ ਨੂੰ ਮੌਤ ਦੇ ਘਾਟ ਉਤਾਰ ਕੇ ਸ਼ਹੀਦ ਹੁੰਦਾ। ਕੁਝ ਸਿੰਘਾਂ ਦੀ ਸ਼ਹੀਦੀ ਤੋਂ ਬਾਅਦ ਗੁਰੂ ਜੀ ਦੇ ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਨੇ ਪਿਤਾ ਨੂੰ ਬੇਨਤੀ ਕੀਤੀ, "ਮੈਨੂੰ ਲੜਨ ਦਾ ਸੁਭਾਗ ਬਖਸ਼ੋ।" ਬਾਬਾ ਜੀ ਨੇ ਮੁੱਖੋਂ ਫੁਰਮਾਇਆ:
ਨਾਓ ਜਾ ਅਜੀਤ ਹੂੰ ਜੀਤਾ' ਨਹੀਂ ਜਾਊਂਗਾ।
'ਜੀਤਾ' ਭੀ ਗਿਆ ਤੇ ਵਾਪਸ 'ਜੀਤਾ' ਨਹੀਂ ਆਊਂਗਾ।

ਪੁੱਤ ਦੀ ਇਹ ਦਲੇਰੀ ਵੇਖ, ਸਰੀਰ 'ਤੇ ਹਥਿਆਰ ਤੇ ਕਲਗੀ ਸਜਾ ਕੇ ਪੰਜਾਂ ਸਿੰਘਾਂ ਦਾ ਜਥਾ ਤੇ ਤੀਰਾਂ ਦਾ ਭੱਥਾ ਦੇ ਕੇ ਜੰਗ ਜਿੱਤਣ ਦਾ ਥਾਪੜਾ ਦੇ ਕੇ ਮੁਖੜੇ ਨੂੰ ਚੁੰਮ ਕੇ ਮੈਦਾਨੇ ਜੰਗ ਵਿਚ ਭੇਜਿਆ। ਬਾਬਾ ਜੀ ਆਖਰੀ ਤੀਰ ਤਕ ਪਹਿਲਾ ਨੇਜ਼ਾ ਦੁਸ਼ਮਣ ਦੇ ਇਕ ਜਰਨੈਲ ਦੇ ਖੁੱਭਣ 'ਤੇ ਟੁੱਟ ਜਾਣ ਕਾਰਨ ਬਹਾਦਰੀ ਨਾਲ ਲੜਦਿਆਂ ਘੋੜੇ ਦੇ ਸ਼ਹੀਦ ਹੋ ਜਾਣ ਕਾਰਨ ਪੈਦਲ ਤਲਵਾਰ ਵਾਹੁੰਦੇ ਬਹੁਤ ਜ਼ਖ਼ਮ ਹੋ ਜਾਣ ਕਾਰਨ ਡਿੱਗ ਪਏ ਤੇ ਸ਼ਹੀਦ ਹੋ ਗਏ।

ਬਾਕੀ ਸਫ਼ਾ 28 'ਤੇ

**ਅਦਾਰਾ 'ਅੰਮ੍ਰਿਤਸਰ ਟਾਈਮਜ਼' ਵੱਲੋਂ ਆਪਣੇ ਪਾਠਕਾਂ ਲਈ ਸਿੱਖ ਧਰਮ ਦੇ ਬਾਨੀ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਸਾਹਿਬ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਲੇਖ ਲੜੀ ਸ਼ੁਰੂ ਕੀਤੀ ਗਈ ਹੈ। ਇਸ ਲੜੀ ਤਹਿਤ ਹਥਲਾ ਲੇਖ ਪਾਠਕਾਂ ਲਈ ਪੇਸ਼ ਕੀਤਾ ਜਾ ਰਿਹਾ ਹੈ - ਸੰਪਾਦਕ**

# ਗੁਰੂ ਨਾਨਕ ਸਾਹਿਬ ਦਾ ਧਰਮ ਯੁੱਧ ਤੇ ਸਨਾਤਨ ਧਰਮ

**ਪ੍ਰੋ. ਹਰਿੰਦਰ ਸਿੰਘ ਮਹਿਬੂਬ**

*ਦੂਜੀ ਕਿਸ਼ਤ*

(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)

## ਰੱਬੀ ਰਹਿਮ

ਤ੍ਰੈ-ਗੁਣੀ ਸੰਸਾਰ ਦੀਆਂ ਪਾਸ਼ਵੀ ਸ਼ਕਤੀਆਂ ਜਦ ਵਜਦ ਵਿਚ ਆਉਣ ਤਾਂ ਮਿਹਰਬਣ ਜਾਂਦੀਆਂ ਹਨ ਅਤੇ ਮੂਕ ਮਿਹਰ ਕਰਨ ਦੀ



ਸ਼ਕਤੀ ਧਾਰਨ ਕਰਦੀਆਂ ਹਨ। ਇਹਨਾਂ ਪਾਸ਼ਵੀ ਸ਼ਕਤੀਆਂ ਨੂੰ ਵਜਦ ਵਿਚ ਲਿਆਉਣ ਵਾਲਾ ਆਵੇਸ਼ ਮੁਰਸ਼ਦ ਵੱਲੋਂ ਆਉਂਦਾ ਹੈ ਜਾਂ ਆਖੋ ਕਿ ਮਰਸ਼ਦ ਦਾ ਤ੍ਰੈ-ਗੁਣੀ ਸੰਸਾਰ ਨੂੰ 'ਵਾਰਿਆ ਨਾ ਜਾਵਾ ਏਕ ਵਾਰ' ਵਾਲੇ ਸਰੂਰ ਨਾਲ ਕਲਾਵੇ ਵਿਚ ਲੈਣ ਵਾਲਾ ਵਜਦ ਕਿਸੇ ਅੰਤਿਮ ਖਾਮੋਸ਼ੀ ਵਿਚ ਖਲੋ ਜਾਂਦਾ ਹੈ। ਤ੍ਰੈ-ਗੁਣੀ ਸੰਸਾਰ ਵਜਦ ਵਿਚ ਆ ਕੇ ਸਿਰਫ ਰਹਿਮ ਹੀ ਕਰ ਸਕਦਾ ਹੈ। ਸੁੱਕੇ ਖੂਹਾਂ ਵਿਚ ਪਾਣੀ ਫੁੱਟਣ ਦੇ ਦ੍ਰਿਸ਼, ਬਿਰਛ ਹਰੇ ਹੋ ਜਾਣ ਦੇ ਚਮਤਕਾਰ, ਹਾਥੀ ਦੇ ਮੁੜ ਜੀਵਤ ਹੋਣ ਜਿਹੀਆਂ ਕਰਾਮਾਤਾਂ ਅਤੇ ਪਾਲੀ ਨੂੰ ਪਾਤਸ਼ਾਹੀ ਮਿਲਣ ਦੇ ਸਮਾਚਾਰ—ਅਜਿਹੀਆਂ ਪੌਰਾਣਿਕ ਰਸ ਵਾਲੀਆਂ ਕਥਾਵਾਂ ਹਨ, ਜਿਹੜੀਆਂ ਰੱਬੀ ਯਕੀਨ ਅਤੇ ਰੱਬੀ ਗਜ਼ਬ ਦੇ ਸਾਂਗ ਪਲਟਣ ਨਾਲ ਅਜਿਹਾ ਰੱਬੀ ਰਹਿਮ ਬਣ ਗਈਆਂ ਹਨ, ਜਿਸ ਵਿਚ ਸੂਫੀਆਂ ਜਿਹੀ ਬੇਖ਼ਬਰ ਅਤੇ ਮਸਤਾਨੀ ਲਟਕ ਹੈ।

ਬੇਸ਼ਕ ਇਹਨਾਂ ਸਾਖੀਆਂ ਦੇ ਪੁੰਗਰਦੇ ਅਤੇ ਵਿਗਸਿਤ ਰੂਪ ਬਾਈਬਲ, ਇਸਲਾਮੀ ਅਤੇ ਹਿੰਦੂ ਪੁਰਾਣ ਅਤੇ ਬੁੱਧ ਜਾਤਕਾਵਾਂ ਵਿਚ ਵੀ ਪ੍ਰਾਪਤ ਹਨ, ਪਰ ਗੁਰੂ ਸਾਹਿਬ ਦੇ ਪ੍ਰਸੰਗ ਵਿਚ ਇਹਨਾਂ ਲੋਕ-ਕਥਾਵਾਂ ਦੀ ਕਾਇਆ ਕੂਲੀ ਅਤੇ ਮੁਲਾਇਮ ਨਹੀਂ ਰਹੀ, ਸਗੋਂ ਲੋਕ ਪ੍ਰਤਿਭਾ ਨੇ ਇਹਨਾਂ ਦੀ ਸਾਂਝ ਜੀਵਨ ਦੀ ਮਹਾਂ-ਕਾਵਿਕ, ਸੰਘਣੀ ਅਤੇ ਅਰਥ-ਗਰਭਿਤ ਸੁੰਦਰਤਾ ਨਾਲ ਜੋੜ ਦਿੱਤੀ, ਜਿਸ ਦੀ ਗਵਾਹੀ ਗੁਰੂ ਸਾਹਿਬ ਤੋਂ ਅਗਲੇ ਨੌਂ ਗੁਰੂਆਂ ਅਤੇ ਖਾਲਸਾ ਇਤਿਹਾਸ ਨੇ ਦਿੱਤੀ।

ਬੋਧੀ, ਇਸਲਾਮੀ ਅਤੇ ਯਹੂਦੀ ਪੌਰਾਣਿਕ ਸੋਮਿਆਂ ਤੋਂ ਵਿਕਾਸ ਕਰਕੇ ਗੁਰੂ ਨਾਨਕ ਸਾਹਿਬ ਦੇ ਜੀਵਨ ਵਿਚ ਸੰਪੂਰਣ ਹੋਈ "ਪੰਜਾ ਸਾਹਿਬ ਦੀ ਸਾਖੀ" ਉਹਨਾਂ ਦੇ ਮਿਹਰ-ਆਵੇਸ਼ (The Reve lation of Grace) ਅਤੇ ਖਾਲਸਾ ਜੀ ਦੇ ਜਨਮ (ਸੰਨ 1699) ਅਤੇ ਇਤਿਹਾਸ ਦੀ ਕੇਂਦਰੀ ਕਾਵਿ-ਪ੍ਰੇਰਣਾ ਦਾ ਸਿਖਰੀ ਇਲਹਾਮ ਹੈ। ਇਹ ਸਾਖੀ ਗੁਰੂ ਸਾਹਿਬ ਦੇ ਪਿਤਾ-ਰੂਪ ਦੀ ਸੰਪੂਰਣਤਾ ਹੈ, ਜਿਸ ਨੇ ਦੈਵੀ ਤ੍ਰਿਖਾ, ਸੰਸਾਰੀ ਲੱਛਣ, ਰੂਹਾਨੀ ਸਬਰ, ਪਾਸ਼ਵੀ ਕ੍ਰੋਧ, ਰੱਬੀ ਗਜ਼ਬ ਅਤੇ ਰੱਬੀ ਰਹਿਮ ਦੀਆਂ ਬਹੁ-ਮੁਖੀ ਪ੍ਰਕਿਆਵਾਂ ਨੂੰ ਯੁਗ-ਪ੍ਰਤਿਭਾ ਦੇ ਇਕ ਝਲਕਾਰੇ ਵਿਚ ਸਮੇਟ ਲਿਆ।

ਜਦੋਂ ਮਹਾਤਮਾ ਗਾਂਧੀ ਗੁਰੂ ਗੋਬਿੰਦ ਸਿੰਘ ਨੂੰ "ਗੁੰਮਰਾਹ ਦੇਸ਼ ਭਗਤ" ਆਖਦੇ ਹਨ, ਜਾਂ ਜਦੋਂ ਵਿਵੇਕਾਨੰਦ "ਸਰਬੋਤਮ ਹਿੰਦੂ" ਹੋਣ ਦਾ ਖਿਤਾਬ ਦਿੰਦੇ ਹਨ, ਜਾਂ ਜਦੋਂ ਟੈਗੋਰ ਆਪਣੇ ਲੇਖ "ਸ਼ਿਵਾ ਜੀ ਅਤੇ ਗੁਰੂ ਗੋਬਿੰਦ ਸਿੰਘ" ਵਿਚ ਆਪ ਨੂੰ ਗੁਰੂ ਨਾਨਕ ਸਾਹਿਬ ਦੇ ਆਤਮਿਕ ਪੱਥ ਤੋਂ ਭਟਕਿਆ ਮੁਸਾਫ਼ਰ ਆਖ ਕੇ ਤ੍ਰਿਸਕਾਰਦੇ ਹਨ, ਤਾਂ ਜਿੱਥੇ ਇਹ ਸੱਜਣ ਗੁਰੂ ਗੋਬਿੰਦ ਸਿੰਘ ਪ੍ਰਤੀ ਆਪਣੀ ਨਾ-ਸਮਝੀ ਦਾ ਇਜ਼ਹਾਰ ਕਰਦੇ ਹਨ, ਉੱਥੇ ਗੁਰੂ ਨਾਨਕ ਸਾਹਿਬ ਨੂੰ ਸਮਝਣ ਵਿਚ ਵੀ ਅਗਿਆਨ ਦਾ ਸਬੂਤ ਦਿੰਦੇ ਹਨ।

ਗੁਰੂ ਨਾਨਕ ਸਾਹਿਬ ਪਿੱਛੋਂ ਆਉਣ ਵਾਲੀਆਂ ਨੌਂ ਪਾਤਸ਼ਾਹੀਆਂ ਦੇ ਨਿੱਕੇ ਤੋਂ ਨਿੱਕੇ ਸੰਸਾਰੀ ਅਮਲ ਦੇ ਵਿਗਾਸ ਵਿਚ ਵੀ ਆਪਦੇ ਉਹਨਾਂ ਦੈਵੀ ਇਸ਼ਾਰਿਆਂ ਦੀ ਸੂਖਮ ਤਾਸੀਰ ਅਤੇ ਮਾਂ-ਅਸੀਸ ਕੰਮ ਕਰ ਰਹੀ ਹੈ, ਜਿਨ੍ਹਾਂ ਵਿਚ ਖੁੱਲ੍ਹੇ ਅਸਮਾਨ ਹੇਠ ਪ੍ਰਫੁਲਤ ਹੋ ਰਹੀ ਉਪਜਾਊ ਧਰਤੀ ਦਾ ਰਹੱਸ ਹੈ।

ਗੁਰੂ ਨਾਨਕ ਸਾਹਿਬ ਦੇ ਬੋਲਾਂ ਦੇ ਸੂਬਕ ਅਤੇ ਗਰਜਵੇਂ ਸੁਰ ਵਾਲੇ ਉਤਾਰ-ਚੜ੍ਹਾ, ਉਹਨਾਂ ਦੇ ਨਕਸ਼ਾਂ ਦੇ ਦੈਵੀ ਕਾਂਬੇ, ਧਰਤੀ ਦੀਆਂ ਅਦਾਵਾਂ ਵਿਚੋਂ ਫੁੱਟਿਆ ਉਹਨਾਂ ਦਾ ਸੂਹਜ-ਸੁਆਦ, ਉਹਨਾਂ ਦੀ ਜੀਭਾ ਉੱਤੇ ਗੁਦਗੁਦਾਏ ਬਨਾਸਪਤੀ ਦੇ ਅਨੇਕ ਸੁਆਦ, ਬਾਬਰ ਦੀ ਲਿਆਂਦੀ ਮੌਤ ਦੇ ਸਾਹਮਣੇ ਉਹਨਾਂ ਦੀ ਸਹਿਜ-ਮੁਸਕਾਨ, ਇਲਾਹੀ ਗਜ਼ਬ, ਉਦਾਸ ਯਕੀਨ ਅਤੇ ਭਾਣਾ ਰੋਸ ਅਤੇ ਅੰਤ ਵਿਚ ਅਚਿਹਨ ਜਗਤ ਦਾ ਵਿਸਮਾਦ ਜਗਾਉਂਦਾ ਭੈ—ਕੁਝ ਐਸੇ ਅਚੰਭੇ ਹਨ, ਜਿਹੜੇ ਇਹਨਾਂ ਦੈਵੀ ਇਸ਼ਾਰਿਆਂ ਵਿਚ ਕਿਸੇ ਤੀਬਰ ਇਕਾਗਰਤਾ ਦਾ ਅਵਤਾਰ ਧਾਰਨ ਕਰ ਗਏ। ਪੀਰ ਦੇ ਇਹਨਾਂ ਦੈਵੀ ਇਸ਼ਾਰਿਆਂ ਨੇ ਮੁਰੀਦ ਦੇ ਸੀਨੇ ਵਿਚ ਬੀਜ ਸੁੱਟਿਆ। ਲੋਕ ਮਨ ਵਿਚ ਇਕ ਬਹੁਤ ਵੱਡੀ ਤਾਕਤ ਜਮਾਂ ਹੋ ਗਈ, ਜਿਸ ਦੇ ਰੱਬੀ ਯਕੀਨ ਨੇ ਆਉਣ ਵਾਲੀਆਂ ਪੁਸ਼ਤਾਂ ਨਾਲ ਵੀ ਆਪਣੇ ਰਿਸ਼ਤੇ ਕਾਇਮ ਕਰ ਲਏ।

ਗੁਰੂ ਨਾਨਕ ਸਾਹਿਬ ਨੇ ਅਗਲੇ ਨੌਂ ਸਤਿਗੁਰਾਂ ਅਤੇ ਆਉਣ ਵਾਲੇ ਮੁਰੀਦਾਂ ਨਾਲ ਫਿਰ ਮਿਲਣ ਅਤੇ ਫੇਰ ਵਾਅਦੇ ਪੂਰਨ ਦੇ ਇਕਰਾਰ ਕੀਤੇ—ਮੁਰੀਦਾਂ ਆਉਣ ਵਾਲੇ ਮੁਰੀਦਾਂ ਨੂੰ ਅਧੂਰੀਆਂ ਵਫ਼ਾਵਾਂ ਸੰਪੂਰਨ ਕਰਨ ਦੇ ਬਚਨ ਦਿੱਤੇ। ਇਹ ਕੋਈ ਉਪਰ-ਪ੍ਰਕਿਰਤਕ ਅਲੰਕਾਰ ਨਹੀਂ ਕਿ ਗੁਰੂ ਨਾਨਕ ਸਾਹਿਬ ਨੇ ਠੀਕ ਦਸਵੇਂ ਜਾਮੇ ਵਿਚ ਕਾਜ਼ਮੀ ਰੁਕਨਦੀਨ ਤੋਂ ਗਨੀ ਖ਼ਾਂ ਅਤੇ ਨਬੀ ਖਾਂ ਦੇ ਰੂਪ ਵਿਚ ਸੇਵਾ ਲਈ ਸੀ। ਹਜ਼ੂਰ ਮੁਰੀਦ ਦਾ ਸਿਦਕ ਅਜਮਾਉਣ ਹੀ ਮਾਛੀਵਾੜੇ ਗਏ ਸਨ, ਜੋ ਕਿ ਗੁਰੂ ਨਾਨਕ ਦਾ ਦੈਵੀ ਸੁਭਾ ਸੀ।

ਸਿੱਖ ਸ਼ਹੀਦ ਮੌਤ ਦੀ ਦਰਗਾਹ ਵਿਚ ਦੇਗ ਅਤੇ ਤੇਗ ਦੀ ਖੂਬਸੂਰਤੀ ਪੈਦਾ ਕਰਦਾ ਹੈ। ਦੇਗ ਦੀ ਮਿਹਰ ਅਤੇ ਸੰਤੋਖ, ਤੇਗ ਦੀ ਸਹਿਜ-ਹਿੰਸਾ ਅਤੇ ਜੇਤੂ ਚਮਕ, ਗੁਰੂ ਨਾਨਕ ਦੇ ਦੈਵੀ ਇਸ਼ਾਰਿਆਂ ਵਿਚ ਮੌਜੂਦ ਸਨ। ਸਿੱਖ ਅਹਿੰਸਾ ਵਿਚ ਇਕ ਖੇੜਾ ਹੈ ਅਤੇ ਸਿੱਖ-ਹਿੰਸਾ ਵਿਚ ਇਕ ਮਿਹਰ ਹੈ! (ਨਿਰੋਲ ਹਿੰਦੂ ਸਭਾ ਵਾਲੀ ਨੈਤਿਕ ਦ੍ਰਿਸ਼ਟੀ ਇਸ ਰਾਜ਼ ਨੂੰ ਨਹੀਂ ਸਮਝ ਸਕਦੀ)। ਸਿੱਖ ਸ਼ਹੀਦ ਮੌਤ ਦੇ ਦੇਸ ਵਿਚ ਕੋਈ ਸੂਫ਼ੀਆਨਾ ਲਟਕ, ਬੇਖ਼ਬਰ ਸਰੂਰ, ਬੇਪਰਵਾਹ ਮੌਜ, ਇਕ ਜੇਤੂ ਖੇੜਾ ਅਤੇ ਸਬਰ ਦਾ ਕੋਈ ਗਜ਼ਬ ਪੈਦਾ ਕਰਦਾ ਹੈ; ਅਤੇ ਇਹ ਰੂਹਾਨੀ ਦ੍ਰਿਸ਼ ਮਨੁੱਖੀ ਇਤਿਹਾਸ ਨੂੰ ਇਕ ਬਿਲਕੁਲ ਨਿਆਰੇ ਅਤੇ ਵੱਖਰੇ ਮਹਾਂ-ਕਾਵਿ ਨਾਲ ਜੋੜਦੇ ਹਨ, ਜਿਸ ਵਿਚ ਕਿ ਦੇਗ ਅਤੇ ਤੇਗ ਦਾ ਸਰੂਰ ਹੈ। ਕਿਸੇ ਮਹਾਂ ਸਬਰ ਵਿਚ ਕਸਾਈਆਂ ਦੇ ਵਿੰਗ ਸਹਿੰਦੇ ਸਿੱਖ ਸ਼ਹੀਦ ਅਤੇ ਮੈਦਾਨਿ-ਜੰਗ ਵਿਚ ਜੂਝ ਕੇ ਡਿੱਗੇ ਸਿੱਖ ਸ਼ਹੀਦ ਮੌਤ ਦੀ ਭਿਆਨਕਰਤਾ ਦੇ ਕੇਂਦਰ ਨੂੰ ਜ਼ਿੰਦਗੀ ਦੇ ਕਦਮਾਂ ਦੇ ਤੀਬਰ ਨਸ਼ੇ ਨਾਲ ਜਾ ਵਿੰਨ੍ਹਦੇ ਹਨ।

ਸਿੱਖ ਮੌਤ ਨੂੰ ਹੱਠ ਨਾਲ ਨਹੀਂ ਜਿੱਤਦਾ, ਸਗੋਂ ਵਜਦ ਨਾਲ ਜਿੱਤਦਾ ਹੈ। ਗੁਰੂ ਅਰਜਨ ਸਾਹਿਬ ਦੀ ਸ਼ਹੀਦੀ ਬਾਬਰ ਨੂੰ ਰੱਬੀ ਗਜ਼ਬ ਨਾਲ ਤੱਕਦੇ ਗੁਰੂ ਨਾਨਕ ਸਾਹਿਬ ਦਾ ਹੀ ਇਕ ਪਲਟਿਆ ਇਸ਼ਾਰਾ ਹੈ। ਪੰਜੇ ਨਾਲ ਪਹਾੜ ਡੱਕਣ ਵਾਲਾ ਸਹਿਜ ਏਥੇ ਵੀ ਹੈ। ਸਿੱਖ ਇਤਿਹਾਸ ਵਿਚ ਪੀਰ ਅਤੇ ਮੁਰੀਦ ਦੀ ਪਿਰਹੜੀ ਹੀ ਕੁਝ ਐਸੇ ਰੰਗ ਵਾਲੀ ਹੈ ਕਿ ਪੰਚਮ ਪਾਤਸ਼ਾਹ ਨੇ ਗੁਰੂ ਨਾਨਕ ਜਿਹੇ ਕਹਿਰ ਨੂੰ ਉਹਨਾਂ ਦੇ ਪਹਾੜ ਰੋਕਣ ਜਿਹੇ ਸਬਰ ਨਾਲ ਹੀ ਠੱਲ੍ਹਿਆ।

ਪੰਚਮ ਪਾਤਸ਼ਾਹ ਦੀ ਸ਼ਹੀਦੀ ਦਾ ਇਹੋ ਰੰਗ ਹੈ, ਜੋ ਆਉਣ ਵਾਲੇ ਸਿੰਘ ਸ਼ਹੀਦਾਂ ਦੀ ਚੜ੍ਹਤਲ ਵਿਚ ਦਮਕਿਆ। ਗੁਰੂ ਤੇਗ ਬਹਾਦਰ ਸਾਹਿਬ ਦੇ ਸੀਸ ਦੇਣ ਦਾ ਫ਼ਕੀਰੀਅੰਦਾਜ਼, ਬੁੱਧੂ ਸ਼ਾਹ ਦੇ ਸ਼ਹੀਦ ਬੇਟਿਆਂ ਦੀ ਮੈਦਾਨਿ-ਜੰਗ ਵਿਚ ਸੂਫੀਆਨਾ ਹੇਕ ਜਹੀ ਚੜ੍ਹਤਲ, ਵਜ਼ੀਰ ਖਾਨ ਦੇ ਦਰਬਾਰ ਵਿਚ ਛੋਟੇ ਸਾਹਿਬਜ਼ਾਦਿਆਂ ਦੇ ਸਿਦਕ ਦੀ ਮਾਸੂਮ ਸਾਦਗੀ, ਉਬਲਦੇ ਪਾਣੀਆਂ ਵਿਚ ਭਾਈ ਦਿਆਲਾ ਅਤੇ ਤੇਜ਼ ਆਰਿਆਂ ਹੇਠ ਭਾਈ ਮਤੀ ਦਾਸ ਦਾ ਸਿਮਰਨ ਕਰਨਾ ਅਤੇ ਬਾਬਾ ਬੰਦਾ ਸਿੰਘ ਬਹਾਦਰ ਤੇ ਉਸ ਦੀ ਸ਼ਹੀਦੀ ਪਿੱਛੋਂ ਦੋ ਤੀਹ-ਚਾਲੀ ਵਰ੍ਹਿਆਂ ਦੇ ਸਿੱਖ ਸ਼ਹੀਦਾਂ ਦੇ ਜੱਲਾਦਾਂ ਨੂੰ ਕੀਤੇ ਮਖੌਲ—ਕੁਝ ਅਜਿਹੀਆਂ ਮਿਸਾਲਾਂ ਹਨ, ਜਿਹੜੀਆਂ ਦੱਸਦੀਆਂ ਹਨ ਕਿ ਸਿੱਖ ਸ਼ਹੀਦ ਦੀ ਹੇਕ ਮੌਤ ਦੀ ਦਰਗਾਹ




ਵਿਚ ਵੀ ਵਜਦ ਫੈਲਾ ਸਕਦੀ ਹੈ।

ਮੌਤ ਦੇ ਦਰਵਾਜ਼ਿਆਂ ਸਾਹਮਣੇ ਕਿਸੇ ਨਿਰਭੈ ਬੇਖ਼ਬਰੀ ਵਿਚ ਕੇਵਲ ਗੁਰੂ ਨਾਨਕ ਸਾਹਿਬ ਦੇ ਮੁਰੀਦਾਂ ਦੇ ਹੀ ਹਲ ਚਲ ਸਕਦੇ ਹਨ। ਗੁਰੂ ਨਾਨਕ ਸਾਹਿਬ ਦੀ ਅਹਿੰਸਾ, ਕਪਟੀ ਹਿੰਸਾ ਉੱਤੇ ਕ੍ਰੋਧਿਤ ਨਹੀਂ ਹੁੰਦੀ, ਸਗੋਂ ਉਸ ਦੀ ਨਿਰਬਲਤਾ ਉੱਤੇ ਕਿਸੇ ਫਕੀਰੀ ਸਹਿਜ ਵਿਚ ਮੁਸਕਰਾਉਂਦੀ ਹੈ ਅਤੇ ਫੇਰ ਪਿਤਾ—ਰੂਪ ਦੇ ਨਸ਼ੇ ਵਿਚ ਦੁਸ਼ਮਣਾਂ ਨੂੰ ਗਲੇ ਲਗਾਉਂਦੀ ਹੈ। ਜਿਨ੍ਹਾਂ ਨੇ ਗੁਰੂ ਨਾਨਕ ਦੀ ਇਸ ਬਲਵਾਨ ਰਮਜ਼ ਤੋਂ ਉਪਜਣ ਵਾਲੇ ਸ਼ਹੀਦੀ ਵੇਸ ਨੂੰ ਪਛਾਣਿਆ ਹੈ, ਉਹ ਜਾਣਦੇ ਹਨ ਕਿ ਵੀਹਵੀਂ ਸਦੀ ਦੀਆਂ ਅਕਾਲੀ ਲਹਿਰਾਂ ਵਿਚ ਸ਼ਹੀਦ ਹੋਣ ਵਾਲੇ ਅਨੇਕ ਸਿੰਘਾਂ ਦੀ ਸ਼ਾਂਤੀ, ਅਹਿੰਸਾ ਅਤੇ ਖੇੜੇ ਵਿਚ ਗੁਰੂ ਅਰਜਨ ਸਾਹਿਬ ਵਾਲਾ ਅੰਦਾਜ਼ ਸੀ, ਮਹਾਤਮਾ ਗਾਂਧੀ ਦੀ ਅਹਿੰਸਾ ਦੇ ਹਠੀ ਅਤੇ ਪਦਾਰਥਕ ਅੰਸ਼ਾਂ ਦੀ ਪਾਨ ਇਹਨਾਂ ਸ਼ਹੀਦਾਂ ਨੂੰ ਨਹੀਂ ਚੜ੍ਹੀ ਸੀ।

"ਨਾਮ ਜਪੋ, ਵੰਡ ਛਕੋ ਅਤੇ ਕਿਰਤ ਕਰੋ" ਦੇ ਸਿੱਖ-ਸਿਧਾਂਤ ਗੁਰੂ ਨਾਨਕ ਸਾਹਿਬ ਦੀ ਆਵਾਜ਼ ਵਿਚੋਂ ਹੀ ਪੈਦਾ ਹੋਏ। ਇਹਨਾਂ ਸਿਧਾਂਤਾਂ ਵਿਚ ਭਾਈ ਲਾਲੋ ਵਾਲਾ ਧਰਵਾਸ, ਮਿਠਾਸ ਅਤੇ ਸਬਰ ਹੈ; ਮੱਝੀਆਂ ਦੇ ਛੇੜੂ ਦੀ ਰੂਹਾਨੀਅਤ ਦਾ ਕਿਸਾਨ-ਚਰਿੱਤਰ ਹੈ ਅਤੇ ਗੁਰੂ ਅਰਜਨ ਸਾਹਿਬ ਦੇ ਤੱਤੀ ਤਵੀ ਉੱਤੇ ਬੈਠਣ ਵਾਲੀ ਮਹਾਨ ਚੁੱਪ ਹੈ। ਇਹ ਸਿਧਾਂਤ ਸਿੱਖ-ਸਭਿਆਚਾਰ ਦਾ ਨਿਆਰਾ ਹੁਸਨ ਹਨ ਅਤੇ ਗੁਰੂ ਨਾਨਕ ਦੀ ਤਾਸੀਰ ਵਿਚੋਂ ਉਤਪੰਨ ਹੋਏ ਹਨ। ਇਹਨਾਂ ਸਿਧਾਂਤਾਂ ਦੇ ਪਿਛੋਕੜ ਦੀ ਪਿਤਾ-ਬਖਸ਼ਿਸ਼, ਚੁੱਪ, ਧਰਤੀ ਜਿਹਾ ਰੱਜ ਅਤੇ ਰੂਹਾਨੀਅਤ ਦੇ ਕਿਸਾਨ-ਚਰਿੱਤਰ ਦੀ ਤਾਸੀਰ ਕੁਝ ਅਜਿਹੇ ਪੱਖ ਹਨ, ਜੋ ਕਿ ਬਾਬਾ ਬੰਦਾ ਸਿੰਘ ਬਹਾਦਰ ਦੇ ਪਹਿਲੀ ਵਾਰ ਸਰਹਿੰਦ ਜਿੱਤਣ ਸਮੇਂ, ਗੁਰਦਾਸ ਨੰਗਲ ਦੇ ਘੇਰੇ ਸਮੇਂ ਕਾਹਨੂੰਵਾਨ ਦੇ ਛੰਭ ਵਿਚ, ਲੱਖੀ ਦੇ ਜੰਗਲ ਵਿਚ, ਵੱਡੇ ਘੱਲੂਘਾਰੇ ਸਮੇਂ, ਅੰਤਮ ਵਾਰ ਸਭਰਾਵਾਂ ਦੇ ਮੈਦਾਨ ਵਿਚ ਅਤੇ ਫੇਰ ਕਦੇ ਪੰਜਾ ਸਾਹਿਬ ਦੇ ਸਾਕੇ ਨਿਰਵਿਘਨ ਰੂਪ ਵਿਚ ਅਟਲ ਰਹੇ।

ਖਾਲਸੇ ਦੀ ਸਿਰਜਣਾ ਨੂੰ ਕਿਸੇ ਆਧੁਨਿਕ ਮਨੋਵਿਗਿਆਨਕ ਦ੍ਰਿਸ਼ਟੀ ਅਤੇ ਸਾਧਾਰਨ ਦਾਰਸ਼ਨਿਕ ਤਰਕ ਨਾਲ ਨਹੀਂ ਸਮਝਿਆ ਜਾ ਸਕਦਾ। ਦਸਵੇਂ ਜਾਮੇ ਵਿਚ ਗੁਰੂ ਨਾਨਕ ਸਾਹਿਬ ਦੇ ਰੱਬੀ ਗਜ਼ਬ, ਰੱਬੀ ਯਕੀਨ ਅਤੇ ਰੱਬੀ ਰਹਿਮ, ਸ਼ਮਸ਼ੀਰ ਦੀ ਚਮਕ ਵਿਚ ਡੁੱਬ ਕੇ ਆਖਰੀ ਵਾਰ ਮੁਰੀਦਾਂ ਦੀ ਪਛਾਣ ਕਰਦੇ ਹਨ।

ਗੁਰੂ ਨਾਨਕ ਦੀ ਪੈਗ਼ੰਬਰੀ ਪ੍ਰਤਿਭਾ ਦਾ ਸੂਹਜ ਅਤੇ ਉਸ ਸੂਹਜ ਦੀ ਧਮਕ ਲੋਕ-ਮਨਾਂ ਵਿਚ ਫੈਲਦੀ ਰਹੀ ਸੀ। ਇਸ ਸੂਹਜ ਦੇ ਰੂਪ ਮਿਲ ਕੇ ਜ਼ਿੰਦਗੀ ਦਾ ਇਕ ਆਕਾਰੀ ਮਹਾਂ-ਕਾਵਿ ਸਾਜਦੇ ਹਨ, ਜਿਸ ਵਿਚ ਸ਼ਮਸ਼ੀਰ ਦਾ ਆਖਰੀ ਹੁਸਨ, ਸ਼ਹੀਦੀ ਦੀ ਆਖਰੀ ਤਰੰਗ ਅਤੇ ਕਿਰਸਾਣੀ ਦੀ ਆਖਰੀ ਮਿਠਾਸ ਦੇ ਰੰਗਾਂ ਦੀ ਪ੍ਰਧਾਨਗੀ ਸੀ। ਖਾਲਸਾ ਕਿਸੇ ਰਾਜਸੀ ਗੋਂਦ ਦਾ ਸਿੱਟਾ ਨਹੀਂ। ਨਾ ਇਸ ਦੀ ਬਣਤਰ ਲੈਨਿਨ ਦੇ ਸਾਮਵਾਦੀ ਦਲ (ਆਰਨਲਡ ਟੋਇਨਬੀ ਦਾ ਇਤਿਹਾਸਕ ਸਰਵੇਖਣ) ਵਾਂਗ ਵਿਕਾਸ ਵਿਚ ਆਈ ਹੈ। ਨਾ ਇਹ ਕਿਸੇ ਮਨੋਵਿਗਿਆਨਕ ਜਾਂ ਉਪਯੋਗਵਾਦੀ ਵਿਧੀ ਵਿਚੋਂ ਉਤਪੰਨ ਹੋਇਆ ਹੈ।

ਖਾਲਸਾ ਰੂਹਾਨੀ ਤਾਲੀਮ ਦੇਣ ਵਾਲੀ ਕੋਈ ਗਿਣੀ-ਮਿੱਥੀ ਸੰਸਥਾ ਵੀ ਨਹੀਂ, ਸਗੋਂ ਖਾਲਸਾ ਗੁਰੂ ਨਾਨਕ ਸਾਹਿਬ ਦੀ ਪੈਗੰਬਰੀ ਪ੍ਰਤਿਭਾ ਦੇ ਸਿਖਰ ਦਾ ਜਲਾਲ ਹੈ। ਖਾਲਸਾ ਇਸ ਜਲਾਲ ਦੀ ਸਿਖਰ ਦੁਪਹਿਰ ਹੈ, ਗੁਰੂ ਨਾਨਕ ਸਾਹਿਬ ਦੇ ਕਰਮ ਦੀ ਆਖਰੀ ਮੰਜ਼ਲ ਹੈ। ਅਜਿਹੇ ਆਕਾਰੀ ਅਤੇ ਨਿਰੰਕਾਰੀ ਦੈਵੀ ਦਿਸ਼ਾ ਨਾਲ ਇਕਸੁਰ ਹੋਏ ਦਸ਼ਮੇਸ਼ ਦੇ ਮੁਰੀਦਾਂ ਦੀ ਢਾਣੀ ਨੂੰ ਖਾਲਸਾ ਆਖ ਸਕਦੇ ਹਾਂ : 1. ਖਾਲਸਾ ਜੀ ਦੀ ਚੜ੍ਹਤਲ ਵਿਚ ਗੁਰੂ ਨਾਨਕ ਦੇ ਉਨ੍ਹਾਂ ਨੈਣਾਂ ਦਾ ਤੇਜ ਸੀ, ਜਿਨ੍ਹਾਂ ਵਿਚ ਯੋਗੀਆਂ, ਜਗਨਨਾਥ ਦੇ ਪੰਡਤਾਂ, ਕਾਜ਼ੀ ਰੁਕਨਦੀਨ, ਮਲਕ ਭਾਗੋ, ਬਾਬਰ ਅਤੇ ਭਾਰਤੀ ਪੁਰਾਣ ਅਤੇ ਦਰਸ਼ਨ ਨੂੰ ਖੁੱਲ੍ਹੀ ਵੰਗਾਰ ਸੀ। 2. ਗੁਰੂ ਅਰਜਨ ਦੀ ਸ਼ਹੀਦੀ ਦੇ ਪੜਾ ਉੱਤੇ ਗੁਰੂ ਨਾਨਕ ਦੀ ਮਹਾਂ ਵੰਗਾਰ ਦੀ ਖਾਮੋਸ਼ ਅਦਾ ਅਤੇ ਨੌਵੇਂ ਜਾਮੇ ਵਿਚ ਦੁਨੀਆਂ ਦੇ ਕੂੜ ਵਪਾਰੀ ਉੱਤੇ ਹੱਸ ਸਕਣ ਦਾ ਜੇਤੂ ਤਿਆਗ। 3. ਦਸਮ ਪਾਤਸ਼ਾਹ ਦੇ ਅਨੇਕ ਚੋਜਾਂ ਵਿਚੋਂ ਫੁਟਦਾ ਚੜ੍ਹੇ ਦਰਿਆਵਾਂ ਜਿਹਾ ਸੂਹਜ।.... ਖਾਲਸੇ ਦਾ ਬਾਹਰਲਾ ਸਰੂਪ ਗੁਰੂ ਨਾਨਕ ਦੀ ਪੈਗੰਬਰੀ ਪ੍ਰਤਿਭਾ ਦੇ ਮਹਾਂ ਤੇਜ ਦੇ ਉਦੈ ਹੋਣ ਦੇ ਸਭ ਤੋਂ ਸੁਹਣੇ, ਮਨੁੱਖੀ ਵਫ਼ਾ ਦਾ ਆਖ਼ਰੀ ਇਮਤਿਹਾਨ ਲੈਂਦੇ, ਸਿਦਕ ਦੇ ਵੱਡੇ ਪ੍ਰਤਾਪ ਵਾਲੇ ਅਤੇ ਸਭ ਤੋਂ ਤੀਬਰ ਖਿਣ ਦੀ ਗਵਾਹੀ ਦਿੰਦਾ ਹੈ। ਖਾਲਸੇ ਦਾ ਬਾਹਰਲਾ ਸਰੂਪ (ਪੰਜ ਕੱਕੇ) ਗੁਰੂ ਗੋਬਿੰਦ ਸਿੰਘ ਦੀ ਬਖਸ਼ਿਸ਼ ਦੇ ਸਭ ਤੋਂ ਨਿਆਰੇ ਚੋਜ ਦਾ ਹਸ਼ਰ ਤੱਕ ਨਿਭਣ ਵਾਲਾ ਗਵਾਹ ਹੈ।

ਖਾਲਸੇ ਦੇ ਬਾਹਰਲੇ ਸਰੂਪ ਪਿੱਛੇ ਕੋਈ ਕਰਮ-ਕਾਂਡ, ਰਾਜਸੀ ਜਾਂ ਮਨੋਵਿਗਿਆਨਕ ਮੰਤਵ ਨਹੀਂ, ਸਗੋਂ ਦਸਵੇਂ ਜਾਮੇ ਵਿਚ ਗੁਰੂ ਨਾਨਕ ਦੀ ਪੈਗੰਬਰੀ ਪ੍ਰਤਿਭਾ ਦੇ ਸੰਪੂਰਨ-ਇਕਾਗਰ ਕਹਿਰ ਅਤੇ ਬਖਸ਼ਿਸ਼ ਦਾ ਇਹੋ ਬਾਹਰਲਾ ਸਰੂਪ ਪਹਿਲਾ ਮੁਰੀਦ ਅਤੇ ਪਹਿਲਾ ਗਵਾਹ ਬਣਿਆ। ਸੋ ਜਿੱਥੇ ਗੁਰੂ ਨਾਨਕ ਦਾ ਸੰਦੇਸ਼ ਹੈ, ਉੱਥੇ ਇਸ ਗਵਾਹ ਅਤੇ ਮੁਰੀਦ ਦਾ ਹੋਣਾ ਵੀ ਲਾਜ਼ਮੀ ਹੈ।

ਗੁਰੂ ਨਾਨਕ ਸਾਹਿਬ ਕੋਲੋਂ ਮੁਰੀਦ ਨੂੰ ਜੋ ਆਖਰੀ ਬਖਸ਼ਿਸ਼ ਹੋਈ, ਉਸ ਦੀ ਤੀਬਰ ਚਮਕ ਗੁਰੂ ਗੋਬਿੰਦ ਸਿੰਘ ਦੇ ਅਨੇਕ ਚੋਜਾਂ ਵਿਚ ਸੀ। ਸੋ ਖਾਲਸੇ ਲਈ ਇਹ ਚੋਜ ਐਸੀ ਪੈਗੰਬਰੀ ਪ੍ਰਤਿਭਾ ਬਣ ਗਏ, ਜੋ ਉਸ ਦੀ ਸੰਸਾਰੀ ਗਾਥਾ ਨੂੰ ਪੁਰਾਣਿਕ ਅਸਚਰਜਤਾ ਨਾਲ ਭਰਪੂਰ ਕਰਦੇ ਸਨ, ਉਸ ਲਈ ਕੋਈ ਅਕੱਥ ਸੂਹਜ-ਮਾਰਗ ਬਣਦੇ ਸਨ ਅਤੇ ਉਸ ਦੀ ਛਾਤੀ ਅੰਦਰ ਗੁਦਗੁਦਾਉਂਦੇ ਮੋਹ ਨੂੰ ਨਿਰੰਕਾਰ ਦੀ ਅਚਿਹਨ ਲੀਲਾ ਦੇ ਰਹੱਸ ਨਾਲ ਵਿੰਨ੍ਹਦੇ ਸਨ। ਦ੍ਰਿਸ਼ਟਮਾਨ ਆਕਾਰੀ ਛੋਹਾਂ ਵਿਚ ਪੈਗੰਬਰੀ ਪ੍ਰਤਿਭਾ ਦਾ ਐਸਾ ਇਕਾਗਰ ਜਮਾਲ ਉਤਰਿਆ ਕਿ ਗੁਰੂ ਸਾਹਿਬ ਦਾ ਨੀਲਾ ਘੋੜਾ, ਬਾਜ਼, ਕਲਗੀ, ਤੀਰ-ਕਮਾਨ ਅਤੇ ਤੇਗ ਦਾ ਦੀਦਾਰ ਕੋਈ ਮਹਾਨ ਮਿਹਰ ਹੋ ਨਿਬੜਿਆ। ਜੈਤੋ ਦੇ ਮੋਰਚੇ ਤੱਕ ਇਹ ਪੈਗੰਬਰੀ ਪ੍ਰਤਿਭਾ ਸੈਆਂ ਮੁਰੀਦਾਂ ਵਿਚ ਚਲਦੀ ਬਖ਼ਸ਼ਿਸ਼ ਦੀ ਕਿਸੇ ਨਿਰਵਿਘਨ ਤਾਰ ਵਿਚ ਐਸਾ ਉਛਾਲਾ, ਐਸੀ ਤੀਬਰਤਾ, ਐਸਾ ਵੇਗ ਤੇ ਐਸੀ ਪਰਵਾਜ਼ ਭਰਦੀ ਰਹੀ ਕਿਓਸ ਦੰਭੀ ਸੰਸਾਰ ਦੀ ਗੰਵਾਰ ਚਾਲ ਵਿਚ ਖਾਲਸੇ ਦੇ ਕਾਰਨਾਮੇ ਕਿਸੇ ਉੱਪਰ ਪ੍ਰਕਿਰਤਿਕ ਸੂਖਮ ਛੋਹ ਅਤੇ ਪੌਰਾਣਿਕ ਆਭਾ ਨੂੰ ਜਨਮ ਦਿੰਦੇ ਰਹੇ। ਗੁਰੂ ਨਾਨਕ ਦੀ ਇਸ ਪੈਗੰਬਰੀ ਪ੍ਰਤਿਭਾ ਵਿਚ ਐਸਾ ਪ੍ਰਚੰਡ ਵੇਗ ਸੀ ਕਿ ਮੁਰੀਦਾਂ ਦੀ ਚਾਲ-ਢਾਲ, ਸੁਆਸਾਂ ਅਤੇ ਚੇਤਨਾ ਵਿਚ ਪਿਆਰੇ ਦੇ ਅੰਦਾਜ਼ ਹੀ ਉਗਮਦੇ ਰਹੇ। ਗੁਰੂ ਗੋਬਿੰਦ ਸਿੰਘ ਦੇ ਪੜਾ ਉੱਤੇ ਪਹੁੰਚ ਕੇ ਤਾਂ ਇਸ ਪੈਗੰਬਰੀ ਪ੍ਰਤਿਭਾ ਦੇ ਹੜ੍ਹ ਨੇ ਮੁਰੀਦਾਂ ਨੂੰ ਕਿਸੇ ਅਜਿਹੇ ਈਮਾਨ ਵਿਚ ਕੀਲ ਲਿਆ, ਜਿਸ ਦੀ ਨਿਰਵਿਘਨ ਥਰਥਰਾਹਟ ਦਾ ਰਿਸ਼ਤਾ ਆਉਣ ਵਾਲੀਆਂ ਨਸਲਾਂ ਨਾਲ ਵੀ ਕਾਇਮ ਹੋ ਗਿਆ। ਦਸਮ ਪਾਤਸ਼ਾਹ ਦੇ ਚੋਜ ਖਾਲਸੇ ਦੇ ਈਮਾਨ ਬਣ ਗਏ ਅਤੇ ਇਹਨਾਂ ਚੋਜਾਂ ਦੇ ਹੁਸਨ ਪਿੱਛੇ ਦੋ ਸੌ ਸਾਲ ਦੇ ਮੁਰੀਦਾਂ ਦੀ ਸੰਸਾਰੀ ਦ੍ਰਿਸ਼ਾਂ ਵਿਚ ਢਲੀ ਹੋਈ ਕਾਵਿ-ਦ੍ਰਿਸ਼ਟੀ ਸੀ। ਕੁੱਝ ਉਦਾਹਰਣਾਂ ਵੇਖੋ :

1. ਪੰਜੇ ਉੱਤੇ ਪਰਬਤ ਠੱਲ੍ਹਣਾ, ਤੱਤੀ ਤਵੀ ਉੱਤੇ ਬੈਠਣਾ, ਛੇਵੇਂ ਪਾਤਸ਼ਾਹ ਦੀ ਗਵਾਲੀਅਰ ਕਿਲੇ ਦੀ ਕੈਦ ਸਮੇਂ ਜਹਾਂਗੀਰ ਦਾ ਸੁਪਨਿਆਂ ਵਿਚ ਸ਼ੇਰਾਂ ਤੋਂ ਤ੍ਰਭਕਣਾ, ਕੱਚੀ ਗੜ੍ਹੀ ਵਿਚ ਬੈਠ ਕੇ ਬੇਸ਼ੁਮਾਰ ਸ਼ਹਿਨਸ਼ਾਹੀ ਲਸ਼ਕਰਾਂ ਨੂੰ ਵੰਗਾਰਨਾ ਅਤੇ 'ਜ਼ਫ਼ਰਨਾਮਾ' ਵਿਚ ਕੀਤੇ ਇਲਾਹੀ ਫੁਰਮਾਨ, ਬਾਬਾ ਬੰਦਾ ਸਿੰਘ ਬਹਾਦਰ ਦੀ ਸਰਹਿੰਦ ਦੀ ਫ਼ਤਹਿ ਅਤੇ ਗੁਰਦਾਸ ਨੰਗਲ ਦੇ ਘੇਰੇ ਪਿੱਛੋਂ ਅੰਤਮ ਸ਼ਹੀਦੀ, ਵੱਡਾ ਘੱਲੂਘਾਰਾ, ਸਭਰਾਵਾਂ ਦੀ ਜੰਗ ਅਤੇ ਪੰਜੇ ਸਾਹਿਬ ਦਾ ਸਾਕਾ—ਇਕੋ ਤਾਸੀਰ ਵਾਲੀ ਪੈਗੰਬਰੀ ਪ੍ਰਤਿਭਾ ਦੇ ਚਮਤਕਾਰ ਹਨ, ਜਿਸ ਨੇ ਕਿ ਗੁਰੂ ਨਾਨਕ ਦੇ ਰੂਪ ਵਿਚ ਭਾਰਤੀ ਦਰਸ਼ਨ ਅਤੇ ਪੌਰਾਣਿਕ ਬੁੱਤਾਂ ਦੀ ਸਰਦਾਰੀ ਨੂੰ ਖਤਮ ਕਰਕੇ ਇਕ ਨਿਆਰੇ ਅਤੇ ਜੇਤੂ ਸਿਖਰ ਵਾਲੇ "ਸਚਿ ਖੰਡ" ਦਾ ਪਰਚਮ ਝੁਲਾਇਆ ਸੀ।

2. ਮਾਛੀਵਾੜੇ ਦੇ ਜੰਗਲਾਂ ਵਿਚ ਸੁੱਤੇ ਦਸ਼ਮੇਸ਼ ਜੀ ਦੀ ਕਲਪਨਾ ਖਾਲਸੇ ਦੀ ਯੁਗੋ-ਯੁੱਗ ਅਟੱਲ ਚੇਤਨਾ ਬਣ ਗਈ ਹੈ। ਜਾਨ ਨੂੰ ਕੰਬਾ ਦੇਣ ਵਾਲੇ ਤਸੀਹਿਆਂ ਵਿਚ ਵੀ ਖਾਲਸਾ ਇਸ ਦੈਵੀ ਦ੍ਰਿਸ਼ ਵਿਚੋਂ ਸਬਰ ਦੀ ਬਰਕਤ, ਸ਼ਹਾਦਤ ਦਾ ਨਸ਼ਾ ਅਤੇ ਉਮੀਦ ਦਾ ਹੁਸਨ ਪੈਦਾ ਕਰਦਾ ਰਿਹਾ ਹੈ। ਆਪ ਦੇ "ਸਚਿ ਖੰਡ" ਜਾਣ ਪਿੱਛੋਂ ਦੇ ਤੀਹ ਸਾਲਾਂ ਵਿਚ ਖਾਲਸਾ ਇਕ ਬਹੁਤ ਵੱਡੇ ਉਦਰੇਵੇਂ ਵਿਚ ਰਿਹਾ, ਪਰ ਇਸ ਉਦਰੇਵੇਂ ਵਿਚ ਪਿਆਰੇ ਦੇ ਵਾਪਸ ਆ ਜਾਣ ਦਾ ਇਕਰਾਰ ਵੀ ਸੀ (ਜਿਵੇਂ ਭੈਣ ਨਾਨਕੀ ਗੁਰੂ ਨਾਨਕ ਸਾਹਿਬ ਨੂੰ ਉਡੀਕਿਆ ਕਰਦੀ ਸੀ)। ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਹੀਦੀ ਪਿੱਛੋਂ ਜਦੋਂ ਸਿੰਘ ਇਕ ਵਾਰ ਥਿੜਕ ਗਏ ਸਨ; ਮੀਰ ਮੰਨੂ ਦੇ ਜ਼ਮਾਨੇ ਵਿਚ ਖੇਰੂੰ ਖੇਰੂੰ ਹੋਣ ਦੇ ਕਿਨਾਰੇ ਉੱਤੇ ਪਹੁੰਚ ਗਏ ਸਨ ਅਤੇ ਗੁਜਰਾਤ ਦੀ ਜੰਗ ਪਿੱਛੋਂ ਜਦੋਂ ਬੇਸਹਾਰਾ ਹੋਏ ਔਝੜੇ ਔਝੜੇ ਫਿਰਦੇ ਸਨ ਇਹਨਾਂ ਬੇਬਸੀ ਦੇ ਜ਼ਮਾਨਿਆਂ ਵਿਚ ਖਾਲਸੇ ਦੇ ਚੁੱਪ ਵਿਚ ਮਾਛੀਵਾੜਾ, ਭਾਣਾ ਮੰਨਣ ਦੇ ਕਿਸੇ ਡੂੰਘੇ ਧਰਵਾਸ ਨੂੰ ਅਤੇ ਬਰਬਾਦੀਆਂ ਦੇ ਆਖ਼ਰੀ ਮੋੜ ਉੱਤੇ ਚਮਕਦੇ ਸ਼ਹਾਦਤ ਦੇ ਹੁਸਨ ਨੂੰ ਲਗਾਤਾਰ ਪੈਦਾ ਕਰਦਾ ਰਿਹਾ ਹੈ।

3. ਦਸਮ ਪਾਤਸ਼ਾਹ ਦਾ ਬਾਜ਼ ਸਿੱਖ ਕੌਮ ਲਈ ਕੋਈ ਵਹਿਮ ਜਾਂ ਉਪ ਭਾਵੁਕ ਉਛਾਲ ਨਹੀਂ, ਨਾਂਹ ਇਹ ਕੋਈ ਕਾਵਿ ਬਿੰਬ ਅਤੇ ਇਹ ਕੋਈ ਪ੍ਰਤੀਕ ਹੈ, ਸਗੋਂ ਗੁਰੂ ਨਾਨਕ ਦੇ ਦੈਵੀ ਗਜ਼ਬ ਅਤੇ ਦਸ਼ਮੇਸ਼ ਜੀ ਦੇ ਖਿਦਰਾਣੇ ਦੀ ਢਾਬ ਉੱਤੇ ਮਹਾਂ ਸਿੰਘ ਨੂੰ ਦਿੱਤੇ ਦੈਵੀ ਧਰਵਾਸ ਦੀ ਤੀਬਰ ਅਤੇ ਵੇਗਮਈ ਇਕਾਗਰਤਾ ਹੈ, ਜੋ ਕਿ ਖਾਲਸਾ-ਚੇਤਨਾ ਦਾ ਅਨਿੱਖੜ ਅੰਸ਼ ਹੈ ਅਤੇ ਸ਼ਹਾਦਤ ਦੇ ਮੋੜਾਂ ਉੱਤੇ ਉੱਭਰਦਾ ਹੈ।

4. ਬੇਦਾਵਾ ਲਿਖ ਗਏ ਮੁਰੀਦਾਂ ਦੀ ਉਦਾਸ ਵਾਪਸੀ ਦਾ ਮਹਾਨ ਕ੍ਰਿਸ਼ਮਾ ਸਿੱਖ-ਨਸਲਾਂ ਵਿਚ ਇਕ ਐਸਾ ਜ਼ਖ਼ਮੀ ਰੋਸ ਅਤੇ ਬੇਵਫ਼ਾਈ ਨੂੰ ਲੀਰੋ-ਲੀਰ ਕਰ ਸੁੱਟਣ ਵਾਲਾ ਅਗਨ-ਰੋਹ ਪੈਦਾ ਕਰ ਗਿਆ ਕਿ ਹਰ ਯੁੱਗ ਦੇ ਸਿੰਘ, ਪਿਆਰੇ ਨੂੰ ਸਭ ਤੋਂ ਖੂਬਸੂਰਤ ਸਿਜਦਾ ਸ਼ਹੀਦ ਹੋ ਕੇ ਹੀ ਕਰਨਗੇ। ਸੈਦ ਖਾਨ ਦਾ ਭਖੇ ਜੰਗ ਵਿਚ ਪਿਆਰੇ ਦੀ ਰਕਾਬ ਨੂੰ ਚੁੰਮਣਾ, ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਹੀਦੀ, ਸ਼ਾਮ ਸਿੰਘ ਅਟਾਰੀ ਵਾਲੇ ਦਾ ਆਖਰੀ ਵਕਤ, ਗ਼ਦਰੀ ਬਾਬਿਆਂ ਦੀਆਂ ਪੰਜਾਬ ਦੇਸ ਵੱਲ ਮੁਹਾਰਾਂ ਅਤੇ ਬਜਬਜ ਘਾਟ ਦਾ ਸਾਕਾ ਇਕੋ ਕਹਾਣੀ ਦੇ ਸੁਵੰਨਵੇਂ ਅੰਸ਼ ਹਨ।

ਬਾਕੀ ਸਫ਼ਾ 28 'ਤੇ

### ਅੱਲ੍ਹਾ ਯਾਰ ਖਾਂ ਜੋਗੀ ਦੀ ਛੋਟੇ ਸਾਹਿਬਜ਼ਾਦਿਆਂ ਨੂੰ ਸ਼ਰਧਾਂਜਲੀ

# 'ਸ਼ਹੀਦਾਨਿ-ਵਫ਼ਾ' ਅਰਥਾਤ ਸਾਕਾ ਸਰਹਿੰਦ

-ਸੁਰਜੀਤ ਸਿੰਘ ਭੱਟੀ

ਸਰਬੰਸ ਦਾਨੀ ਗੁਰੂ ਗੋਬਿੰਦ ਸਿੰਘ ਮਹਾਰਾਜ ਦੀ ਮਹਾਨ ਕੁਰਬਾਨੀ ਮਨੁੱਖੀ ਇਤਿਹਾਸ ਵਿੱਚ ਆਪਣਾ ਕੋਈ ਸਾਨੀ ਨਹੀਂ ਰੱਖਦੀ। ਗੁਰੂ ਗੋਬਿੰਦ ਸਿੰਘ ਜੀ ਬਾਰੇ ਭਾਈ ਨੰਦ ਲਾਲ ਨੇ ਆਪਣੀ ਕਲਮ ਨਾਲ, ਉਨ੍ਹਾਂ ਦੀ ਸ਼ਾਨ ਵਿੱਚ ਜੋ ਕੁਝ ਲਿਖਿਆ ਹੈ, ਉਸ ਵਿੱਚ ਉਨ੍ਹਾਂ ਨੂੰ ਹਰ ਕਾਰਜ ਕਰਨ ਦੇ ਸਮਰੱਥ ਅਤੇ 'ਬੇਕਸਾਂ-ਰਾ ਯਾਰ ਗੁਰੂ ਗੋਬਿੰਦ ਸਿੰਘ' ਦੇ ਕਥਨ ਰਾਹੀਂ, ਉਨ੍ਹਾਂ ਨੂੰ ਗਰੀਬਾਂ ਅਤੇ ਮਜ਼ਲੂਮਾਂ ਨੂੰ ਆਸਰਾ ਦੇਣ ਵਾਲੇ ਰੱਬੀ ਨੂਰ ਵਜੋਂ ਪ੍ਰਵਾਨ ਕੀਤਾ ਹੈ। ਭਾਈ ਨੰਦ ਲਾਲ ਨੇ ਤਾਂ ਗੁਰੂ ਸਾਹਿਬ ਦੀ ਸਿਫ਼ਤ ਵਿੱਚ ਜੋ ਕੁਝ ਕਿਹਾ:

ਹੱਕ ਖ਼ੁਦ ਵੱਸਾਫ਼ਿ ਗੁਰ ਗੋਬਿੰਦ ਸਿੰਘ

ਬਰ ਤਰੀਂ ਔਸਾਫ਼ਿ ਗੁਰ ਗੋਬਿੰਦ ਸਿੰਘ ।। (ਭਾਈ ਨੰਦ ਲਾਲ ਗ੍ਰੰਥਵਲੀ, ਪੰਨਾ 156/118)

ਗੁਰੂ ਗੋਬਿੰਦ ਸਿੰਘ ਜੀ ਆਨੰਦਪੁਰ ਦਾ ਕਿਲ੍ਹਾ ਛੱਡਣ ਤੋਂ ਬਾਅਦ ਸਰਸਾ ਨਦੀ ਦੇ ਕੰਢੇ ਆ ਕੇ ਆਪਣੇ ਪਰਿਵਾਰ ਨਾਲੋਂ ਵਿਛੜ ਜਾਂਦੇ ਹਨ। ਗੁਰੂ ਜੀ ਦੀ ਅਗਵਾਈ ਵਿੱਚ ਖ਼ਾਲਸਾ ਫ਼ੌਜ ਦਾ ਇੱਕ ਹਿੱਸਾ ਚਮਕੌਰ ਸਾਹਿਬ ਜਾ ਪਹੁੰਚਦਾ ਹੈ। ਵੱਡੇ ਸਾਹਿਬਜ਼ਾਦੇ ਅਤੇ ਗਿਣਤੀ ਦੇ ਸਿੰਘ ਹੀ ਗੁਰੂ ਸਾਹਿਬ ਨਾਲ ਚਮਕੌਰ ਸਾਹਿਬ ਪਹੁੰਚਦੇ ਹਨ। ਛੋਟੇ ਸਾਹਿਬਜ਼ਾਦੇ ਮਾਤਾ ਗੁਜਰੀ ਦੀ ਉਂਗਲ ਫੜ ਸਰਹਿੰਦ ਵਾਲੇ ਪਾਸੇ, ਗੰਗੂ ਬ੍ਰਾਹਮਣ ਦੇ ਪਿੰਡ ਖੇੜੀ ਪਹੁੰਚ ਜਾਂਦੇ ਹਨ। ਚਾਰੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਬਾਰੇ ਬਹੁਤ ਸਾਰੇ ਕਵੀਆਂ ਨੇ ਛੰਦ, ਕਵੀਸ਼ਰੀਆਂ, ਗੀਤ ਅਤੇ ਪ੍ਰਸੰਗ ਲਿਖੇ ਹਨ ਪਰ ਵੱਡੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਬਾਰੇ 'ਗੰਜਿ-ਸ਼ਹੀਦਾਂ' ਅਤੇ ਛੋਟੇ ਸਾਹਿਬਜ਼ਾਦਿਆਂ ਦੀ ਸਰਹਿੰਦ ਵਿੱਚ ਨੀਹਾਂ ਵਿੱਚ ਚਿਣੇ ਜਾਣ ਤੋਂ ਬਾਅਦ ਹੋਈ ਸ਼ਹਾਦਤ ਬਾਰੇ 'ਸ਼ਹੀਦਾਨਿ ਵਫ਼ਾ' ਦੋ ਮਰਸੀਏ ਜੋ, ਕੌਮੀ ਕਵੀ ਅਲਹ ਯਾਰ ਖਾਂ ਜੋਗੀ ਰਹਿਮਾਨੀ ਨੇ ਆਪਣੀ ਕਲਮ ਨਾਲ ਸ਼ਾਹਕਾਰ ਰੂਪ ਵਿੱਚ ਪੇਸ਼ ਕੀਤੇ ਹਨ, ਇਨ੍ਹਾਂ ਦੋਵਾਂ ਪ੍ਰਸੰਗਾਂ ਦਾ ਕੋਈ ਜਵਾਬ ਨਹੀਂ। ਅਲਹ ਯਾਰ ਖਾਂ ਨੇ ਔਰੰਗਜ਼ੇਬੀ ਜ਼ੁਲਮ, ਆਨੰਦਪੁਰ ਦਾ ਕਿਲ੍ਹਾ ਛੱਡਣ ਦੇ ਕਾਰਨ ਅਤੇ ਮੁਗ਼ਲਾਂ ਅਤੇ ਬਾਈਧਾਰ ਦੇ ਰਾਜਪੂਤ ਰਾਜਿਆਂ ਦੇ ਗਠਜੋੜ ਨੂੰ ਆਪਣੇ ਜ਼ਿਹਨ ਵਿੱਚ ਰੱਖਦਿਆਂ ਸਭ ਤੋਂ ਪਹਿਲਾਂ ਸਾਕਾ ਸਰਹਿੰਦ ਭਾਵ 'ਸ਼ਹੀਦਾਨਿ ਵਫ਼ਾ' ਦੀ ਰਚਨਾ ਕੀਤੀ। ਜਦੋਂ ਉਸ ਨੇ ਵੱਡੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਬਾਰੇ ਲਿਖਣ ਦਾ ਮਨ ਬਣਾਇਆ ਤਾਂ ਚਮਕੌਰ ਵਾਸੀਆਂ ਨੇ ਬਾਬਾ ਵੀਰ ਸਿੰਘ ਦੀ ਅਗਵਾਈ ਵਿੱਚ ਇੱਕ 'ਮੁਰੱਵਤ ਫੰਡ ਕਮੇਟੀ' ਬਣਾ ਕੇ ਅਲਹ ਯਾਰ ਖਾਂ ਨੂੰ ਵੱਡੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਬਾਰੇ ਨਜ਼ਮ ਲਿਖਣ ਲਈ ਬੇਨਤੀ ਕੀਤੀ। 'ਗੰਜਿ ਸ਼ਹੀਦਾਂ' ਮੁਰੱਵਤ ਕਮੇਟੀ ਵੱਲੋਂ ਪਹਿਲੀ ਵਾਰ ਸਾਲ 1913 ਵਿੱਚ ਛਾਪੀ ਗਈ। ਬਾਅਦ ਵਿੱਚ ਇਹ ਦੋਵੇਂ ਨਜ਼ਮਾਂ ਅਮਰ ਸਿੰਘ ਸ਼ੇਰੇ ਪੰਜਾਬ ਵੱਲੋਂ ਲਾਹੌਰ ਤੋਂ ਪ੍ਰਕਾਸ਼ਿਤ ਕੀਤੀਆਂ ਗਈਆਂ। 'ਸ਼ਹੀਦਾਨਿ ਵਫ਼ਾ' ਸਾਲ 1970 ਵਿੱਚ, ਭਾਸ਼ਾ ਵਿਭਾਗ ਪੰਜਾਬ ਵੱਲੋਂ ਛਾਪੀ ਗਈ। ਇਸ ਰਚਨਾ ਦਾ ਮੁਖਬੰਦ ਪ੍ਰਸਿੱਧ ਵਿਦਵਾਨ ਪ੍ਰਿਥੀਪਾਲ ਸਿੰਘ ਕਪੂਰ ਨੇ ਲਿਖਿਆ ਹੈ ਜੋ ਆਪਣੇ-ਆਪ ਵਿੱਚ ਇੱਕ ਖ਼ੂਬਸੂਰਤ ਇਤਿਹਾਸਕ ਅਤੇ ਕਲਾਤਮਕ ਯਤਨ ਹੈ।

ਅੱਲ੍ਹਾ ਯਾਰ ਖਾਂ 'ਜੋਗੀ ਰਹਿਮਾਨੀ' ਦੇ ਨਾਂ ਨਾਲ 'ਹਕੀਮ', 'ਮਿਰਜ਼ਾ' ਅਤੇ ਦੱਖਣੀ ਆਦਿ ਵਿਸ਼ੇਸ਼ਣ ਵੀ ਲੱਗੇ ਮਿਲਦੇ ਹਨ। ਇਸ ਨਾਲ ਉਨ੍ਹਾਂ ਦੇ ਜੀਵਨ ਅਤੇ ਪੇਸ਼ੇ ਬਾਰੇ ਕੁਝ ਗਿਆਨ ਪ੍ਰਾਪਤ ਹੁੰਦਾ ਹੈ।

ਪ੍ਰਿਥੀਪਲ ਸਿੰਘ ਕਪੂਰ ਹੁਰਾਂ ਨੇ ਅੱਲ੍ਹ ਯਾਰ ਖਾਂ ਦੇ




ਜੀਵਨ-ਵੇਰਵਿਆਂ ਬਾਰੇ ਆਪਣੇ ਵਿਚਾਰ ਪ੍ਰਗਟ ਕਰਦਿਆਂ ਲਿਖਿਆ ਹੈ ਕਿ, 'ਅੱਲ੍ਹਾ ਯਾਰ ਖਾਂ ਦੇ ਜਨਮ ਅਤੇ ਦਿਹਾਂਤ ਦੀਆਂ ਤਾਰੀਖ਼ਾਂ ਅਤੇ ਮਾਤਾ ਪਿਤਾ ਸੰਬੰਧੀ ਕੋਈ ਜਾਣਕਾਰੀ ਪ੍ਰਾਪਤ ਨਹੀਂ ਹੈ ਪਰ ਇਹ ਪਤਾ ਲਗਦਾ ਹੈ ਕਿ ਉਸ ਦੇ ਵੱਡੇ-ਵਡੇਰੇ ਦੱਖਣ ਤੋਂ ਪੰਜਾਬ ਆਏ ਅਤੇ ਲਾਹੌਰ ਵਸ ਗਏ। ਉਸ ਦੇ ਨਾਂ ਨਾਲ ਜੋਗੀ ਰਹਿਮਾਨੀ, ਮਿਰਜ਼ਾ, ਹਕੀਮ ਤੋਂ ਛੁੱਟ ਦੱਖਣੀ ਵੀ ਲਿਖਿਆ ਮਿਲਦਾ ਹੈ। ਮਿਰਜ਼ਾ ਅੱਲ੍ਹਾ ਯਾਰ ਖਾਂ ਰਿਸ਼ਟ-ਪੁਸ਼ਟ ਅਤੇ ਸ਼ੌਕੀਨ ਮਿਜ਼ਾਜ ਪੁਰਸ਼ ਸੀ ਅਤੇ ਸ਼ਕਲੋਂ ਸੁਣੱਖਾ ਵੀ ਸੀ। ਉਹ ਧਾਰਮਿਕ ਰੁਚੀਆਂ ਵਾਲਾ, ਚੰਗਾ ਪੜ੍ਹਿਆ-ਲਿਖਿਆ ਸ਼ਾਇਰ ਮੰਨਿਆ ਜਾਂਦਾ ਸੀ। ਉਸ ਦੇ ਦਿਆਲੂ ਸੁਭਾਅ ਕਰ ਕੇ ਉਹ ਰਹਿਮਾਨੀ ਕਰ ਕੇ ਜਾਣਿਆ ਜਾਂਦਾ ਸੀ। ਰਹਿਮਾਨੀ ਦਾ ਸ਼ਾਬਦਿਕ ਅਰਥ ਰੱਬੀ ਜਾਂ ਦਿਆਲੂ ਹੈ। ਉਸ ਦੀ ਧਾਰਨਾ ਸੀ:

ਹਿੰਦੂ ਹੈਂ ਸਭ ਅੱਛੇ ਨਾ ਮੁਸਲਮਾਨ ਹੈਂ ਅੱਛੇ

ਦਿਲ ਨੇਕ ਹੈਂ ਜਿਨ ਕੇ, ਵੋਹੀ ਇਨਸਾਨ ਹੈਂ ਅੱਛੇ

ਅੱਲ੍ਹਾ ਯਾਰ ਖਾਂ ਸੁਲਾਹ-ਇ-ਕੁਲ ਦੇ ਨਿਯਮ ਦਾ ਪੱਕਾ ਧਾਰਨੀ ਤਾਂ ਹੈ ਹੀ ਸੀ ਪਰ ਉਹ ਸਿੱਖ ਗੁਰੂ ਸਾਹਿਬਾਨ ਅਤੇ ਵਿਸ਼ੇਸ਼ ਕਰ ਕੇ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਜ਼ੁਲਮ ਅਤੇ ਬੇਇਨਸਾਫ਼ੀ ਵਿਰੁੱਧ ਧਰਮ ਯੁੱਧ ਵਿੱਢ ਲੈਣ ਤੋਂ ਬਹੁਤ ਪ੍ਰਭਾਵਿਤ ਸੀ। ਕਈ ਗੱਲਾਂ ਹੈਰਾਨ ਕਰਨ ਵਾਲੀਆਂ ਹੁੰਦੀਆਂ ਹਨ। ਇੱਕ ਨੇਕ ਮੁਸਲਮਾਨ ਹੁੰਦਿਆਂ ਜਿਵੇਂ ਜੋਗੀ ਜੀ ਨੇ ਗੁਰੂ ਗੋਬਿੰਦ ਸਿੰਘ ਜੀ, ਚਾਰ ਸਾਹਿਬਜ਼ਾਦਿਆਂ, ਮਾਤਾ ਗੁਜਰੀ, ਗੁਰੂ ਤੇਗ ਬਹਾਦਰ ਸਾਹਿਬ, ਸਿੱਖਾਂ ਦੇ ਸਰਬੱਤ ਦੇ ਭਲੇ ਦੀ ਵੱਡੀ ਸੋਚ, ਸਿੱਖ ਇਤਿਹਾਸ, ਸਿੱਖ ਸਿਧਾਂਤ ਅਤੇ ਪਰੰਪਰਾਵਾਂ ਦੇ ਨਾਲ ਨਾਲ ਔਰੰਗਜ਼ੇਬ ਦੀ ਫ਼ਿਰਕਾਪ੍ਰਸਤ ਅਤੇ ਜ਼ਾਲਿਮ ਜ਼ਿਹਨੀਅਤ ਦੇ ਸਮੇਤ, ਉਸ ਵੱਲੋਂ ਆਪਣੇ ਪਿਤਾ ਸ਼ਾਹ ਜਹਾਂ, ਭਰਾ ਦਾਰਾ ਸ਼ਿਕੋਹ ਅਤੇ ਹੋਰ ਭਰਾਵਾਂ ਨਾਲ ਤਖ਼ਤ ਲਈ ਕੀਤੇ ਕਤਲੇਆਮ ਦਾ ਜ਼ਿਕਰ ਕਰ ਕੇ ਆਪਣਾ ਨਾਂ ਮਨੁੱਖਤਾ ਦੇ ਸੱਚੇ ਪਹਿਰੇਦਾਰ ਅਤੇ ਸਰਬੱਤ ਦਾ ਭਲਾ ਮੰਗਣ ਵਾਲੇ ਮਹਾਨ ਕਵੀ ਅਤੇ ਇਤਿਹਾਸਕਾਰ ਦੇ ਤੌਰ 'ਤੇ ਅਮਰ ਕਰ ਲਿਆ ਹੈ। ਉਸ ਦੀ ਰਚਨਾ ਪੜ੍ਹ ਕੇ ਹਿੰਦੂ ਅਤੇ ਇਸਲਾਮ ਧਰਮ ਦੇ ਮਿਥਿਹਾਸ, ਇਤਿਹਾਸ ਅਤੇ ਧਾਰਮਿਕ ਰਹੁ-ਰੀਤਾਂ ਬਾਰੇ ਉਸ ਦੇ ਵਿਸ਼ਾਲ ਗਿਆਨ ਨੂੰ ਇਸ ਰਚਨਾ ਵਿੱਚ ਜਿਵੇਂ ਨਗੀਨਿਆਂ ਵਾਂਗ ਜੜ ਕੇ ਪੇਸ਼ ਕੀਤਾ ਗਿਆ ਹੈ, ਉਹ ਹਰ ਤਰ੍ਹਾਂ ਨਾਲ ਕਾਬਿਲੇ ਤਾਰੀਫ਼ ਹੀ ਨਹੀਂ ਸਗੋਂ ਨਾਕਾਬਿਲੇ ਫ਼ਰਾਮੋਸ਼ ਵੀ ਹੈ। ਕਿੰਨੇ ਕੁ ਸਿੱਖ, ਹਿੰਦੂ ਜਾਂ ਹੋਰ ਧਰਮਾਂ ਨਾਲ ਜੁੜੇ ਸ਼ਾਇਰ ਹਨ ਜਿਨ੍ਹਾਂ ਨੇ, ਕਰਬਲਾ ਦੀ ਜੰਗ ਵਿੱਚ ਹਜ਼ਰਤ ਮੁਹੰਮਦ ਸਾਹਿਬ ਦੇ ਦੋਹਤਿਆਂ ਹਸਨ ਅਤੇ ਹੁਸੈਨ ਦੀ ਕੁਰਬਾਨੀ ਨੂੰ ਯਾਦ ਕਰਦਿਆਂ, ਆਪਣੀ ਕਲਮ ਰਾਹੀਂ ਹੰਝੂ ਵਹਾਏ ਹਨ। ਸ਼ਾਇਰ ਹਿੰਦੂ, ਮੁਸਲਮਾਨ ਜਾਂ ਸਿੱਖ ਹੋਣ ਕਰਕੇ ਨਹੀਂ ਸਗੋਂ ਆਪਣੀ ਸ਼ਾਇਰੀ ਕਰਕੇ ਸਤਿਕਾਰੇ ਜਾਂਦੇ ਹਨ। ਅੱਲ੍ਹਾ ਯਾਰ ਖਾਂ ਦੀ ਕਲਮ ਨੇ ਚਾਰੇ ਸਾਹਿਬਜ਼ਾਦਿਆਂ ਦੀ ਯਾਦ ਵਿੱਚ ਆਪਣੀ ਕਲਮ ਨਾਲ ਜੋ ਅੱਥਰੂ ਵਹਾਏ ਹਨ, ਇਨ੍ਹਾਂ ਨਾਲ ਉਨ੍ਹਾਂ ਦਾ ਨਾਂ ਮਨੁੱਖਤਾ ਦੇ ਇਤਿਹਾਸ ਵਿੱਚ ਅਮਰ ਹੋ ਗਿਆ ਹੈ। ਜੋਗੀ ਜੀ ਨੇ ਆਪਣੀ ਕਲਮ ਰਾਹੀਂ ਗੁਰੂ ਸਾਹਿਬ ਦੀ ਜੋ ਸ਼ੋਭਾ ਕੀਤੀ ਹੈ ਉਹ ਕਮਾਲ ਤੋਂ ਵੀ ਅੱਗੇ ਹੈ:

ਇਨਸਾਫ਼ ਕਰੇ ਜੀ ਮੇਂ ਜ਼ਮਾਨਾ ਤੋ ਯਕੀਂ ਹੈ,

ਕਹਿ ਦੇ ਗੁਰੂ ਗੋਬਿੰਦ ਕਾ ਸਾਨੀ ਹੀ ਨਹੀਂ ਹੈ।

ਅਤੇ

ਕਰਤਾਰ ਕੀ ਸੁਗੰਦ ਹੈ, ਨਾਨਕ ਕੀ ਕਸਮ ਹੈ

ਜਿਤਨੀ ਭੀ ਹੋ ਗੋਬਿੰਦ ਕੀ ਤਾਰੀਫ਼, ਵੁਹ ਕਮ ਹੈ

(ਗੰਜਿ ਸ਼ਹੀਦਾਂ, ਬੰਦ 17-18)

ਸਾਰੀ ਰਚਨਾ ਦੇ ਪਾਠ ਤੋਂ ਬਾਅਦ ਪਾਠਕ ਨੂੰ ਯਕੀਨ ਹੋ ਜਾਂਦਾ ਹੈ ਕਿ ਜਿਵੇਂ ਇਤਿਹਾਸ ਦੀ ਹਰ ਘਟਨਾ ਦਾ ਕਵੀ ਚਸ਼ਮਦੀਦ ਗਵਾਹ ਹੋਵੇ। ਹਰ ਘਟਨਾ ਦਾ ਅਸਰ ਹਰ ਪਾਤਰ ਉੱਤੇ ਕਿਵੇਂ ਹੋਇਆ ਹੋਵੇਗਾ। ਇਸ ਦੀ ਅਮੀਰ ਕਲਪਨਾ ਸਿਰਫ਼ ਜੋਗੀ ਜੀ ਹੀ ਕਰ ਸਕਦੇ ਸਨ। ਇੰਜ ਮਹਿਸੂਸ ਹੁੰਦਾ ਹੈ ਕਿ ਜਿਵੇਂ ਅੱਜ ਦੀ ਭਾਸ਼ਾ ਵਿੱਚ ਅੱਲ੍ਹਾ ਯਾਰ ਖਾਂ ਆਪਣੇ ਕਲਮੀ ਸ਼ਬਦਾਂ ਨਾਲ ਘਟਨਾਵਾਂ ਦੀ ਮੂਵੀ ਬਣਾ ਰਹੇ ਹੋਣ। ਸਰਸਾ ਦੇ ਕੰਢੇ ਜਿੱਥੇ ਅੱਜ-ਕੱਲ੍ਹ ਗੁਰਦੁਆਰਾ ਪਰਿਵਾਰ ਵਿਛੋੜਾ ਸ਼ੁਸ਼ੋਭਿਤ ਹੈ ਉੱਥੇ ਗੁਰੂ ਸਾਹਿਬ ਦੇ ਪਰਿਵਾਰ ਦੇ ਵਿਛੋੜੇ ਦਾ ਜ਼ਿਕਰ ਸਟੀਕ ਅਤੇ ਸੰਜਮਮਈ ਹੈ:

ਹਮਰਾਹ ਰਹਿ ਗਏ, ਗਰਜ਼ ਚੰਦ ਜਾਂ-ਨਿਸਾਰ

ਫ਼ਰਜ਼ੰਦੋ ਮੇਂ ਸੇ ਥੇ ਸਾਥ ਅਜੀਤ ਔਰ ਜੁਝਾਰ

ਜ਼ੋਰਾਵਰ ਔਰ ਫ਼ਤਹਿ ਜੋ ਦਾਦੀ ਕੇ ਸਾਥ ਥੇ

ਦਾਇ ਕੀ ਜਗਹ ਚਲ ਦੀਏ ਵੁਹ ਬਾਯੇਂ ਹਾਥ ਥੇ

(ਸ਼ਹੀਦਾਨਿ ਵਫ਼ਾ- ਬੰਦ 41)

ਗੁਰੂ ਗੋਬਿੰਦ ਸਿੰਘ ਜੀ ਕੁਰਬਾਨੀ ਕਰਨ ਲਈ ਆਪਣੇ ਫੌਲਾਦੀ ਨਿਸ਼ਚੇ ਦਾ ਪ੍ਰਗਟਾਵਾ ਇਨ੍ਹਾਂ ਸ਼ਬਦਾਂ ਨਾਲ ਕਰਦੇ ਹਨ:

ਪਹਿਲੇ ਪਿਤਾ ਕਟਾਇਆ ਅਬ ਬੇਟੇ ਕਟਾਊਂਗਾ,

ਨਾਨਕ ਕਾ ਬਾਗ਼-ਖ਼ੂਨ-ਏ-ਜਿਗਰ ਸੇ ਖਿਲਾਊਂਗਾ।

(ਬੰਦ-44)

ਆਪਣੇ ਸਿੱਖਾਂ ਨੂੰ ਗੁਰੂ ਜੀ ਕਿੰਨਾ ਪਿਆਰ ਕਰਦੇ ਹਨ ਇਸ ਤੱਥ ਦਾ ਅੰਦਾਜ਼ਾ ਇਸ ਸੱਚ ਤੋਂ ਲਗਾਇਆ ਜਾ ਸਕਦਾ ਹੈ ਕਿ ਉਹ ਬੇਟਿਆਂ ਨੂੰ ਤਾਂ ਖ਼ੁਸ਼ੀ-ਖ਼ੁਸ਼ੀ ਕੁਰਬਾਨ ਕਰਨ ਲਈ ਤਿਆਰ ਬਰ ਤਿਆਰ ਹਨ ਪਰ ਆਪਣੇ ਸਿੱਖਾਂ ਨੂੰ ਅਜਾਈਂ ਸ਼ਹੀਦ ਕਰਵਾਉਣਾ, ਉਹ ਕਦੀ ਸੁਫਨੇ ਵਿੱਚ ਵੀ ਨਹੀਂ ਸੋਚ ਸਕਦੇ ਸਨ। ਗੁਰੂ ਜੀ ਦੀ ਇਸ ਭਾਵਨਾ ਦਾ ਜ਼ਿਕਰ ਸ਼ਾਇਰ ਨੇ ਕਿੰਨੀ ਖ਼ੂਬਸੂਰਤੀ ਅਤੇ ਸਮਝ ਨਾਲ ਕੀਤਾ ਹੈ। ਇਸ ਦਾ ਕਮਾਲ ਇਨ੍ਹਾਂ ਸ਼ਬਦਾਂ ਵਿੱਚ ਵੇਖਿਆ ਜਾ ਸਕਦਾ ਹੈ। ਅਨੰਦਪੁਰ ਛੱਡਣ ਵੇਲੇ ਸਿੱਖ ਲੜ ਕੇ ਸ਼ਹੀਦ ਹੋਣਾ ਚਾਹੁੰਦੇ ਸਨ ਪਰ ਗੁਰੂ ਜੀ ਦੇ ਦਿਲ ਵਿੱਚ ਆਪਣੇ ਮੁਰੀਦਾਂ ਲਈ ਪਿਆਰ ਵੇਖੋ:

ਸਿੱਖੋਂ ਕੀ ਆਰਜ਼ੂ ਥੀ ਕਿ ਲੜ ਕਰ ਸ਼ਹੀਦ ਹੋਂ

ਸਤਗੁਰ ਯਿਹ ਸੋਚਤੇ ਥੇ ਨਾ ਜ਼ਾਇਅ ਮੁਰੀਦ ਹੋਂ

(ਬੰਦ-2)

## ਅੱਠ ਸ਼ਹੀਦੀਆਂ ਦਾ ਯੁੱਗ

# ਮਾਤਾ ਗੁਜਰੀ

ਹਰਸਿਮਰਨ ਕੌਰ

ਮਾਤਾ ਗੁਜਰੀ ਨੂੰ ਅੱਠ ਸ਼ਹੀਦੀਆਂ ਦਾ ਯੁੱਗ ਆਖ ਕੇ ਯਾਦ ਕੀਤਾ ਜਾਂਦਾ ਹੈ। ਇਹ ਯੁੱਗ (ਭਾਵ ਮਾਤਾ ਗੁਜਰੀ) ਦੁਨੀਆਂ ਵਿਚ ਆਉਣ ਵਾਲੀ ਹਰ ਸ਼ਖ਼ਸੀਅਤ ਤੋਂ ਵਿਲੱਖਣ ਹੈ। ਮਾਤਾ ਗੁਜਰੀ ਸ਼ਹੀਦ ਦੀ ਮਾਂ, ਸ਼ਹੀਦ ਦੀ ਪਤਨੀ, ਸ਼ਹੀਦ ਦੀ ਭੈਣ (ਭਰਾ ਕਿਰਪਾਲ ਸਿੰਘ), ਸ਼ਹੀਦਾਂ ਦੀ ਦਾਦੀ ਤੇ ਫੇਰ ਅੱਗੋਂ ਆਪ ਸ਼ਹੀਦ ਸ਼ਖ਼ਸੀਅਤ। ਸਹਿਣਸ਼ੀਲਤਾ, ਧਰਮ, ਦੇਸ਼, ਕੌਮ ਦਾ ਪਿਆਰ- ਮਾਤਾ ਆਪਣੀ ਕੰਨੀ ਬੰਨ੍ਹ ਕੇ ਵਿਹੁਮਾਤਾ ਤੋਂ ਲਿਆਈ ਸੀ। ਮਨੁੱਖਤਾ ਦੀ ਭਲਾਈ, ਮਨੁੱਖਤਾ ਦਾ ਦਰਦ ਲਈ ਆਪਣਾ ਹੀ ਨਹੀਂ ਸਗੋਂ ਆਪਣੇ ਜਣੇਆਂ ਦਾ ਵੀ ਖ਼ੂਨ ਨਿਛਾਵਰ ਕੀਤਾ।

ਮਾਤਾ ਗੁਜਰੀ ਜੀ ਦਾ ਜਨਮ 1622 ਵਿਚ ਲਾਲ ਚੰਦ ਸੁਭਿੱਖੀ ਦੇ ਘਰ ਕਰਤਾਰਪੁਰ ਵਿਚ ਹੋਇਆ। ਸੰਨ 1633 ਵਿਚ ਇਨ੍ਹਾਂ ਦੀ ਸ਼ਾਦੀ ਗੁਰੂ ਤੇਗ ਬਹਾਦਰ ਜੀ ਨਾਲ ਹੋਈ। ਸੰਨ 1661 ਵਿਚ ਜਦੋਂ ਗੁਰੂ ਤੇਗ ਬਹਾਦਰ ਜੀ ਬੰਗਾਲ, ਆਸਾਮ ਤੇ ਕਾਮਰੂਪ ਧਰਮ ਪ੍ਰਚਾਰ ਕਰਨ ਗਏ ਹੋਏ ਸਨ ਤਾਂ ਗੋਬਿੰਦ ਜੀ ਦਾ ਜਨਮ ਹੋਇਆ, ਇਸ ਸਮੇਂ ਮਾਤਾ ਗੁਜਰੀ ਜੀ 42 ਸਾਲ ਦੇ ਸਨ। ਗੁਰੂ ਤੇਗ ਬਹਾਦਰ ਜੀ ਜਿੱਥੇ ਗੁਰਗੱਦੀ ਅਨੁਸਾਰ ਆਪਣੇ ਕੰਮ ਕਰਦੇ ਸੀ, ਉੱਥੇ ਮਾਤਾ ਗੁਜਰੀ ਆਪਣੇ ਪੁੱਤਰ ਗੋਬਿੰਦ ਜੀ ਨੂੰ ਮਨੋਬਲ ਤੇ ਜਿਸਮਾਨੀ ਤਾਕਤ ਦੇਣ ਲਈ ਗਤਕਾਬਾਜ਼ੀ, ਤੀਰਅੰਦਾਜ਼ੀ, ਨੇਜ਼ਾਬਾਜ਼ੀ ਅਤੇ ਢਾਲ-ਤਲਵਾਰ ਵਿਚ ਪੂਰਨ ਕਰਨ ਲਈ ਹਰ ਕੋਸ਼ਿਸ਼ ਕਰਦੀ ਸੀ। ਇਨ੍ਹਾਂ ਨੂੰ 51ਵੇਂ ਸਾਲ ਪਤੀ ਦੀ ਸ਼ਹੀਦੀ ਦਾ ਸਾਕਾ ਸ਼ਹਿਣਾ ਪਿਆ। ਪ੍ਰਮਾਤਮਾ ਦੇ ਹੁਕਮ ਨੂੰ ਸਿਰ ਮੱਥੇ 'ਤੇ ਰੱਖ ਕੇ ਫੌਜ ਦੀ ਵਾਗਡੋਰ ਇਕ ਸੈਨਾਪਤੀ ਦੀ ਤਰ੍ਹਾਂ ਸਾਂਭੀ।

ਇਸ ਸਮੇਂ ਗੋਬਿੰਦ ਸਿੰਘ ਜੀ 9 ਸਾਲ ਦੇ ਸਨ। ਪਰ ਹਰ ਸਮੇਂ ਆਪਣੇ ਪੁੱਤਰ ਵਿਚ ਧਰਮ, ਦੇਸ਼ ਤੇ ਮਨੁੱਖਤਾ ਨਾਲ ਪਿਆਰ ਜਗਾ ਕੇ ਸੰਤੁਸ਼ਟ ਹੁੰਦੀ ਸੀ। ਚਾਰੋ ਸਾਹਿਬਜ਼ਾਦਿਆਂ ਵਿਚ ਦ੍ਰਿੜਤਾ ਭਰਨ ਵਿਚ ਮਹੱਤਵਪੂਰਨ ਕੰਮ ਇਨ੍ਹਾਂ ਨੇ ਹੀ ਕੀਤਾ। ਇਹੋ ਕਾਰਨ ਹੈ ਕਿ ਛੋਟੀਆਂ ਜਿੰਦਾਂ ਵਿਚ ਧਰਤ ਤੇ ਦੇਸ਼ ਦੇ ਅੱਗੇ ਕੋਈ ਅਮੀਰੀ ਨੇ ਆ ਕੇ ਅੜਚਣ ਨਾ ਪਾਈ। ਮਾਤਾ ਗੁਜਰੀ ਜ਼ਿੰਦਗੀ ਦੀਆਂ ਕੌੜੀਆਂ ਸੱਚਿਆਈਆਂ ਦੇ ਅੱਗੇ ਝੁਕੀ ਨਹੀਂ। 1705 ਈ. ਵਿਚ ਦਸੰਬਰ ਦੀ ਕਾਲੀ ਠੰਢੀ ਰਾਤ ਉਪਰੋਂ ਸਰਸੇ ਵਿਚ ਬਾਰਿਸ਼ ਕਰਕੇ ਹੜ੍ਹ ਆਇਆ ਹੋਇਆ ਤੇ ਪਿੱਛੋਂ ਦਗਾਬਾਜ਼ ਪਹਾੜੀ ਮੁਗਲਾਂ ਦਾ ਹਮਲਾ। ਇਨ੍ਹਾਂ ਹਾਲਾਤ ਵਿਚ ਮਾਤਾ ਗੁਜਰੀ ਤੇ ਛੋਟੇ ਸਾਹਿਬਜ਼ਾਦੇ ਪਰਿਵਾਰ ਤੋਂ ਵਿਛੜ ਗਏ। ਗੰਗੂ ਰਸੋਈਏ ਦਾ ਮਾਤਾ ਗੁਜਰੀ ਤੋਂ ਸਾਰਾ ਕੀਮਤੀ ਸਾਮਾਨ ਤੇ ਮੋਹਰਾਂ ਬਟੋਰਨੀਆਂ ਫੇਰ ਸੂਬੇਦਾਰ ਨੂੰ ਜਾ ਕੇ ਮਾਤਾ ਗੁਜਰੀ ਤੇ ਸਾਹਿਬਜ਼ਾਦਿਆਂ ਦੀ ਖ਼ਬਰ ਦੇਣੀ

ਮੂੜੇ ਤੇ ਮਨ ਤੇ ਰਾਮ ਬਿਸਾਰਿਓ

ਲੂਣ ਖਾਇ ਕਰਹਿ ਹਰਾਮ ਖੋਰੀ ਪੇਖਤ ਨੈਨ ਬਿਦਾਰਿਓ

(ਮਾਰੂ 1001- ਗੁਰੂ ਗ੍ਰੰਥ ਸਾਹਿਬ)

ਦਾਦੀ ਦੀਆਂ ਸਿੱਖਿਆਵਾਂ ਨੇ ਛੋਟੇ ਸਾਹਿਬਜ਼ਾਦਿਆਂ ਨੂੰ ਮੌਤ ਦਾ ਡਰ ਹੀ ਭੁਲਾ ਦਿੱਤਾ ਸੀ। ਕੰਧਾਂ ਵਿਚ ਚਿਣ ਗਏ ਪਰ ਕੋਈ ਲੋਭ-ਲਾਲਚ ਉਨ੍ਹਾਂ ਨੂੰ ਨਾ ਜਿਤ ਸਕਿਆ। ਦੁੱਖਾਂ ਵਿਚ ਕਿਤੇ ਵੀ ਨਾ ਥਿੜਕੇ।

ਮਾਤਾ ਗੁਜਰੀ ਨੇ ਗੁਰੂ ਮਾਤਾ ਤੇ ਗੁਰੂ ਪਤਨੀ ਹੁੰਦੇ ਹੋਇਆਂ ਵੀ ਅੰਤਾਂ ਦੇ ਦੁੱਖ-ਸੁੱਖ ਭੋਗੇ। 79 ਸਾਲ ਦੀ ਉਮਰ ਵਿਚ ਸ਼ਹੀਦੀ ਪਾਈ। ਠਾਕੁਰ ਦਾਸ ਜੀ ਦੱਸਦੇ ਹਨ- ਮਾਤਾ ਗੁਜਰੀ ਜੀ ਅਤਿਅੰਤ ਬੁੱਧੀਮਾਨ ਅਤੇ ਧੀਰਜ ਵਾਲੇ ਸਨ। ਗੁਰੂ ਗੋਬਿੰਦ ਜੀ, ਆਪ ਕੀ ਕਿਸੀ ਭੀ ਆਗਿਆ ਕਾ ਉਲੰਘਨ ਨਹੀਂ ਕਰਤੇ ਥੇ। ਆਪ ਗੁਰਦੇਵ ਸਪੁੱਤਰ ਗੁਰੂ ਗੋਬਿੰਦ ਸਿੰਘ ਕੀ ਹਰ ਕਾਰਵਾਈ ਮੇਂ ਸਹਿਯੋਗ ਦੇਤੇ ਥੇ। ਸਿੱਖ ਸੰਗਤ ਕੀ ਸਭੀ ਦੁੱਖ-ਸੁੱਖ ਮੇਂ ਹਮਦਰਦੀ ਕਾ ਵਤੀਰਾ ਰੱਖਦੇ ਥੇ।

ਸੋ ਮਾਤਾ ਗੁਜਰੀ ਜੀ ਸਿੱਖੀ ਦੀ ਚੜ੍ਹਦੀ ਕਲਾ ਨੂੰ ਉਸਾਰੂ ਬਣਾਉਣ ਲਈ ਪੰਥ ਪ੍ਰਦਰਸ਼ਕ ਹੈ। ਸ਼ਹੀਦ ਦੀ ਮਾਂ, ਸ਼ਹੀਦ ਦੀ ਪਤਨੀ, ਸ਼ਹੀਦਾਂ ਦੀ ਦਾਦੀ ਨੂੰ ਅੱਜ ਸਰਹਿੰਦ ਦੇ ਠੰਢੇ ਬੁਰਜ ਅਤੇ ਗੁਰਦੁਆਰਾ ਜੋਤੀ ਸਰੂਪ 'ਚ ਸਾਰੀ ਲੋਕਾਈ ਨਤਮਸਤਕ ਹੁੰਦੀ ਹੈ।

# ਸਿੱਖ ਧਰਮ ਵਿਚ ਸ਼ਹਾਦਤ ਦਾ ਸੰਕਲਪ

ਰੂਪ ਸਿੰਘ

ਮਾਨਵ ਸਰੀਰ ਬਹੁਤ ਅਮੋਲਕ ਹੈ। ਜਨਮ ਤੋਂ ਮੌਤ ਤੀਕ ਦੀ ਸੰਸਾਰਿਕ ਯਾਤਰਾ ਨੂੰ ਜੀਵਨ ਕਿਹਾ ਜਾਂਦਾ ਹੈ। ਇਹ ਜੀਵਨ ਮਿਲਦਾ ਮੌਤ ਦੀ ਸ਼ਰਤ ਉੱਤੇ ਹੈ। ਭਾਵ ਜਿਸ ਦਾ ਜਨਮ ਹੋਵੇਗਾ, ਉਸ ਦੀ ਮੌਤ ਨਿਸ਼ਚਿਤ ਹੈ। ਗੁਰਬਾਣੀ 'ਚ ਜਿੱਥੇ ਜੀਵ ਨੂੰ ਜੀਵਨ ਜਾਚ ਦੱਸੀ ਗਈ ਹੈ, ਉਸ ਦੇ ਨਾਲ ਹੀ ਮੌਤ ਬਾਰੇ ਖੁੱਲ੍ਹ ਕੇ ਵਿਚਾਰ ਕੀਤੀ ਗਈ ਹੈ। ਮਰਨਾ ਹਰੇਕ ਨੇ ਹੈ ਪਰ ਮਰਨਾ ਕਿਹੜਾ ਸਫ਼ਲ ਹੈ, ਇਸ ਬਾਰੇ ਇਸ ਪਾਵਨ ਸ਼ਬਦ 'ਚ ਉਪਦੇਸ਼ ਦਿੱਤਾ ਗਿਆ ਹੈ। ਇਹ ਪਾਵਨ ਪੰਕਤੀ ਗੁਰੂ ਨਾਨਕ ਦੇਵ ਜੀ ਦੀ ਉਚਾਰਨ ਕੀਤੀ ਹੋਈ ਰਾਗ ਵਡਹੰਸ 'ਚ ਸ੍ਰੀ ਗੁਰੂ ਗ੍ਰੰਥ ਸਾਹਿਬ 'ਚ ਪੰਨਾ ਨੰ: 580 ਤੇ ਅੰਕਿਤ ਹੈ। ਭਾਰਤੀ ਧਰਮ ਸ਼ਾਸਤਰ ਦਾ ਅਧਿਐਨ ਕਰਨ 'ਤੇ ਇਕ ਗੱਲ ਪ੍ਰਤੱਖ ਸਨਮੁੱਖ ਹੁੰਦੀ ਹੈ ਤੇ ਜੀਵਨ ਨੂੰ ਸਾਫ਼-ਸੁਥਰਾ, ਸਹਿਜ ਭਰਪੂਰ, ਸੁਖਦਾਇਕ ਤੇ ਲੰਮੇਰਾ ਕਰਨ ਲਈ ਬਹੁਤ ਸਾਰੇ ਸਾਧਨ ਤੇ ਵਿਧੀਆਂ ਦੱਸੀਆਂ ਗਈਆਂ। ਇਸ ਦਾ ਅਸਰ ਇਹ ਹੋਇਆ ਕਿ ਹਰ ਮਾਨਵ ਨੇ ਜੀਵਨ-ਯਾਤਰਾ ਨੂੰ ਅਨੰਦਮਈ ਬਣਾਉਣ ਲਈ, ਘਰ-ਪਰਿਵਾਰ ਦਾ ਤਿਆਗ ਕਰਨਾ ਸ਼ੁਰੂ ਕਰ ਦਿੱਤਾ, ਜਿਸ ਨੇ ਗੁਲਾਮੀ ਨੂੰ ਭਾਰਤ ਵਿਚ ਦਾਵਤ ਦਿੱਤੀ। ਗੁਲਾਮੀ ਨੂੰ ਖ਼ੁਸ਼ਆਮਦੀਦ ਕਹਿਣ ਕਾਰਨ ਹੀ ਅਸੀਂ ਸਦੀਆਂ ਤੀਕ ਵਿਦੇਸ਼ੀ ਹਮਲਾਵਰਾਂ ਦੇ ਗੁਲਾਮ ਹੋ ਗਏ। ਇਹ ਗੁਲਾਮੀ ਵੀ ਕੇਵਲ ਪ੍ਰਬੰਧਕੀ ਨਹੀਂ ਸਗੋਂ ਧਾਰਮਿਕ, ਸਮਾਜਿਕ, ਰਾਜਨੀਤਿਕ, ਆਰਥਿਕ ਤੇ ਜੀਵਨ ਦੇ ਹਰ ਪਹਿਲੂ ਨਾਲ ਸੰਬੰਧਿਤ ਹੀ ਸੀ। ਸਿੱਖ ਧਰਮ ਦੇ ਆਗਾਜ਼ ਨਾਲ ਹਰ ਮਾਨਵ ਨੂੰ ਇਹ ਵਿਚਾਰ ਸਮਝਾਉਣ ਦਾ ਯਤਨ ਕੀਤਾ ਗਿਆ, ਜੇਕਰ ਜੀਵਨ ਦਾ ਅੰਤ ਹੋਣਾ ਹੀ ਤਾਂ ਫਿਰ ਪਤਮਈ-ਇੱਜ਼ਤ ਵਾਲਾ ਤੇ ਅਣਖ ਭਰਪੂਰ ਜੀਵਨ ਜੀਵਿਆ ਜਾਏ। ਜੇਕਰ ਪਤ ਨਹੀਂ ਤਾਂ ਸਾਡੇ ਕੀਤੇ ਸਾਰੇ ਧਰਮ-ਕਰਮ ਨਿਸ਼ਫਲ ਜਾਣਗੇ। ਗੁਰਬਾਣੀ ਦਾ ਉਪਦੇਸ਼ ਸਮੇਂ-ਸਥਾਨ ਸਮਾਜਿਕ ਵਰਗ ਵੰਡ ਦੀਆਂ ਸੀਮਾਵਾਂ ਤੋਂ ਸੁਤੰਤਰ ਹੈ:

ਪਤਿ ਵਿਣੁ ਪੂਜਾ ਸਤ ਵਿਣੁ ਸੰਜਮੁ ਜਤ ਵਿਣੁ ਕਾਹੇ ਜਨੇਊ ਨਾਵਹੁ ਧੋਵਹੁ ਤਿਲਕੁ ਚੜਾਵਹੁ ਸੁਚ ਵਿਣੁ ਸੋਚ ਨ ਹੋਈ 6 (ਪੰਨਾ 903)

ਗੁਰੂ ਨਾਨਕ ਦੇਵ ਜੀ ਉਪਦੇਸ਼ ਕਰਦੇ ਹਨ:

ਮਰਣਾ ਉਹੀ ਪ੍ਰਵਾਨ ਹੈ ਜੋ ਹਕ, ਸਚ, ਇਨਸਾਫ਼ ਲਈ ਲੜਦਿਆਂ, ਜਬਰ-ਜ਼ੁਲਮ, ਅੱਤਿਆਚਾਰ ਦਾ ਵਿਰੋਧ ਕਰਦਿਆਂ, ਬਿਨਾਂ ਕਿਸੇ ਦੀ ਅਧੀਨਗੀ-ਗੁਲਾਮੀ ਸਹਿਣ

ਬਾਕੀ ਸਫ਼ਾ 28 'ਤੇ

# Sir Speedy Tustin

*Printers to the Community*

## Outdoor 3'x11' Promo Flag

**Only $29/-**

Pole & Spike $55/-

## Outdoor 3'x6' Durable Banner

All weather, durable to sunlight, rain and wear & tear. Text only.

**Only $69/-**

## Receipt Books

Customized with your information and design. 2 part carbonless with numbering and perforation.

**Call for Price**

## Retractable 33"x 80" Banner

Includes stand and carry bag. Hi-res imaging, durable and Brilliant colors!

**Only $225/-**

## All Weather 18"x24" Yard Signs

Includes H-stakes. Single sided, durable to sunlight and rain. Reusable!

**$49/- for 4**

## 11" Printed Balloons

Printed with your logo and info. One color, one location. Min. qty 1000

**19¢ each**

## Your Printed T-Shirts

White T-Shirts, 1 color screen printing in 1 position. Min Qty. 100

**Only $4.99**

## Your Printed Caps

1 color in 1 position. Min Qty. 100

**Only $4.99**

## Trip Envelopes Qty 1000

**Only $199/-**

**What we can do for you today?**

- Printing & Copying
- Creative Services
- Mailing Services
- Mailing List Aquisition
- Signs Posters & Banners
- Promotional Producst
- Website design and development

1045 East Main Street, Tustin, CA 92780

**Call 562-881-7430**

Fax: 714-731-8931

E-mail: sirspeedy_tustin@yahoo.com

www.sirspeedy.com/tustin



Jagjit Singh Bains

CUSTOMIZED SWEET BOXES

*South Asian Wedding Cards*

CALL NOW




# ਪਾਠਕਾਂ ਦਾ ਨਜ਼ਰੀਆ

## ਅਕਾਲ ਤਖਤ ਦੇ ਜਥੇਦਾਰ ਦੀ ਸੰਸਥਾ ਸੁਤੰਤਰ ਪਹੁੰਚ ਵੱਲ

ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਦੀ ਇਤਿਹਾਸਕ ਤੇ ਸਤਿਕਾਰਤ ਸੰਸਥਾ ਅੱਜ ਕੱਲ੍ਹ ਆਪਣੇ ਆਪ ਨੂੰ ਸੁਤੰਤਰ ਤੌਰ ਤੇ ਸਥਾਪਤ ਕਰਨ ਦੇ ਯਤਨ ਕਰ ਰਹੀ ਹੈ। ਇਸ ਦਿਸ਼ਾ ਵਿੱਚ ਜਥੇਦਾਰ ਹਰਪ੍ਰੀਤ ਸਿੰਘ ਦਾ ਰੋਲ ਤੇ ਸੁਚੇਤ ਯਤਨ ਮਹੱਤਵਪੂਰਨ ਹਨ ਜੋ ਇੱਕ ਪਾਸੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਨਾਲ ਵੀ ਇੱਕ ਬਣਦਾ ਰਿਸ਼ਤਾ ਬਣਾਈ ਰੱਖਣਾ ਚਾਹੁੰਦੇ ਹਨ ਅਤੇ ਦੂਜੇ ਪਾਸੇ ਉਨ੍ਹਾਂ ਸੰਸਥਾਵਾਂ ਅਤੇ ਜਥੇਬੰਦੀਆਂ ਦੀ ਗੱਲ ਵੀ ਧਿਆਨ ਨਾਲ ਸੁਣ ਰਹੇ ਹਨ ਜੋ ਇੱਕ ਜਾਂ ਦੂਜੇ ਕਾਰਨਾਂ ਕਰਕੇ ਲਗਾਤਾਰ ਇਹ ਮਹਿਸੂਸ ਕਰਦੀਆਂ ਆ ਰਹੀਆਂ ਹਨ ਕਿ ਜਥੇਦਾਰ ਦੀ ਮਹਾਨ ਸੰਸਥਾ ਸਮੁੱਚੇ ਪੰਥ ਨੂੰ ਸਮਰਪਿਤ ਹੋਣ ਦੀ ਥਾਂ ਇੱਕ ਵਿਸ਼ੇਸ਼ ਧਿਰ ਦੀਆਂ ਇੱਛਾਵਾਂ ਤੇ ਨੀਤੀਆਂ ਮੁਤਾਬਕ ਹੀ ਚੱਲ ਰਹੀ ਹੈ। ਦਿਲਚਸਪ ਹਕੀਕਤ ਇਹ ਹੈ ਕਿ ਇਸ ਨਵੀਂ ਤਬਦੀਲੀ ਪਿੱਛੇ ਅਕਾਲੀ ਦਲ ਅਤੇ ਸ਼੍ਰੋਮਣੀ ਕਮੇਟੀ ਦੀ ਖਾਮੋਸ਼ ਹਮਾਇਤ ਵੀ ਹਾਸਲ ਹੈ। ਕਾਰਨ ? ਸਮੁੱਚੇ ਪੰਥ ਅੰਦਰ ਬਦਲ ਰਹੀਆਂ ਹਾਲਤਾਂ ਵੀ ਇਕ ਕਾਰਨ ਹੈ ਅਤੇ ਮਜਬੂਰੀਆਂ ਵੀ ਇਕ ਹਕੀਕਤ ਹੈ। ਜਥੇਦਾਰ ਹਰਪ੍ਰੀਤ ਸਿੰਘ ਨੇ ਜੰਮੂ ਕਸ਼ਮੀਰ ਵਿੱਚ ਧਾਰਾ ਤਿੰਨ ਸੌ ਸੱਤਰ ਖ਼ਤਮ ਹੋਣ ਪਿੱਛੋਂ ਕਸ਼ਮੀਰ ਦੀ ਹਾਲਤ ਬਾਰੇ ਅਤੇ ਕਸ਼ਮੀਰ ਦੇ ਲੋਕਾਂ ਦੇ ਦੁੱਖਾਂ ਦਰਦਾਂ ਨਾਲ ਸਾਂਝ ਪ੍ਰਗਟ ਕਰਨ ਬਾਰੇ ਜੋ ਬਿਆਨ ਜਾਰੀ ਕੀਤਾ, ਉਹ ਅਕਾਲੀ ਦਲ ਦੀਆਂ ਨੀਤੀਆਂ ਤੇ ਪੁਜ਼ੀਸ਼ਨਾਂ ਤੋਂ ਬਿਲਕੁਲ ਵੱਖਰਾ ਸੀ ਅਤੇ ਹੈਰਾਨ ਕਰਨ ਵਾਲਾ ਸੀ। ਇਸ ਅਹਿਮ ਤੇ ਭਖਦੇ ਮੁੱਦੇ ਉੱਤੇ ਭਾਵੇਂ ਅਕਾਲੀ ਦਲ ਨੇ ਇੱਕ ਤਰ੍ਹਾਂ ਨਾਲ ਪਾਰਟੀ ਦੀਆਂ ਇਤਿਹਾਸਕ ਤੇ ਸੁਤੰਤਰ ਰਵਾਇਤਾਂ ਤੋਂ ਉਲਟ ਜਾ ਕੇ ਭਾਜਪਾ ਦੀ ਪੁਜ਼ੀਸ਼ਨ ਦੀ ਹੀ ਪੁਸ਼ਟੀ ਕੀਤੀ, ਪਰ ਜਥੇਦਾਰ ਨੇ ਇਹ ਸਪੱਸ਼ਟ ਸੰਕੇਤ ਦੇ ਦਿੱਤਾ ਕਿ ਮਾਨਵ ਕਦਰਾਂ ਕੀਮਤਾਂ ਅਤੇ ਮਨੁੱਖੀ ਅਧਿਕਾਰਾਂ ਦੀ ਰਾਖੀ ਲਈ ਅਕਾਲ ਤਖਤ ਆਪਣੀਆਂ ਇਤਿਹਾਸਿਕ ਰਵਾਇਤਾਂ ਦੀ ਪਾਲਣਾ ਜ਼ਰੂਰ ਕਰੇਗਾ। ਅਕਾਲ ਤਖ਼ਤ ਨੇ ਰਾਸ਼ਟਰੀ ਸਵਮ ਸੇਵਕ ਵੱਲੋਂ ਸਮੇਂ ਸਮੇਂ ਸਿੱਖ ਪੰਥ ਨੂੰ ਹਿੰਦੂ ਧਰਮ ਦਾ ਹਿੱਸਾ ਕਹਿਣ ਦੀ ਪਹੁੰਚ, ਨੀਤੀ ਤੇ ਰਵੱਈਏ ਦਾ ਵੀ ਸਖ਼ਤ ਨੋਟਿਸ ਲਿਆ ਅਤੇ ਇਥੋਂ ਤੱਕ ਆਖ ਦਿੱਤਾ ਕਿ ਆਰਐਸਐਸ ਆਪਣੀ ਇਸ ਪਹੁੰਚ ਨਾਲ ਦੇਸ਼ ਨੂੰ ਜੋੜਨ ਦੀ ਥਾਂ ਤੋੜਨ ਵੱਲ ਵੱਧ ਰਹੀ ਹੈ।ਜਦੋਂ ਹਰਿਆਣਾ ਦੇ ਮੁੱਖ ਮੰਤਰੀ ਨੇ ਕਸ਼ਮੀਰ ਵਿੱਚ ਧਾਰਾ ਖ਼ਤਮ ਹੋਣ ਦੀ ਘਟਨਾ ਨੂੰ ਕਸ਼ਮੀਰੀ ਕੁੜੀਆਂ ਨਾਲ ਵਿਆਹ ਕਰਨ ਦੀ ਖੁੱਲ੍ਹ ਨਾਲ ਜੋੜਿਆ ਤਾਂ ਅਕਾਲ ਤਖ਼ਤ ਦੇ ਜਥੇਦਾਰ ਨੇ ਚਿਤਾਵਨੀ ਤੱਕ ਦੇ ਦਿੱਤੀ ਕਿ ਕਸ਼ਮੀਰੀ ਬੀਬੀਆਂ ਵਲ ਕਿਸੇ ਨੂੰ ਅੱਖ ਨਹੀਂ ਪੁਟਣ ਦੇਵਾਂਗੇ ਅਤੇ ਸਿੱਖ ਆਪਣੀਆਂ ਰਵਾਇਤਾਂ ਮੁਤਾਬਕ ਇਸ ਮੁੱਦੇ ਤੇ ਬੀਬੀਆਂ ਦੀ ਰਾਖੀ ਲਈ ਆਪਣੀ ਇਤਿਹਾਸਕ ਜ਼ਿੰਮੇਵਾਰੀ ਨਿਭਾਉਣਗੇ। ਪੰਜਾਬੀ ਬੋਲੀ ਦੀ ਅਹਿਮੀਅਤ ਅਤੇ ਇਸ ਨੂੰ ਹਰ ਸ਼ੋਹਬੇ ਵਿੱਚ ਲਾਗੂ ਕਰਨ ਦੇ ਸਵਾਲ ਨੂੰ ਲੈ ਕੇ ਉਹ ਇੱਥੋਂ ਤੱਕ ਗੰਭੀਰ ਹੋ ਗਏ ਕਿ 12 ਨਵੰਬਰ ਨੂੰ ਸੁਲਤਾਨਪੁਰ ਲੋਧੀ ਵਿਖੇ ਆਪਣੇ ਵਿਸ਼ੇਸ਼ ਸੰਦੇਸ਼ ਵਿੱਚ ਉਨ੍ਹਾਂ ਨੇ ਸਮੂਹ ਪੰਜਾਬੀਆਂ ਨੂੰ ਅਪੀਲ ਕੀਤੀ ਕਿ ਹਰ ਘਰ ਪੰਜਾਬੀ ਨੂੰ ਆਪਣੀ ਟਕਸਾਲ ਬਣਾਏ ,ਜਦਕਿ ਪੰਜਾਬ ਦੇ ਹਿੱਤਾਂ ਦੀ ਰਾਖੀ ਦਾ ਦਾਅਵਾ ਕਰਨ ਵਾਲੇ ਅਕਾਲੀ ਦਲ ਨੇ ਸੱਤਾ ਉੱਤੇ ਰਹਿੰਦਿਆਂ ਖੁੱਲ੍ਹ ਕੇ ਇਹੋ ਜਿਹੇ ਮੁੱਦਿਆਂ ਤੇ ਵਿਚਾਰ ਪ੍ਰਗਟ ਕਰਨ ਦੀ ਥਾਂ ਅਕਸਰ ਚੁੱਪ ਦੀ ਰਣਨੀਤੀ ਹੀ ਅਪਣਾਈ ਤਾਂ ਜੋ ਸਮਾਂ ਆਉਣ ਤੇ ਕਿਸੇ ਦੂਜੀ ਧਿਰ ਦਾ ਵੋਟ ਬੈਂਕ ਕਿਤੇ ਖੁੱਸ ਨਾ ਜਾਏ।

ਅਕਾਲ ਤਖ਼ਤ ਦੇ ਜਥੇਦਾਰ ਵੱਲੋਂ ਸਮੇਂ ਸਮੇਂ ਅਤੇ ਉਤੇਜ਼ਿਤੀ ਆਏ ਕੁਝ ਬਿਆਨਾਂ ਦਾ ਗੰਭੀਰ ਵਿਸ਼ਲੇਸ਼ਣ ਇਸ ਗੱਲ ਦਾ ਇਸ਼ਾਰਾ ਹੈ ਕਿ ਉਹ ਸਿੱਖ ਪੰਥ ਦੀਆਂ ਰਾਜਸੀ ਪਾਰਟੀਆਂ ਤੇ ਜਥੇਬੰਦੀਆਂ ਨਾਲ 'ਨਾ ਬਹੁਤ ਹੀ ਨੇੜਤਾਂ', ਅਤੇ 'ਨਾ ਬਹੁਤੀ ਦੂਰੀ' ਦੀ ਰਣਨੀਤੀ ਉੱਤੇ ਚੱਲਣਾ ਚਾਹੁੰਦੇ ਹਨ।ਧੜੇਬੰਦੀਆਂ ਵਿੱਚ ਬੁਰੀ ਤਰ੍ਹਾਂ ਉਲਝੇ ਖਾਲਸਾ ਪੰਥ ਦੀ ਅਜੋਕੀ ਹਾਲਤ ਨੂੰ ਵੇਖਦਿਆਂ ਉਹ ਇਸ ਨਾਜ਼ੁਕ ਸੰਤੁਲਨ ਨੂੰ ਜੇ ਲੰਮੇ ਅਰਸੇ ਤੱਕ ਕਾਇਮ ਰੱਖਦੇ ਹਨ ਤਾਂ ਇਸ ਨਾਲ ਨਾ ਕੇਵਲ ਜਥੇਦਾਰ ਦੀ ਆਜ਼ਾਦ ਹਸਤੀ ਤੇ ਹੈਸੀਅਤ ਸਥਾਪਿਤ ਹੋਵੇਗੀ, ਸਗੋਂ ਜਥੇਦਾਰ ਦੀ ਨਿਰਪੱਖ ਅਤੇ ਸੁਹਿਰਦ ਨੀਤੀ ਕਿਸੇ ਵੀ ਸੰਕਟ ਦੀ ਘੜੀ ਵਿੱਚ ਸੰਵਾਦ ਦੀ ਇੱਕ ਟੁੱਟੀ ਰਵਾਇਤ ਦੀ ਮੁੜ ਬਹਾਲੀ ਦਾ ਰਾਹ ਵੀ ਪੱਧਰਾ ਕਰੇਗੀ।

ਪਿਛਲੇ ਲੰਮੇ ਅਰਸੇ ਤੋਂ ਅਤੇ ਵਿਸ਼ੇਸ਼ ਕਰ ਕੇ ਭਾਈ ਰਣਜੀਤ ਸਿੰਘ ਢੱਡਰੀਆਂ ਵਾਲੇ ਉੱਤੇ ਹੋਏ ਕਾਤਲਾਨਾ ਹਮਲੇ ਪਿੱਛੋਂ ਸਿੱਖ ਜਥੇਬੰਦੀਆਂ ਵਿੱਚ ਕਈ ਮੁੱਦਿਆਂ ਨੂੰ ਲੈ ਕੇ ਟਕਰਾਅ ਦੀ ਹਾਲਤ ਖਤਰਨਾਕ ਸਥਿਤੀ ਅਖਤਿਆਰ ਕਰ ਰਹੀ ਹੈ। ਜਥੇਦਾਰ ਸਾਹਿਬ ਇਸ ਟਕਰਾਅ ਨੂੰ ਖਤਮ ਕਰਨ ਲਈ ਬਹੁਤ ਸੰਜਮ ,ਸਿਆਣਪ ਤੇ ਨਿਰਪੱਖ ਹੋ ਕੇ ਚੱਲ ਰਹੇ ਹਨ। ਸਿੱਖ ਪੰਥ ਵਿੱਚ ਇਸ ਸਮੇਂ ਮੋਟੇ ਤੌਰ ਤੇ ਦੋ ਧਾਰਾਵਾਂ- ਡੇਰਾ ਕਲਚਰ ਤੇ ਮਿਸ਼ਨਰੀ ਕਲਚਰ ਆਹਮੋ ਸਾਹਮਣੇ ਹੋ ਗਏ ਹਨ।ਸਿੱਖ ਧਰਮ ਨਾਲ ਜੁੜੇ ਰਾਜਨੀਤਕ ਹਲਕਿਆਂ ਦਾ ਕਹਿਣਾ ਹੈ ਕਿ ਇੱਕ ਧਿਰ ਜਦੋਂ ਸਿਧਾਂਤਕ ਮਸਲਿਆਂ ਦੀ ਵਿਆਖਿਆ ਕਰਦੀ ਹੈ ਤਾਂ ਉਹ ਵਿਆਖਿਆ ਵਿਗਿਆਨਕ ਤਰਕ ਦੇ ਨੇੜੇ ਚਲੇ ਜਾਂਦੀ ਹੈ ਜਦਕਿ ਦੂਜੀ ਧਿਰ ਸ਼ਰਧਾ ਅਤੇ ਵਿਸ਼ਵਾਸ ਨੂੰ ਸਿੱਖੀ ਦੀ ਵਿਆਖਿਆ ਦਾ ਆਧਾਰ ਬਣਾਉਂਦੀ ਹੈ।ਸੋਸ਼ਲ ਮੀਡੀਆ ਤੇ ਇਹ ਬਹਿਸ ਪੂਰੇ ਜ਼ੋਰਾਂ ਸ਼ੋਰਾਂ ਨਾਲ ਚੱਲ ਰਹੀ ਹੈ। ਇਸ ਸਬੰਧ ਵਿੱਚ ਸਿੱਖ ਦਾਨਿਸ਼ਵਰ ਵੀ ਕੋਈ ਬਣਦਾ ਰੋਲ ਨਹੀਂ ਨਿਭਾ ਰਹੇ ਸਗੋਂ ਕਈ ਵਾਰ ਤਾਂ ਇਉਂ ਵੀ ਲੱਗਦਾ ਹੈ ਕਿ ਉਹ ਕਈ ਸਿਧਾਂਤਕ ਮੁੱਦਿਆਂ ਤੇ ਖੁਦ ਵੀ ਵੰਡੇ ਹੋਏ ਹਨ। ਇਸੇ ਤਰ੍ਹਾਂ ਸਿੱਖ ਇਤਿਹਾਸ ਤੇ ਸਿੱਖ ਧਰਮ ਨਾਲ ਜੁੜੀਆਂ ਪੁਸਤਕਾਂ ਤੇ ਪੁਰਾਤਨ ਸਰੋਤਾਂ ਦੀ ਵਿਆਖਿਆ ਬਾਰੇ ਵੀ ਵੱਖ ਵੱਖ ਧਿਰਾਂ ਦੀ ਸਮਝ ਅਤੇ ਪਹੁੰਚ ਇੱਕ ਦੂਜੇ ਨਾਲ ਟਕਰਾਉਂਦੀ ਹੈ।

ਉਪਰੋਕਤ ਹਾਲਤਾਂ ਦੀ ਰੌਸ਼ਨੀ ਵਿੱਚ ਅਕਾਲ ਤਖ਼ਤ ਦਾ ਰੋਲ ਤੇ ਪ੍ਰਭਾਵ ਬਹੁਤ ਹੀ ਮਹੱਤਵਪੂਰਨ ਹੋ ਗਿਆ ਹੈ ਅਤੇ ਜਥੇਦਾਰ ਹਰਪ੍ਰੀਤ ਸਿੰਘ ਹਰ ਖੇਤਰ ਦੇ ਧਾਰਮਿਕ ਤੇ ਰਾਜਨੀਤਕ ਵਿਦਵਾਨਾਂ ਦੀ ਸਲਾਹ ਤੇ ਸੁਝਾਅ ਵੀ ਮੰਗ ਰਹੇ ਹਨ ਤਾਂ ਜੋ ਸਭ ਧਿਰਾਂ ਦੀ ਸਰਬ ਸਹਿਮਤੀ ਨਾਲ ਕਿਸੇ ਫ਼ੈਸਲੇ ਉੱਤੇ ਪਹੁੰਚਿਆ ਜਾਵੇ। ਉਨ੍ਹਾਂ ਦੀ ਧਾਰਨਾ ਹੈ ਕਿ ਗੰਭੀਰ ਮੁੱਦਿਆਂ ਦੀ ਵਿਆਖਿਆ 'ਸਿੱਖ ਵਿਵੇਕ' ਦੇ ਨਿਯਮ ਉੱਤੇ ਆਧਾਰਤ ਹੋਣੀ ਚਾਹੀਦੀ ਹੈ ਜਿਸ ਵਿੱਚ ਦਲੀਲ ਤੇ ਸ਼ਰਧਾ ਦਾ ਉੱਚ ਕੋਟੀ ਦਾ ਮਿਲਾਪ ਹੋਵੇ। ਉਨ੍ਹਾਂ ਦਾ ਇਹ ਵੀ ਮੰਨਣਾ ਹੈ ਕਿ ਕਈ ਇਤਿਹਾਸਿਕ ਸਰੋਤ ਅਜਿਹੇ ਹਨ ਜਿਨ੍ਹਾਂ ਵਿੱਚ ਕੁਝ ਇਹੋ ਜਿਹੀਆਂ ਗੱਲਾਂ ਕੀਤੀਆਂ ਗਈਆਂ ਹਨ ਜੋ ਸਿੱਖ ਸਿਧਾਂਤਾਂ ਨਾਲ ਮੇਲ ਨਹੀਂ ਖਾਂਦੀਆਂ, ਪਰ ਹੋਰ ਬਹੁਤ ਸਾਰੇ ਪੱਖਾਂ ਤੋਂ ਉਨ੍ਹਾਂ ਪੁਸਤਕਾਂ ਤੇ ਸਰੋਤਾਂ ਦੀ ਇਤਿਹਾਸਕ ਅਤੇ ਸਿਧਾਂਤਕ ਅਹਿਮੀਅਤ ਨੂੰ ਵੀ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ।ਸਾਨੂੰ ਕਿਸੇ ਵੀ ਦਸਤਾਵੇਜ਼ ਜਾਂ ਪੁਸਤਕ ਨੂੰ ਉਸ ਦੇ ਸਮੁੱਚ ਵਿੱਚ ਰੱਖ ਕੇ ਹੀ ਪਰਖਣਾ ਚਾਹੀਦਾ ਹੈ ਅਤੇ ਜਲਦਬਾਜ਼ੀ ਵਿੱਚ ਕੋਈ ਫੈਸਲਾ ਜਾਂ ਜਨਤਕ ਟਿੱਪਣੀਆਂ ਕਰਨ ਤੋਂ ਹਰ ਹਾਲਤ ਵਿੱਚ ਗੁਰੇਜ਼ ਕਰਨਾ ਚਾਹੀਦਾ ਹੈ।

ਪੰਥ ਦੀ ਅਜੋਕੀ ਹਾਲਤ ਨੂੰ ਵੇਖਦਿਆਂ ਉਹ ਮਾਰਚ ਦੇ ਮਹੀਨੇ ਹੋਲੇ ਮਹੱਲੇ ਦੇ ਮੌਕੇ ਤੇ ਇੱਕ ਵੱਡਾ ਸਮਾਗਮ ਕਰ ਰਹੇ ਹਨ, ਜਿਸ ਵਿੱਚ ਸ਼੍ਰੋਮਣੀ ਕਮੇਟੀ ,ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ,ਪਟਨਾ ਸਾਹਿਬ ਅਤੇ ਹਜ਼ੂਰ ਸਾਹਿਬ ਕਮੇਟੀਆਂ ਦੇ ਤਮਾਮ ਮੈਂਬਰ ਸ਼ਾਮਲ ਹੋਣਗੇ। ਪੰਜ ਦਿਨਾਂ ਤੱਕ ਚੱਲਣ ਵਾਲੇ ਇਸ ਸਮਾਗਮ ਵਿੱਚ ਹਰ ਮੈਂਬਰ ਨੂੰ ਖੁੱਲ੍ਹ ਕੇ ਬੋਲਣ ਦਾ ਨਾ ਕੇਵਲ ਮੌਕਾ ਦਿੱਤਾ ਜਾਵੇਗਾ ਸਗੋਂ ਭਵਿੱਖ ਦਾ ਕੋਈ ਏਜੰਡਾ ਤਿਆਰ ਕਰਨ ਲਈ ਬਹਿਸ ਨੂੰ ਬਾਕਾਇਦਾ ਰਿਕਾਰਡ ਵੀ ਕੀਤਾ ਜਾਵੇਗਾ।ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੇ ਇਸ ਮਹਾਨ ਸੰਸਥਾ ਦੇ ਪ੍ਰਸਾਰ ਅਤੇ ਪ੍ਰਭਾਵ ਦੇ ਘੇਰੇ ਨੂੰ ਹੋਰ ਵਿਸ਼ਾਲ ਕਰਨ ਲਈ ਇੱਕ ਵਿਸ਼ੇਸ਼ ਸਕੱਤਰੇਤ ਕਾਇਮ ਕਰਨ ਦਾ ਵੀ ਮਨ ਬਣਾ ਲਿਆ ਹੈ ਜੋ ਦਰਬਾਰ ਸਾਹਿਬ ਕੰਪਲੈਕਸ ਵਿੱਚ ਛੇਤੀ ਹੀ ਸਥਾਪਤ ਕੀਤਾ ਜਾਵੇਗਾ।ਇਸ ਸਬੰਧ ਵਿੱਚ ਹਰਪ੍ਰੀਤ ਸਿੰਘ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ,ਸ਼੍ਰੋਮਣੀ ਅਕਾਲੀ ਦਲ ਅਤੇ ਹੋਰ ਸਿੱਖ ਆਗੂਆਂ ਨਾਲ ਵਿਚਾਰ ਵੀ ਕਰਨ ਦਾ ਇਰਾਦਾ ਰੱਖ ਰੱਖਦੇ ਹਨ। ਇਂਜ ਅਕਾਲ ਤਖ਼ਤ ਗੁਰਬਾਣੀ, ਗੁਰਇਤਿਹਾਸ ਤੇ ਸਿੱਖ ਇਤਿਹਾਸ ਦੀ ਰੌਸ਼ਨੀ ਵਿੱਚ ਸਰਬੱਤ ਦੇ ਭਲੇ ਦੇ ਸਿਧਾਂਤ ਉੱਤੇ ਚੱਲ ਕੇ ਖਾਲਸਾ ਪੰਥ ਅਤੇ ਸਮੁੱਚੀ ਮਾਨਵਤਾ ਲਈ ਰਾਹ ਦਸੇਰਾ ਬਣਨ ਲਈ ਸਰਗਰਮ ਹੋ ਰਿਹਾ ਜਾਪਦਾ ਹੈ।

**ਕਰਮਜੀਤ ਸਿੰਘ, ਚੰਡੀਗੜ੍ਹ** (99150-91063)

## ਤਿੰਨ ਅਕਾਲੀ ਦਲ, ਤਿੰਨ ਕਾਨਫਰੰਸਾਂ, ਤੇ ਤਿੰਨ ਪ੍ਰਧਾਨ

ਅਕਾਲੀ ਦਲ ਦੇ ਤਿੰਨ ਵੱਖ ਵੱਖ ਧੜ੍ਹਿਆਂ ਨੇ 'ਸ਼੍ਰੋਮਣੀ ਅਕਾਲੀ ਦਲ' ਦੀ 99 ਸਾਲਾ ਵਰ੍ਹੇਗੰਢ ਮਨਾਈ ਹੈ।

ਬਾਦਲ ਧੜ੍ਹੇ ਨੇ ਉਮੀਦ ਮੁਤਾਬਕ ਦੁਬਾਰਾ ਸੁੱਖਬੀਰ ਸਿੰਘ ਬਾਦਲ ਨੂੰ ਪ੍ਰਧਾਨ ਚੁਣ ਲਿਆ ਹੈ। ਪ੍ਰਧਾਨ ਸਾਹਿਬ ਨੇ ਪ੍ਰਧਾਨਗੀ ਸਾਂਭਣ ਬਾਦ ਜੋ ਕੁੱਝ ਕਿਹਾ, ਉਸ ਵਿੱਚ ਕੁੱਝ ਵੀ ਨਵਾਂ ਨਹੀਂ ਸੀ। ਉਹ ਅਕਾਲੀ ਦਲ ਨੂੰ ਸੈਕੂਲਰ ਵੀ ਕਹਿੰਦੇ ਹਨ, ਤੇ ਅਕਾਲੀ ਦਲ ਦੇ ਮੂਲ ਸਿਧਾਂਤਾਂ ਉਤੇ ਪਹਿਰਾ ਦੇਣ ਦੀ ਗੱਲ ਵੀ ਕਰਦੇ ਹਨ। ਪਰ ਇਹ ਦੋਵੇਂ ਗੱਲਾਂ ਕੱਠੀਆਂ ਨਹੀਂ ਚੱਲ ਸਕਦੀਆਂ।

ਅਕਾਲੀ ਦਲ ਮੂਲ ਰੂਪ ਵਿੱਚ ਸਿੱਖ ਸਿਧਾਂਤਾਂ, ਤੇ ਜਜ਼ਬਾਤਾਂ ਦੀ ਤਰਜਮਾਨੀ ਅਤੇ ਸਿੱਖ ਹਿੱਤਾਂ ਦੀ ਪਹਿਰੇਦਾਰੀ ਲਈ ਪੰਥਕ ਜੱਥੇਬੰਦੀ ਦੇ ਸਰੂਪ ਵਿੱਚ ਹੋਂਦ ਵਿੱਚ ਆਇਆ ਸੀ। ਇਹ ਜੱਥੇਬੰਦੀ ਸਿਧਾਂਤਕ ਤੌਰ ਤੇ ਸੈਕੂਲਰ ਹੋ ਹੀ ਨਹੀਂ ਸਕਦੀ, ਪਰ ਹਾਂ ਵਿਉਹਾਰਕ ਤੌਰ ਤੇ ਸਿੱਖ ਹਮੇਸ਼ਾਂ ਹੀ ਸਾਰੇ ਦੂਜੇ ਧਰਮਾਂ ਦਾ ਸਤਿਕਾਰ ਕਰਦੇ ਰਹੇ ਹਨ, ਤੇ ਕਰਨਾ ਵੀ ਚਾਹੀਦਾ ਹੈ।

ਦੂਜਾ ਧੜ੍ਹਾ 'ਟਕਸਾਲੀ ਅਕਾਲੀ ਦਲ' ਅਖਵਾਉਂਦਾ ਹੈ। ਇਹਨਾਂ ਦਾ ਬਾਦਲ ਦਲ ਨਾਲ ਕੋਈ ਸਿਧਾਂਤਕ ਮੱਤਭੇਦ ਨਹੀਂ ਹੈ, ਕੇਵਲ ਪਰਿਵਾਰਾਂ ਤੇ ਵਿਅਕਤੀਆਂ ਦਾ ਟਕਰਾਉ ਹੈ, ਤੇ ਉਹ ਵੀ ਹਿੱਤਾਂ ਦਾ। ਇਹਨਾਂ ਦੇ ਲੀਡਰਾਂ ਦੇ ਅਕਸਰ ਇਹੋ ਜਿਹੇ ਬਿਆਨ ਪੜ੍ਹਨ ਨੂੰ ਮਿਲਦੇ ਰਹਿੰਦੇ ਹਨ ਕਿ ਅਗਰ ਵੱਡੇ ਬਾਦਲ ਸਾਹਬ ਦੁਬਾਰਾ ਪ੍ਰਧਾਨ ਬਣ ਜਾਣ ਤਾਂ ਉਹ ਮੁੜ 'ਇੱਕ' ਹੋ ਸਕਦੇ ਹਨ। ਇਹ ਬਸ ਇਨੇ ਕੁ ਜੋਗੇ ਹੀ ਲੱਗਦੇ ਹਨ।

ਤੀਸਰਾ ਧੜ੍ਹਾ, ਅਕਾਲੀ ਦਲ ਅੰਮ੍ਰਿਤਸਰ ਹੈ, ਜਿਸ ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਹਨ। ਇਸ ਧੜ੍ਹੇ ਕੋਲ ਮੂਲ ਸਿਧਾਂਤ ਹੈ, ਸਿੱਖ ਜਜ਼ਬਾਤ ਹਨ ਤੇ ਸਿੱਖ ਹਿੱਤਾਂ ਦੀ ਰਾਖੀ ਲਈ ਵਚਨਬੱਧ ਵੀ ਰਹਿੰਦਾ ਹੈ, ਪਰ ਲੰਮੇ ਸਮੇਂ ਤੋਂ ਕੌਮ ਦਾ ਸਾਥ ਹਾਸਿਲ ਨਹੀਂ ਕਰ ਪਾ ਰਿਹਾ। ਕਾਰਨ ਕਈ ਹਨ, ਸੱਭ ਤੋਂ ਵੱਡਾ ਕਾਰਨ, ਮਿਲੇ ਇਤਿਹਾਸਿਕ ਮੌਕਿਆਂ ਨੂੰ ਗਵਾਉਣਾ ਹੈ। ਇਸ ਦੇ ਬਾਵਜੂਦ ਅਸੀਂ ਇਸ ਧੜ੍ਹੇ ਦਾ ਸਤਿਕਾਰ ਕਰਦੇ ਹਾਂ, ਤੇ ਸਾਂਝ ਪਾ ਕੇ ਚੱਲਣ ਦੇ ਹੱਕ ਵਿੱਚ ਹਾਂ।

ਦਲ ਖਾਲਸਾ ਜਦੋਂ ਹੋਂਦ ਵਿੱਚ ਆਇਆ ਸੀ, ਤਾਂ ਉਸ ਦੇ ਆਗੂਆਂ ਨੇ ਸੁਚੇਤ ਰੂਪ ਵਿੱਚ ਆਪਣੇ ਆਪ ਨੂੰ ਅਕਾਲੀ ਧੜ੍ਹੇਬਦੀਆਂ ਤੋਂ ਨਿਖੇੜ ਕੇ ਚੱਲਣ ਦਾ ਫੈਸਲਾ ਕੀਤਾ ਸੀ। ਅਸੀਂ ਅਕਾਲੀ ਦਲ ਦੇ ਬਾਰ ਬਾਰ ਟੁੱਟਣ ਤੇ ਮੁੜ ਮੁੜ ਕੱਠੇ ਹੋਣ ਦੇ ਕਲਚਰ ਤੋਂ ਪਾਸੇ ਰਹਿ ਕੇ ਚੱਲਣਾ ਚਾਹੁੰਦੇ ਸਾਂ, ਤੇ ਚੱਲ ਰਹੇ ਹਾਂ। ਅਸੀਂ ਕੌਮੀ ਆਜ਼ਾਦੀ ਸੰਘਰਸ਼ ਨੂੰ ਆਪਣੇ ਸਿਆਸੀ ਪ੍ਰੋਗਰਾਮ ਵਜੋਂ ਅਪਣਾਇਆ ਸੀ, ਤੇ ਉਸੇ ਉਤੇ ਪਹਿਰਾ ਦੇਣਾ ਆਪਣਾ ਮੁਢਲਾ ਫਰਜ਼ ਸਮਝਦੇ ਹਾਂ। ਅਸੀਂ ਕਿੰਨੇ ਕਾਮਯਾਬ ਹਾਂ, ਤੇ ਕਿੰਨੇ ਨਹੀਂ, ਇਹ ਤਾਂ ਵਕਤ ਉਤੇ ਛੱਡਦੇ ਹਾਂ, ਪਰ ਅਸੀਂ ਵਕਤੀ ਸਮਝੌਤਿਆਂ ਤੇ ਹਿੱਤਾਂ ਤੋਂ ਸਿਧਾਂਤਾਂ ਨੂੰ ਤਰਜੀਹ ਦੇ ਕੇ ਜ਼ਰੂਰ ਚੱਲ ਰਹੇ ਹਾਂ। ਇਸੇ ਲਈ ਸਾਡੀ ਨੇੜ੍ਹਤਾ ਤੇ ਦੂਰੀ, ਵਿਅਕਤੀਵਾਦੀ ਨਹੀਂ, ਸਿਧਾਂਤਕ ਅਤੇ ਕੌਮੀ ਆਜ਼ਾਦੀ ਸੰਘਰਸ਼ ਦੇ ਹਿੱਤਾਂ ਦੇ ਆਧਾਰ ਤੇ ਹੁੰਦੀ ਹੈ।

**-ਗਜਿੰਦਰ ਸਿੰਘ, ਦਲ ਖਾਲਸਾ**

## ਆਈਲਟਸ ਦਾ ਵਧਦਾ ਰੁਝਾਨ ਪੰਜਾਬ ਲਈ ਖ਼ਤਰੇ ਦੀ ਘੰਟੀ

ਆਈਲਟਸ ਦਾ ਇਹ ਛੋਟਾ ਜਿਹਾ ਸ਼ਬਦ ਪੰਜਾਬ ਦੇ ਲੋਕਾਂ ਦੇ ਸਿਰ ਚੜ੍ਹ ਬੋਲ ਰਿਹਾ ਹੈ। ਪੰਜਾਬ ਵਿਚ ਓਨੇ ਸਕੂਲ, ਹਸਪਤਾਲ ਨਹੀਂ, ਜਿੰਨੇ ਆਈਲਟਸ ਸੈਂਟਰ ਪਾਏ ਜਾਂਦੇ ਹਨ। ਪੰਜਾਬ ਵਿਚ ਆਈਲਟਸ ਕਰਨ ਦਾ ਫੈਸ਼ਨ ਬਣ ਗਿਆ ਹੈ। ਬਾਹਰ ਦੇ ਚੱਕਰ ਵਿਚ ਹਰੇਕ ਘਰ ਪੈ ਗਿਆ ਹੈ। ਪੰਜਾਬ ਦੀ ਬੇਰੁਜ਼ਗਾਰੀ ਕਾਰਨ ਪੰਜਾਬ ਖਾਲੀ ਹੋ ਰਿਹਾ ਹੈ। ਸਾਡੇ ਪੰਜਾਬ ਲਈ ਚੰਗਾ ਜਾਂ ਮਾੜਾ, ਅਸੀਂ ਸਭ ਜਾਣਦੇ ਹਾਂ ਪਰ ਸਰਕਾਰ ਆਪਣਾ ਮੂੰਹ ਮੋੜੀ ਬੈਠੀ ਹੈ। ਜੇਕਰ ਸਰਕਾਰ ਰੁਜ਼ਗਾਰ ਦੇਵੇ ਤਾਂ ਪੰਜਾਬੀ ਬਾਹਰ ਦੇ ਚੱਕਰ ਵਿਚ ਕਿਉਂ ਪਵੇ। ਏਨੀ ਪੜ੍ਹੀ-ਲਿਖੀ ਪੰਜਾਬ ਦੀ ਜਨਤਾ ਫਿਰਦੀ ਹੈ ਪਰ ਫਿਰ ਵੀ ਨੌਕਰੀ ਵਾਸਤੇ ਧੱਕੇ ਖਾਣੇ ਪੈ ਰਹੇ ਹਨ। ਆਈਲਟਸ ਕਰਨਾ ਤੇ ਬਾਹਰ ਜਾਣਾ ਮਾੜਾ ਨਹੀਂ ਪਰ ਉਨ੍ਹਾਂ ਮਾਪਿਆਂ ਨੂੰ ਪੁੱਛ ਕੇ ਦੇਖੋ ਜੋ ਪੈਸੇ ਲਾ ਕੇ ਬਾਹਰ ਭੇਜਦੇ ਹਨ। ਆਈਲਟਸ ਕਰਨ ਲਈ ਮਾਪੇ ਬੱਚਿਆਂ 'ਤੇ ਦਬਾਅ ਪਾਉਂਦੇ ਹਨ, ਜਿਸ ਕਰਕੇ ਬੱਚਿਆਂ ਨੂੰ ਕਈ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਸਕੂਲਾਂ ਤੇ ਕਾਲਜਾਂ 'ਤੇ ਆਈਲਟਸ ਦਾ ਬਹੁਤ ਪ੍ਰਭਾਵ ਪੈ ਰਿਹਾ ਹੈ। ਪੰਜਾਬ ਵਿਚ ਸਕੂਲ-ਕਾਲਜ ਖਾਲੀ ਹੋ ਰਹੇ ਹਨ। ਕਈ ਸਕੂਲ-ਕਾਲਜ ਬੰਦ ਹੋਣ ਕਿਨਾਰੇ ਹਨ। ਅੱਜਕਲ੍ਹ ਹਰੇਕ ਬੱਚਾ ਆਈਲਟਸ ਕਰ ਕੇ ਬਾਹਰ ਜਾਣਾ ਚਾਹੁੰਦਾ ਹੈ, ਕਿਉਂਕਿ ਪੰਜਾਬ ਵਿਚ ਉਨ੍ਹਾਂ ਨੂੰ ਭਵਿੱਖ ਧੁੰਦਲਾ ਦਿਖਾਈ ਦਿੰਦਾ ਹੈ। ਇਸ ਕਰਕੇ ਮਾਪੇ ਆਪਣੇ ਬੱਚਿਆਂ ਨੂੰ ਬਾਹਰ ਤੋਰਨਾ ਚਾਹੁੰਦੇ ਹਨ। ਸਰਕਾਰ ਨੂੰ ਸੁਚੇਤ ਹੋਣ ਦੀ ਲੋੜ ਹੈ। ਜੇਕਰ ਸਰਕਾਰ ਪੰਜਾਬ ਵਿਚ ਰੁਜ਼ਗਾਰ ਦੇਵੇ ਤਾਂ ਕੋਈ ਬਾਹਰ ਕਿਉਂ ਜਾਵੇ ? ਸਾਡਾ ਭਵਿੱਖ ਬਾਹਰ ਜਾ ਕੇ ਭਵਿੱਖ ਬਣਾ ਰਿਹਾ ਹੈ। ਇਹ ਸਾਡੇ ਪੰਜਾਬ ਲਈ ਖ਼ਤਰੇ ਦੀ ਘੰਟੀ ਹੈ।

**-ਨਵਜੀਤ ਕੌਰ**

# ਸਤਪਾਲ ਸਿੰਘ ਸਿੱਧੂ ਦਾ ਵਾਟਕੌਮ ਕਾਊਂਟੀ ਦੇ ਐਗਜ਼ੈਕਟਿਵ ਦੀ ਚੋਣ ਜਿੱਤਣ ਤੇ ਨਿੱਘਾ ਸਵਾਗਤ ਅਤੇ ਸਨਮਾਨ

**ਸਿਆਟਲ/ ਗੁਰਚਰਨ ਸਿੰਘ ਢਿੱਲੋਂ** : ਪੰਜਾਬੀ ਭਾਈਚਾਰੇ ਦੇ ਉਮੀਦਵਾਰ ਸਤਪਾਲ ਸਿੰਘ ਸਿੱਧੂ ਵਾਟਕੌਮ ਕਾਊਂਟੀ ਦੇ ਐਗਜ਼ੈਕਟਿਵ ਦੀ ਚੋਣ ਜਿੱਤਣ ਤੋਂ ਬਾਅਦ ਪਹਿਲੀ ਵਾਰ ਸਿਆਟਲ ਬੁਲਾ ਕੇ ਪੰਜਾਬੀ ਭਾਈਚਾਰੇ ਵਲੋਂ ਉਨ੍ਹਾਂ ਦਾ ਸਿਆਟਲ ਵਿਚ ਨਿੱਘਾ ਸੁਆਗਤ ਅਤੇ ਸਨਮਾਨਤ ਕੀਤਾ। ਮੁੱਖ ਪ੍ਰਬੰਧਕ ਹਰਦੇਵ ਸਿੰਘ ਜੱਜ ਨੇ ਸਟੇਜ ਦਾ ਸੰਚਾਲਨ ਕਰਦਿਆਂ ਦੱਸਿਆ ਕਿ ਮੇਰੇ ਜਮਾਤੀ ਸਤਪਾਲ ਸਿੰਘ ਸਿੱਧੂ ਨੂੰ ਐਗਜ਼ੈਕਟਿਵ ਦੀ ਚੋਣ ਜਿੱਤਣ ਤੇ ਵਧਾਈ ਦਿੰਦਾ ਹਾਂ ਅਤੇ ਸਿਆਟਲ ਦੇ ਪੰਜਾਬੀ ਭਾਈਚਾਰੇ ਵਲੋਂ ਫੁੱਲਾਂ ਦੇ ਗੁਲਦਸਤੇ ਦੇ ਕੇ ਸਵਾਗਤ ਕੀਤਾ ਗਿਆ। ਇਸ ਮੌਕੇ ਗੁਰਦੁਆਰਾ ਸੱਚਾ ਮਾਰਗ ਦੇ ਸਕੱਤਰ ਹਰਜ਼ਿੰਦਰ ਸਿੰਘ ਸੰਧੂ, ਰਾਜਬੀਰ ਸਿੰਘ ਸੰਧੂ, ਗੁਰਦੁਆਰਾ ਲਿੰਡਨ ਦੇ ਪ੍ਰਧਾਨ ਸੁਖਵੰਤ ਸਿੰਘ ਸੰਧੂ, ਪ੍ਰੇਮ ਕੁਮਾਰ ਡਾਇਰੈਕਟਰ ਅਤੇ ਕੈਂਟ ਕੌਂਸਿਲ



ਮੈਂਬਰ ਸਤਵਿੰਦਰ ਕੌਰ ਨੇ ਸਤਪਾਲ ਸਿੰਘ ਸਿੱਧੂ ਨੂੰ ਵਧਾਈ ਦੇਂਦਿਆਂ ਆਪਣੇ ਭਾਸ਼ਣ ਵਿਚ ਦੱਸਿਆ ਕਿ ਸਤਪਾਲ ਸਿੰਘ ਸਿੱਧੂ ਪੰਜਾਬੀ ਭਾਈਚਾਰੇ ਲਈ ਮਾਰਗ ਦਰਸ਼ਕ ਬਣਗੇ। ਹਰਵਿੰਦਰ ਰਿਆੜ ਨੇ ਦੱਸਿਆ ਗਦਰੀ ਬਾਬਿਆਂ ਨੇ ਕੁਰਬਾਨੀਆਂ ਦੇ ਕੇ ਵੋਟ ਪਾਉਣ ਦਾ ਹੱਕ ਲਿਆ ਸੀ, ਸਤਪਾਲ ਸਿੱਧੂ ਨੇ ਆਪਣੇ ਭਾਸ਼ਣ ਵਿਚ ਦੱਸਿਆ ਕਿ ਉਹ ਸਿਆਟਲ ਦੇ ਪੰਜਾਬੀ ਭਾਈਚਾਰੇ ਦੇ ਧੰਨਵਾਦੀ ਹਾਂ ਜਿਨ੍ਹਾਂ ਨੇ ਚੋਣਾਂ ਦੌਰਾਨ ਅਤੇ ਹੁਣ ਸਿਆਟਲ ਵਿਚ ਬੁਲਾ ਕੇ ਮਾਣ ਬਖਸ਼ਿਆ ਹੈ। ਸਿੱਧੂ ਨੇ ਕਿਹਾ ਕਿ ਪੰਜਾਬੀ ਮੂਲ ਦੇ ਪੜ੍ਹੇ ਲਿਖੇ ਨੌਜਵਾਨਾਂ ਨੂੰ ਰਾਜਨੀਤੀ ਵਿਚ ਭਾਗ ਲੈਣਾ ਚਾਹੀਦਾ ਹੈ। ਉਨ੍ਹਾਂ ਸਤਵਿੰਦਰ ਕੌਰ ਦੇ ਕੈਂਟ ਸਿਟੀ ਕੌਂਸਿਲ ਮੈਂਬਰ ਬਣਨ ਤੇ ਮਾਣ ਮਹਿਸੂਸ ਕੀਤਾ। ਇਸ ਮੌਕੇ ਪਿੰਟੂ ਬਾਠ, ਮਨਮੋਹਨ ਸਿੰਘ ਧਾਲੀਵਾਲ, ਡਾ. ਪ੍ਰਭਜੋਤ ਸਿੱਧੂ, ਡਾ. ਗੌਰਵ ਸ਼ਰਮਾ, ਡਾ. ਪਰਮਿੰਦਰ ਸਿੰਘ, ਸੁਖਦੇਵ ਸਿੰਘ ਢਿੱਲੋਂ, ਹੀਰਾ ਸਿੰਘ ਭੁੱਲਰ, ਜਗਦੇਵ ਸਿੰਘ ਧਾਲੀਵਾਲ, ਉਂਕਾਰ ਸਿੰਘ ਭੰਡਾਲ, ਧਰਮ ਸਿੰਘ ਮੇਰੀਪੁਰ, ਰਛਪਾਲ ਸੰਧੂ, ਜਗਜੀਤ ਸਿੰਘ ਸੰਧੂ, ਅਮਰਜੀਤ ਸਿੰਘ ਬਰਾੜ, ਹਰਦਿਆਲ ਸਿੰਘ ਸੰਘਾ, ਸੇਮ ਸਿੱਧੂ, ਰਵਿੰਦਰ ਕੁਮਾਰ ਰਿਸ਼ੀ, ਗੁਰਮੀਤ ਸਿੰਘ ਨਿੱਝਰ ਅਤੇ ਕਈ ਅਹਿਮ ਸ਼ਖ਼ਸੀਅਤਾਂ ਨੇ ਪਹੁੰਚ ਕੇ ਸਮਾਰੋਹ ਦੀ ਸ਼ੋਭਾ ਵਧਾਈ। ਅਖ਼ੀਰ ਵਿਚ ਸੇਮ ਵਿਰਕ ਨੇ ਪਹੁੰਚੇ ਮਹਿਮਾਨਾਂ ਦਾ ਧੰਨਵਾਦ ਕੀਤਾ।

# ਭਾਈ ਜੈਤਾ ਜੀ ਦੀ ਕੁਰਬਾਨੀ ਦਾ ਸਿੱਖ ਇਤਿਹਾਸ ਵਿੱਚ ਸਥਾਨ

**ਲੈਕਚਰਾਰ ਜੁਗਰਾਜ ਸਿੰਘ**

ਸ਼ਹੀਦ ਕੌਮਾਂ ਦੀ ਜਿੰਦ-ਜਾਨ ਤੇ ਅਣਖ-ਈਮਾਨ ਹੁੰਦੇ ਹਨ। ਉਹ ਆਪਣਾ ਜੀਵਨ ਕੁਰਬਾਨ ਕਰ ਕੇ ਕੌਮ ਨੂੰ ਨਵਾਂ ਜੀਵਨ ਬਖ਼ਸ਼ਦੇ ਹਨ। ਇਨ੍ਹਾਂ ਸ਼ਹੀਦਾਂ ਵਿੱਚ ਭਾਈ ਜੈਤਾ ਜੀ ਦੀ ਕੁਰਬਾਨੀ ਵੱਖਰਾ ਸਥਾਨ ਰੱਖਦੀ ਹੈ। 'ਰੰਘਰੇਟਾ ਗੁਰੂ ਕਾ ਬੇਟਾ' ਅਖਵਾਉਣ ਦਾ ਸ਼ੁਭ ਵਰ ਪ੍ਰਾਪਤ ਕਰਨ ਵਾਲੇ ਭਾਈ ਜੈਤਾ ਜੀ ਨੇ ਦਿੱਲੀ ਤੋਂ ਗੁਰੂ ਤੇਗ਼ ਬਹਾਦਰ ਜੀ ਦਾ ਸੀਸ ਅਨੰਦਪੁਰ ਪਹੁੰਚਾਇਆ। ਉਹ ਅੰਮ੍ਰਿਤ ਦੀ ਦਾਤ ਪ੍ਰਾਪਤ ਕਰ ਕੇ ਸਿੰਘ ਸਜ ਗਏ ਤੇ ਭਾਈ ਜੈਤਾ ਤੋਂ ਭਾਈ ਜੀਵਨ ਸਿੰਘ ਬਣ ਗਏ। ਸਿੱਖ ਕੌਮ ਦੇ ਇਸ ਮਹਾਨ ਸੂਰਬੀਰ ਨੇ ਪਹਿਲਾਂ ਭੰਗਾਣੀ, ਫਿਰ ਅਨੰਦਪੁਰ ਤੇ ਅਖ਼ੀਰ ਚਮਕੌਰ ਦੀ ਜੰਗ ਵਿੱਚ ਹਿੱਸਾ ਲਿਆ ਤੇ ਸ਼ਹੀਦੀ ਪ੍ਰਾਪਤ ਕਰ ਗਏ। ਭਾਈ ਜੈਤਾ ਜੀ ਦਾ ਜਨਮ ਅਖੌਤੀ ਨੀਵੀਂ ਜਾਤ ਵਿੱਚੋਂ ਮਜ਼੍ਹਬੀ ਅਖਵਾਉਣ ਵਾਲੇ ਭਾਈ ਸਦਾਨੰਦ ਤੇ ਮਾਤਾ ਪ੍ਰੇਮੋ ਦੇ ਘਰ 5 ਸਤੰਬਰ 1661 ਨੂੰ ਪਟਨਾ ਵਿੱਚ ਹੋਇਆ। ਪਟਨਾ ਵਿੱਚ ਹੀ ਉਨ੍ਹਾਂ ਨੇ ਯੁੱਧ ਕਲਾ ਦੇ ਤੌਰ ਤਰੀਕੇ ਤੇ ਕੀਰਤਨ ਸਿੱਖਿਆ। ਉਨ੍ਹਾਂ ਦਾ ਵਿਆਹ ਭਾਈ ਖਜ਼ਾਨ ਸਿੰਘ ਦੀ ਪੁੱਤਰੀ ਬੀਬੀ ਰਾਜ ਕੌਰ ਨਾਲ ਹੋਇਆ। ਉਨ੍ਹਾਂ ਦੇ ਘਰ ਚਾਰ ਪੁੱਤਰਾਂ ਭਾਈ ਗੁਲਜ਼ਾਰ ਸਿੰਘ, ਭਾਈ ਗੁਰਦਿਆਲ ਸਿੰਘ, ਭਾਈ ਸੁੱਖਾ ਅਤੇ ਭਾਈ ਸੇਵਾ ਸਿੰਘ ਨੇ ਜਨਮ ਲਿਆ।



ਭਾਈ ਜੈਤਾ ਜੀ ਦਾ ਪਰਿਵਾਰ ਕਈ ਪੀੜ੍ਹੀਆਂ ਤੋਂ ਸ਼ਰਧਾ ਭਾਵਨਾ ਨਾਲ ਗੁਰੂ ਘਰ ਨਾਲ ਜੁੜਿਆ ਹੋਇਆ ਸੀ। ਉਹ ਨੌਵੇਂ ਪਾਤਸ਼ਾਹ ਗੁਰੂ ਤੇਗ਼ ਬਹਾਦਰ ਸਾਹਿਬ ਦੇ ਸ਼ਰਧਾਲੂ ਸਨ। ਜਦੋਂ ਗੁਰੂ ਤੇਗ਼ ਬਹਾਦਰ ਜੀ ਅਨੰਦਪੁਰ ਸਾਹਿਬ ਤੋਂ ਪੰਜਾਬ ਦਾ ਦੌਰਾ ਕਰਦਿਆਂ ਦਿੱਲੀ ਵੱਲ ਰਵਾਨਾ ਹੋਏ ਤਾਂ ਹੋਰ ਸੰਗਤ ਦੇ ਨਾਲ ਭਾਈ ਜੈਤਾ ਜੀ ਵੀ ਉਨ੍ਹਾਂ ਦੇ ਨਾਲ ਸਨ। ਮੁਗ਼ਲਾਂ ਨੇ 15 ਸਤੰਬਰ 1675 ਨੂੰ ਪੰਜ ਸਿੱਖਾਂ ਸਮੇਤ ਗੁਰੂ ਤੇਗ਼ ਬਹਾਦਰ ਜੀ ਨੂੰ ਆਗਰੇ ਤੋਂ ਗ੍ਰਿਫ਼ਤਾਰ ਕਰ ਲਿਆ। ਗੁਰੂ ਜੀ ਨੇ ਜੇਲ੍ਹ ਵਿੱਚੋਂ ਭਾਈ ਜੈਤਾ ਨੂੰ 5 ਪੈਸੇ, ਨਾਰੀਅਲ, ਗੁਰਿਆਈ ਤਿਲਕ ਅਤੇ ਹੁਕਮਨਾਮਾ ਦੇ ਕੇ ਅਨੰਦਪੁਰ ਭੇਜਿਆ। ਭਾਈ ਜੈਤਾ ਜੀ ਨੇ ਸਾਰੀ ਸਮੱਗਰੀ ਗੋਬਿੰਦ ਰਾਏ ਨੂੰ ਸੌਂਪੀ ਅਤੇ ਦਿੱਲੀ ਦੇ ਹਾਲਾਤ ਦੱਸੇ ਕਿ ਗੁਰੂ ਸਾਹਿਬ ਦੀ ਸ਼ਹੀਦੀ ਅਟੱਲ ਹੈ। 11 ਨਵੰਬਰ 1675 ਨੂੰ ਗੁਰੂ ਤੇਗ਼ ਬਹਾਦਰ ਜੀ ਨੂੰ ਚਾਂਦਨੀ ਚੌਕ ਦਿੱਲੀ ਵਿੱਚ ਸ਼ਹੀਦ ਕੀਤਾ ਗਿਆ। ਹਕੂਮਤ ਨੇ ਐਲਾਨ ਕਰ ਦਿੱਤਾ ਕਿ ਜੋ ਗੁਰੂ ਜੀ ਦਾ ਧੜ ਅਤੇ ਸੀਸ ਚੁੱਕੇਗਾ, ਉਸ ਦਾ ਵੀ ਇਹੋ ਹਸ਼ਰ ਹੋਵੇਗਾ। ਭਾਈ ਜੈਤਾ ਜੀ ਭੇਸ ਬਦਲ ਕੇ ਕਿਸੇ ਤਰ੍ਹਾਂ ਦਿੱਲੀ ਪੁੱਜੇ ਤੇ ਇਹ ਖ਼ਤਰਾ ਮੁੱਲ ਲੈਣ ਦੀ ਧਾਰ ਲਈ। ਉਨ੍ਹਾਂ ਬੜੀ ਹੁਸ਼ਿਆਰੀ ਨਾਲ ਗੁਰੂ ਤੇਗ਼ ਬਹਾਦਰ ਜੀ ਦਾ ਧੜ ਨਾਲੋਂ ਅਲੱਗ ਹੋਇਆ ਸੀਸ ਚੁੱਕਿਆ ਤੇ ਸਤਿਕਾਰ ਨਾਲ ਕੱਪੜੇ ਵਿੱਚ ਲਪੇਟ ਕੇ ਅਨੰਦਪੁਰ ਸਾਹਿਬ ਲੈ ਤੁਰੇ। ਜਦੋਂ ਭਾਈ ਜੈਤਾ ਜੀ ਗੁਰੂ ਤੇਗ਼ ਬਹਾਦਰ ਦਾ ਪਾਵਨ ਸੀਸ ਲੈ ਕੇ ਅਨੰਦਪੁਰ ਸਾਹਿਬ ਪੁੱਜੇ ਤਾਂ ਗੋਬਿੰਦ ਰਾਏ ਜੀ ਨੇ ਆਪਣੇ ਗੁਰਦੇਵ ਪਿਤਾ ਦਾ ਸੀਸ ਦੇਖ ਕੇ ਭਾਈ ਜੈਤਾ ਜੀ ਨੂੰ ਘੁੱਟ ਕੇ ਗਲਵੱਕੜੀ ਵਿੱਚ ਲਿਆ ਤੇ ਵਰ ਦਿੱਤਾ, 'ਰੰਘਰੇਟਾ ਗੁਰੂ ਕਾ ਬੇਟਾ'। ਉਸ ਦਿਨ ਤੋਂ ਭਾਈ ਜੈਤਾ ਜੀ ਗੁਰੂ ਗੋਬਿੰਦ ਸਿੰਘ ਜੀ ਪਾਸ ਅਨੰਦਪੁਰ ਸਾਹਿਬ ਹੀ ਰਹਿਣ ਲੱਗ ਪਏ।

1699 ਵਿੱਚ ਅਨੰਦਪੁਰ ਸਾਹਿਬ ਦੀ ਧਰਤੀ 'ਤੇ ਦਸਮ ਪਿਤਾ ਨੇ ਖ਼ਾਲਸਾ ਪੰਥ ਦੀ ਸਾਜਨਾ ਕੀਤੀ ਤੇ ਅੰਮ੍ਰਿਤ ਛਕਾ ਕੇ ਸਿੱਖਾਂ ਨੂੰ ਸਿੰਘ ਸਜਾਇਆ। ਭਾਈ ਜੈਤਾ ਜੀ ਨੇ ਵੀ ਅੰਮ੍ਰਿਤ ਪਾਨ ਕੀਤਾ ਤੇ ਭਾਈ ਜੈਤਾ ਤੋਂ ਜੀਵਨ ਸਿੰਘ ਬਣ ਗਏ। 1701 ਵਿੱਚ ਅਨੰਦਪੁਰ ਸਾਹਿਬ ਉੱਤੇ ਮੁਗ਼ਲਾਂ ਅਤੇ ਹਿੰਦੂ ਰਾਜਿਆਂ ਦਾ ਹਮਲਾ ਹੋਇਆ। ਹਮਲਾ ਕਰਨ ਵਾਲਿਆਂ ਵਿੱਚ ਦਿੱਲੀ ਤੋਂ ਆਈ ਗਸ਼ਤੀ ਫ਼ੌਜ, ਲਾਹੌਰ ਤੇ ਸਰਹੰਦ ਦੇ ਸੂਬੇਦਾਰ ਦੀਆਂ ਫ਼ੌਜਾਂ ਤੇ ਬਾਈਧਾਰ ਦੇ ਹਿੰਦੂ ਰਾਜਿਆਂ ਦੀਆਂ ਫ਼ੌਜਾਂ ਸ਼ਾਮਲ ਸਨ। ਤਿੰਨ ਸਾਲ ਯੁੱਧ ਚੱਲਦਾ ਰਿਹਾ। ਇਸ ਸਮੇਂ ਯੁੱਧ ਮੈਦਾਨ 'ਚ ਲੜਨ ਵਾਲਿਆਂ ਵਿੱਚ ਭਾਈ ਜੀਵਨ ਸਿੰਘ ਵੀ ਸ਼ਾਮਲ ਸਨ। ਅਖ਼ੀਰ ਜਦੋਂ ਗੁਰੂ ਸਾਹਿਬ ਨੂੰ ਅਨੰਦਪੁਰ ਸਾਹਿਬ ਦਾ ਕਿਲ੍ਹਾ ਛੱਡਣਾ ਪਿਆ, 40 ਸਿੰਘ ਗੁਰੂ ਸਾਹਿਬ ਨੂੰ ਬੇਦਾਵਾ ਲਿਖ ਕੇ ਦੇ ਗਏ ਤੇ ਅਤਿ ਤੰਗੀ ਦੇ ਦਿਨ ਆ ਗਏ ਤਾਂ ਉਸ ਸਮੇਂ ਵੀ ਭਾਈ ਜੀਵਨ ਸਿੰਘ ਗੁਰੂ ਜੀ ਦੇ ਨਾਲ ਸਨ।

ਅਨੰਦਪੁਰ ਸਾਹਿਬ ਤੋਂ ਕੂਚ ਕਰਨ ਤੋਂ ਬਾਅਦ ਗੁਰੂ ਗੋਬਿੰਦ ਸਿੰਘ ਜੀ ਨੇ ਸਰਸਾ ਨਦੀ ਪਾਰ ਕਰ ਕੇ ਚਮਕੌਰ ਸਾਹਿਬ ਆ ਡੇਰੇ ਲਾਏ ਤੇ ਇੱਥੇ ਫਿਰ ਸ਼ਾਹੀ ਫ਼ੌਜ ਨਾਲ ਟੱਕਰ ਲਈ। ਇਸ ਲੜਾਈ ਵਿੱਚ ਥੋੜ੍ਹੀ ਗਿਣਤੀ 'ਚ ਸਿੰਘ ਗੁਰੂ ਸਾਹਿਬ ਦੇ ਨਾਲ ਸਨ। ਦੋਵੇਂ ਵੱਡੇ ਸਾਹਿਬਜ਼ਾਦੇ ਅਜੀਤ ਸਿੰਘ ਤੇ ਜੁਝਾਰ ਸਿੰਘ ਇੱਥੇ ਯੁੱਧ ਵਿੱਚ ਸ਼ਹੀਦ ਹੋ ਗਏ। ਭਾਈ ਜੀਵਨ ਸਿੰਘ ਦੇ ਚਾਰੇ ਪੁੱਤਰ ਵੀ ਚਮਕੌਰ ਦੇ ਯੁੱਧ ਵਿੱਚ ਸ਼ਹੀਦ ਹੋ ਗਏ। ਭਾਈ ਜੀਵਨ ਸਿੰਘ ਨੇ ਚਮਕੌਰ ਦੇ ਯੁੱਧ ਵਿੱਚ ਵੀਰਤਾ ਦਾ ਕਮਾਲ ਦਿਖਾਇਆ ਤੇ ਸਾਰੀ ਫ਼ੌਜ ਵਿੱਚ ਤਰਥੱਲੀ ਮਚਾ ਦਿੱਤੀ। ਅਖ਼ੀਰ 23 ਦਸੰਬਰ 1704 ਨੂੰ ਉਹ ਲੜਦੇ ਹੋਏ ਸ਼ਹੀਦ ਹੋ ਗਏ। ਉਨ੍ਹਾਂ ਦਾ ਇਹ ਮਹਾਨ ਕਾਰਨਾਮਾ ਜਿੱਥੇ ਇਤਿਹਾਸ ਵਿੱਚ ਸਦਾ ਯਾਦ ਰਹੇਗਾ, ਉੱਥੇ ਉਨ੍ਹਾਂ ਦੀ ਸ਼ਹੀਦੀ ਆਉਣ ਵਾਲੀਆਂ ਪੀੜ੍ਹੀਆਂ ਨੂੰ ਉਤਸ਼ਾਹ ਦਿੰਦੀ ਰਹੇਗੀ।

# ਗ਼ਦਰ ਪਾਰਟੀ ਦੀ ਨੀਂਹ ਦਾ ਇੱਕ ਪੱਥਰ 'ਭਾਈਆਂ ਵਾਲਾ ਡੇਰਾ'

**ਡਾ. ਗੁਰਦੇਵ ਸਿੰਘ ਸਿੱਧੂ**

ਗ਼ਦਰ ਲਹਿਰ ਦੇ ਇਤਿਹਾਸਕਾਰ ਮੰਨਦੇ ਹਨ ਕਿ ਅਮਰੀਕਾ ਵਿੱਚ ਗ਼ਦਰ ਲਹਿਰ ਦੀ ਸਥਾਪਨਾ ਵਿੱਚ ਤਿੰਨ ਕੇਂਦਰਾਂ, ਸੇਂਟ ਜਾਨ, ਸਿਆਟਲ ਅਤੇ ਸਟਾਕਟਨ ਨੇੜਲੇ ਹੋਲਟ ਫਾਰਮ ਦੀਆਂ ਸਰਗਰਮੀਆਂ ਆਧਾਰ ਬਣੀਆਂ। ਜਿੱਥੇ ਪਹਿਲੇ ਦੋਵੇਂ ਥਾਂ ਭਾਰਤੀ, ਵਿਸ਼ੇਸ਼ ਕਰਕੇ ਪੰਜਾਬੀ ਮਜ਼ਦੂਰਾਂ ਦੇ ਕੇਂਦਰ ਸਨ, ਉੱਥੇ ਹੀ ਤੀਜਾ ਖੇਤੀ ਕਾਮਿਆਂ ਦਾ ਟਿਕਾਣਾ ਸੀ। ਗ਼ਦਰ ਲਹਿਰ ਦੇ ਲਿਖਤੀ ਇਤਿਹਾਸਾਂ ਵਿੱਚ ਪਹਿਲੇ ਦੋਵਾਂ ਕੇਂਦਰਾਂ ਬਾਰੇ ਵਿਸਥਾਰ ਨਾਲ ਲਿਖਿਆ ਮਿਲਦਾ ਹੈ। ਤੀਜੇ ਟਿਕਾਣੇ ਦੇ ਵਸਨੀਕ ਗ਼ਦਰੀਆਂ ਦੀ ਜਾਣਕਾਰੀ ਤਾਂ ਦਿੱਤੀ ਗਈ ਹੈ ਪਰ ਉਨ੍ਹਾਂ ਦੇ ਟਿਕਾਣੇ ਨੂੰ ਓਨਾ ਮਹੱਤਵ ਨਹੀਂ ਦਿੱਤਾ ਗਿਆ, ਜਿਨਾ ਦੇਣਾ ਬਣਦਾ ਸੀ।

ਕੋਨ ਕਾਰਡ, ਨਿਊ ਹੈਂਪਸ਼ਾਇਰ ਨਾਲ ਸਬੰਧਿਤ ਹੋਲਟ ਪਰਿਵਾਰ ਦੇ ਚਾਰ ਭਰਾਵਾਂ ਨੇ ਮੱਧ ਉਨ੍ਹੀਵੀਂ ਸਦੀ ਦੇ ਨੇੜੇ ਸਟਾਕਟਨ ਆ ਕੇ ਇੱਥੇ 'ਸਟਾਕਟਨ ਵ੍ਹੀਲ ਕੰਪਨੀ' ਸਥਾਪਿਤ ਕੀਤੀ ਅਤੇ ਬਣਾਈ ਜਾ ਰਹੀ ਖੇਤੀ ਮਸ਼ੀਨਰੀ ਦੀ ਉਪਯੋਗਤਾ ਪਰਖਣ ਵਾਸਤੇ ਸਟਾਕਟਨ ਤੋਂ 17 ਮੀਲ ਦੂਰ ਲਗਪਗ 500 ਏਕੜ ਦਾ ਇੱਕ ਖੇਤੀ ਫਾਰਮ ਸਥਾਪਿਤ ਕੀਤਾ। ਹੋਲਟ ਪਰਿਵਾਰ ਦੀ ਮਾਲਕੀ ਹੋਣ ਕਾਰਨ ਇਸ ਸਥਾਨ ਨੂੰ ਹੋਲਟ ਫਾਰਮ ਵਜੋਂ ਜਾਣਿਆ ਗਿਆ। ਵੀਹਵੀਂ ਸਦੀ ਦੇ ਪਹਿਲੇ ਦਹਾਕੇ ਤੱਕ ਪੁੱਜਦਿਆਂ ਹੋਲਟ ਭਰਾਵਾਂ ਵਿੱਚੋਂ ਵੱਡੇ ਤਿੰਨਾਂ ਦਾ ਦੇਹਾਂਤ ਹੋ ਗਿਆ। ਪਿੱਛੇ ਰਹੇ ਚੌਥੇ ਅਤੇ ਸਭ ਤੋਂ ਛੋਟੇ ਬੈਂਜਮਿਨ ਐੱਲ. ਹੋਲਟ ਨੇ ਖੇਤੀ ਮਸ਼ੀਨਾਂ ਬਣਾਉਣ ਦੀ ਸਨਅਤ ਨੂੰ ਪਹਿਲ ਦਿੰਦਿਆਂ ਹੋਲਟ ਫਾਰਮ ਵਾਲੀ ਜ਼ਮੀਨ ਠੇਕੇ ਉੱਤੇ ਦੇਣੀ ਸ਼ੁਰੂ ਕੀਤੀ ਤਾਂ ਸਟਾਕਟਨ ਦੇ ਨੇੜੇ ਦਰਿਆ ਸੈਕਰੋਮੈਂਟੋ ਤੋਂ ਪਾਰ ਰਿਜ ਟਰੈਕਟ ਵਿੱਚ ਖੇਤੀਬਾੜੀ ਦਾ ਕੰਮ ਕਰਦੇ ਭਾਈ ਜੁਆਲਾ ਸਿੰਘ ਅਤੇ ਭਾਈ ਵਸਾਖਾ ਸਿੰਘ ਨੇ ਹੋਲਟ ਖੇਤੀ ਫਾਰਮ ਠੇਕੇ 'ਤੇ ਲੈ ਲਿਆ। ਹੋਲਟ ਖੇਤੀ ਫਾਰਮ ਦੇ ਪੰਜਾਬੀ ਕਾਮੇ: ਜਵਾਲਾ ਸਿੰਘ ਪਿੰਡ ਠੱਠੀਆਂ ਜ਼ਿਲ੍ਹਾ ਅੰਮ੍ਰਿਤਸਰ (ਜਨਮ 1866), ਵੀਹਵੀਂ ਸਦੀ ਦੇ ਪਹਿਲੇ ਦਹਾਕੇ ਵਿੱਚ ਰੁਜ਼ਗਾਰ ਦੀ ਭਾਲ ਵਿੱਚ ਅਮਰੀਕਾ ਆਇਆ। ਜਵਾਲਾ ਸਿੰਘ ਗੁਰਮੁਖੀ ਰਹਿਤ ਬਹਿਤ ਦਾ ਧਾਰਨੀ ਸੀ। ਅਮਰੀਕਾ ਜਿਹੇ ਆਜ਼ਾਦ ਦੇਸ਼ ਵਿੱਚ ਥੋੜ੍ਹਾ ਸਮਾਂ ਗੁਜ਼ਾਰਨ ਨਾਲ ਪ੍ਰਾਪਤ ਹੋਏ ਤਜਰਬੇ ਨੇ ਉਸ ਨੂੰ ਆਪਣੇ ਦੇਸ਼ ਦੀ ਆਜ਼ਾਦੀ ਲਈ ਪ੍ਰੇਰਿਤ ਕੀਤਾ।

1908 ਵਿੱਚ ਜਦੋਂ ਜਵਾਲਾ ਸਿੰਘ ਦਾ ਮੇਲ ਨਵੇਂ ਨਵੇਂ ਅਮਰੀਕਾ ਆਏ ਭਾਈ ਵਿਸਾਖਾ ਸਿੰਘ (ਜਨਮ 1877) ਪਿੰਡ ਦਦੇਹਰ ਜ਼ਿਲ੍ਹਾ ਅੰਮ੍ਰਿਤਸਰ ਨਾਲ ਹੋਇਆ ਤਾਂ ਉਸ ਨੇ ਨਵੇਂ ਸਾਥੀ ਨੂੰ ਵੀ ਆਪਣੇ ਨਾਲ ਖੇਤੀ ਦੇ ਕੰਮ 'ਤੇ ਲਾ ਲਿਆ। ਦੋਵੇਂ ਪਿੱਛੋਂ ਇੱਕੋ ਜ਼ਿਲ੍ਹੇ ਦੇ ਵਸਨੀਕ ਸਨ, ਜਿਸ ਕਾਰਨ ਨੇੜਤਾ ਬਣ ਗਈ ਪਰ ਇਸ ਤੋਂ ਵੀ ਵੱਡੀ ਸਾਂਝ ਦੋਵਾਂ ਦੇ ਸੁਭਾ ਦੀ ਇਕਸੁਰਤਾ ਦੀ ਸੀ। ਡਾ. ਭਾਗ ਸਿੰਘ ਨੇ ਇਨ੍ਹਾਂ ਦੋਵਾਂ ਦੀ ਮਿਲਣੀ ਨੂੰ 'ਫ਼ਰਿਸ਼ਤਿਆਂ ਦਾ ਮੇਲ' ਆਖਿਆ ਹੈ। ਬਾਬਾ ਜਵਾਲਾ ਸਿੰਘ ਅਤੇ ਸਾਥੀਆਂ ਵੱਲੋਂ ਹੋਲਟ ਫਾਰਮ ਨੂੰ ਖੇਤੀਬਾੜੀ ਲਈ ਠੇਕੇ ਉੱਤੇ ਲਏ ਜਾਣ ਬਾਰੇ ਡਾ. ਭਾਗ ਸਿੰਘ ਦੱਸਦੇ ਹਨ, 'ਇਹ ਕਾਰੋਬਾਰ ਲਿਮਟਿਡ ਕੰਪਨੀ ਦੇ ਢੰਗ ਦਾ ਸੀ, ਜਿਸ ਵਿੱਚ ਅੱਧਾ ਹਿੱਸਾ ਬਾਬਾ ਜਵਾਲਾ ਸਿੰਘ ਤੇ ਅੱਧਾ ਬਾਕੀ ਦੇ ਸਾਥੀਆਂ ਦਾ ਸੀ। ਵਧੇਰੇ ਕਰਕੇ ਆਲੂਆਂ ਦੀ ਕਾਸ਼ਤ ਕੀਤੀ ਜਾਂਦੀ ਸੀ ਤੇ ਕੰਮ ਅਜਿਹੀ ਸਫ਼ਲਤਾ ਨਾਲ ਚੱਲ ਨਿਕਲਿਆ ਕਿ ਬਾਬਾ ਜਵਾਲਾ ਸਿੰਘ ਇਲਾਕੇ ਵਿੱਚ ਆਲੂਆਂ ਦੇ ਬਾਦਸ਼ਾਹ ਧੁੰਮ ਗਏ।'

ਸੰਤੋਖ ਸਿੰਘ (ਜਨਮ ਸਾਲ 1893) ਪਿੰਡ ਧਰਦੇਵ ਜ਼ਿਲ੍ਹਾ ਅੰਮ੍ਰਿਤਸਰ ਵਿੱਦਿਆ ਪ੍ਰਾਪਤੀ ਲਈ ਇੰਗਲੈਂਡ ਹੁੰਦਾ ਹੋਇਆ 1911 ਵਿੱਚ ਕੈਨੇਡਾ ਆਇਆ ਅਤੇ ਉੱਥੋਂ ਅਮਰੀਕਾ। ਅਜੇ ਪੜ੍ਹਾਈ ਲਈ ਕਿਸੇ ਸੰਸਥਾ ਵਿੱਚ ਦਾਖ਼ਲਾ ਨਹੀਂ ਸੀ ਲਿਆ। ਉਹ ਵਿਹਲੇ ਸਮੇਂ ਦੌਰਾਨ ਕੰਮ ਕਰ ਕੇ ਪੈਸਾ ਕਮਾਉਣ ਦੀ ਮਨਸ਼ਾ ਨਾਲ ਹੋਲਟ ਖੇਤੀ ਫਾਰਮ 'ਤੇ ਅਜਿਹਾ ਆਇਆ ਕਿ ਫਿਰ ਇੱਥੋਂ ਦਾ ਹੀ ਹੋ ਕੇ ਰਹਿ ਗਿਆ। ਬਾਬਾ ਜਵਾਲਾ ਸਿੰਘ ਨੂੰ ਹੋਲਟ ਖੇਤੀ ਫਾਰਮ ਦੇ ਪ੍ਰਬੰਧ ਸਬੰਧੀ ਲਿਖਤ ਪੜ੍ਹਤ ਅਤੇ ਹਿਸਾਬ ਕਿਤਾਬ ਰੱਖਣ ਲਈ ਕਿਸੇ ਪੜ੍ਹੇ ਲਿਖੇ ਨੌਜਵਾਨ ਦੀ ਲੋੜ ਸੀ ਅਤੇ ਇਸ ਕੰਮ ਲਈ ਸੰਤੋਖ ਸਿੰਘ ਹਰ ਪੱਖੋਂ ਯੋਗ ਸੀ। ਭਾਈ ਜਵਾਲਾ ਸਿੰਘ ਨੇ ਸੰਤੋਖ ਸਿੰਘ ਨੂੰ ਵੀ ਹੋਲਟ ਫਾਰਮ ਦੀ ਠੇਕੇਦਾਰੀ ਵਿੱਚ ਭਾਈਵਾਲ ਬਣਾ ਲਿਆ। ਹੋਲਟ ਖੇਤੀ ਫਾਰਮ ਨੂੰ ਠੇਕੇ ਉੱਤੇ ਲੈ ਕੇ ਖੇਤੀ ਕਰਨ ਵਾਲੀ ਟੋਲੀ ਦੇ ਦੋ ਹੋਰ ਮੈਂਬਰ ਭਾਈ (ਬਾਬਾ) ਹਜ਼ਾਰਾ ਸਿੰਘ ਪਿੰਡ ਦਦੇਹਰ ਜ਼ਿਲ੍ਹਾ ਅੰਮ੍ਰਿਤਸਰ ਅਤੇ ਭਾਈ ਨੌਧ ਸਿੰਘ ਪਿੰਡ ਪਠਾਣ ਕੇ ਜ਼ਿਲ੍ਹਾ ਲਾਹੌਰ ਸਨ।

ਬਾਕੀ ਸਫ਼ਾ 29 'ਤੇ

# ਗ਼ਦਰ ਪਾਰਟੀ ਦੇ ਬਾਨੀ ਬਾਬਾ ਸੋਹਣ ਸਿੰਘ ਭਕਨਾ

**ਹਰਦੀਪ ਸਿੰਘ ਭਨਾਮ**

ਪ੍ਰਸਿੱਧ ਸੁਤੰਤਰਤਾ ਸੰਗਰਾਮੀ ਬਾਬਾ ਸੋਹਣ ਸਿੰਘ ਭਕਨਾ ਨੂੰ ਗੁਜ਼ਰਿਆਂ 48 ਸਾਲ ਹੋ ਗਏ ਹਨ। ਉਨ੍ਹਾਂ ਨੂੰ ਯਾਦ ਕਰਨਾ, ਉਸ ਗੌਰਵਮਈ ਇਤਿਹਾਸ ਨੂੰ ਯਾਦ ਕਰਨਾ ਹੈ, ਜਿਸ ਵਿੱਚ ਪੰਜਾਬੀ ਸੂਰਬੀਰਾਂ ਨੇ ਆਪਣਾ ਵਡਮੁੱਲਾ ਯੋਗਦਾਨ ਪਾਇਆ ਹੈ। ਸੋਹਣ ਸਿੰਘ ਭਕਨਾ ਦਾ ਜਨਮ ਆਪਣੇ ਨਾਨਕੇ ਪਿੰਡ ਖੁਦਰਾ ਖੁਦਰਾ (ਖੁਤਰਾਏ) ਜ਼ਿਲ੍ਹਾ ਅੰਮ੍ਰਿਤਸਰ ਵਿੱਚ 4 ਜਨਵਰੀ, 1873 ਨੂੰ ਹੋਇਆ। ਉਹ ਆਪਣੇ ਪਿਤਾ ਦੇ ਇਕੱਲੇ ਪੁੱਤਰ ਸਨ। ਉਨ੍ਹਾਂ ਦੀ ਮਾਤਾ ਦਾ ਨਾਂ ਰਾਮ ਕੌਰ ਅਤੇ ਪਿਤਾ ਦਾ ਕਰਮ ਸਿੰਘ ਸੀ। ਸੋਹਣ ਸਿੰਘ ਅਜੇ ਸਾਲ ਦਾ ਵੀ ਨਹੀਂ ਸੀ ਹੋਇਆ, ਜਦੋਂ ਉਨ੍ਹਾਂ ਦੇ ਪਿਤਾ ਦਾ ਦਿਹਾਂਤ ਹੋ ਗਿਆ। ਉਨ੍ਹਾਂ ਨੂੰ ਮੁਢਲੀ ਪੜ੍ਹਾਈ ਲਈ ਗੁਰਦੁਆਰੇ ਭੇਜਿਆ ਗਿਆ। ਉਨ੍ਹਾਂ ਪਿੰਡ ਦੇ ਸਕੂਲ ਵਿੱਚ ਪੰਜਵੀਂ ਜਮਾਤ ਤਕ ਦੀ ਵਿੱਦਿਆ ਹਾਸਲ ਕੀਤੀ। ਉਨ੍ਹਾਂ ਆਪਣੇ ਜੀਵਨ ਦੇ 26 ਵਰ੍ਹੇ ਦੇਸ਼-ਵਾਸੀਆਂ ਨੂੰ ਗੁਲਾਮੀ ਦੀਆਂ ਜ਼ੰਜੀਰਾਂ ਤੋਂ ਮੁਕਤ ਕਰਾਉਣ ਲਈ ਜੇਲ੍ਹਾਂ ਵਿੱਚ ਬਿਤਾਏ।



ਜਵਾਨੀ ਦੀ ਦਹਿਲੀਜ਼ 'ਤੇ ਪੈਰ ਧਰਦਿਆਂ ਹੀ ਸੋਹਣ ਸਿੰਘ ਬੁਰੀ ਸੰਗਤ ਵਿੱਚ ਪੈ ਗਿਆ। ਉਨ੍ਹਾਂ ਨੇ ਘਰ ਦੀ ਨਕਦੀ ਖ਼ਤਮ ਕਰ ਕੇ 32 ਏਕੜ ਜ਼ਮੀਨ ਵੀ ਗਹਿਣੇ ਰੱਖ ਦਿੱਤੀ। 1896 ਦੇ ਸ਼ੁਰੂ ਵਿੱਚ ਉਨ੍ਹਾਂ ਦਾ ਮੇਲ ਬਾਬਾ ਕੇਸਰ ਸਿੰਘ ਮੁਹਾਵੇ ਵਾਲਿਆਂ ਨਾਲ ਹੋਇਆ, ਜਿਨ੍ਹਾਂ ਤੋਂ ਪ੍ਰਭਾਵਿਤ ਹੋ ਕੇ ਸੋਹਣ ਸਿੰਘ ਨੇ ਮਾੜੀਆਂ ਆਦਤਾਂ ਛੱਡ ਦਿੱਤੀਆਂ।

ਸੋਹਣ ਸਿੰਘ ਭਕਨਾ 4 ਅਪਰੈਲ, 1909 ਨੂੰ ਜਪਾਨੀ ਯੋਕੋਹਾਮਾ ਸਮੁੰਦਰੀ ਜਹਾਜ਼ ਦੁਆਰਾ ਅਮਰੀਕਾ ਦੀ ਉੱਤਰੀ ਸਿਆਟਲ ਬੰਦਰਗਾਹ ਉੱਤੇ ਪੁੱਜੇ। ਜਲਦ ਉਨ੍ਹਾਂ ਨੂੰ ਮੋਨਾਰਕ ਨਾਂ ਦੀ ਮਿੱਲ ਵਿੱਚ ਕੰਮ ਮਿਲ ਗਿਆ, ਪਰ ਇੱਥੇ ਭਾਰਤੀਆਂ ਨਾਲ ਬਹੁਤ ਨਫ਼ਰਤ ਕੀਤੀ ਜਾਂਦੀ ਸੀ ਅਤੇ ਉਨ੍ਹਾਂ ਨੂੰ ਗੁਲਾਮ ਜਾਂ ਕਾਲੇ ਗੁਲਾਮ ਕਹਿ ਕੇ ਪੁਕਾਰਿਆ ਜਾਂਦਾ ਸੀ। 1912 ਵਿੱਚ ਪੋਰਟਲੈਂਡ ਵਿੱਚ ਭਾਰਤੀ ਮਜ਼ਦੂਰਾਂ ਦਾ ਇਕੱਠ ਹੋਇਆ। ਇਸ ਵਿੱਚ ਸੇਂਟ ਜਾਹਨ ਤੋਂ ਪੰਡਤ ਕਾਂਸ਼ੀ ਰਾਮ, ਬਰਾਈਡਲ ਵਿਲ ਤੋਂ ਹਰਨਾਮ ਸਿੰਘ ਟੁੰਡੀਲਾਟ, ਮੋਨਾਰਕ ਤੋਂ ਸੋਹਣ ਸਿੰਘ ਭਕਨਾ ਅਤੇ ਉਸ ਦੇ ਸਾਥੀ, ਪੋਰਟਲੈਂਡ ਤੋਂ ਊਧਮ ਸਿੰਘ ਕਸੇਲ ਤੇ ਉਸ ਦੇ ਸਾਥੀ ਸ਼ਾਮਲ ਹੋਏ। ਇਸ ਮੀਟਿੰਗ ਵਿੱਚ ਸਰਬਸੰਮਤੀ ਨਾਲ 'ਹਿੰਦੁਸਤਾਨ ਐਸੋਸੀਏਸ਼ਨ ਆਫ਼ ਪੈਸੀਫਿਕ ਕੋਸਟ' ਨਾਂ ਦੀ ਜਥੇਬੰਦੀ ਬਣਾਈ ਗਈ। ਸੋਹਣ ਸਿੰਘ ਭਕਨਾ ਨੂੰ ਇਸ ਦਾ ਪ੍ਰਧਾਨ ਬਣਾਇਆ ਗਿਆ। ਇੱਕ ਨਵੰਬਰ 1913 ਤੋਂ ਹਫ਼ਤਾਵਾਰੀ ਪਰਚਾ 'ਗ਼ਦਰ' ਉਰਦੂ ਵਿੱਚ ਛਪਣਾ ਸ਼ੁਰੂ ਹੋਇਆ, ਜਿਹੜਾ ਬਾਅਦ ਵਿੱਚ ਪੰਜਾਬੀ, ਗੁਜਰਾਤੀ, ਬੰਗਾਲੀ, ਨੇਪਾਲੀ ਅਤੇ ਪਸ਼ਤੋ ਭਾਸ਼ਾ ਵਿੱਚ ਛਪਣ ਲੱਗਿਆ। ਇਸ ਅਖ਼ਬਾਰ ਦਾ ਮੁੱਖ ਉਦੇਸ਼ ਅੰਗਰੇਜ਼ਾਂ ਵਿਰੁੱਧ ਪ੍ਰਚਾਰ ਕਰਨਾ ਸੀ। ਇਸੇ ਅਖ਼ਬਾਰ ਦੇ ਨਾਂ 'ਤੇ ਮਗਰੋਂ ਪਾਰਟੀ ਦਾ ਨਾਂ ਗ਼ਦਰ ਪਾਰਟੀ ਪ੍ਰਸਿੱਧ ਹੋ ਗਿਆ।

13 ਅਕਤੂਬਰ, 1914 ਨੂੰ ਸੋਹਣ ਸਿੰਘ ਹੋਰ ਗ਼ਦਰੀਆਂ ਨਾਲ ਇੱਕ ਸਮੁੰਦਰੀ ਜਹਾਜ਼ ਦੁਆਰਾ ਕਲਕੱਤੇ ਪੁੱਜੇ। ਦੇਸ਼ ਪਰਤਣ ਉੱਤੇ ਉਨ੍ਹਾਂ ਨੂੰ ਮੁਢਲੀ ਪੁੱਛ-ਪੜਤਾਲ ਲਈ ਇੱਕ ਹਫ਼ਤਾ ਲੁਧਿਆਣੇ ਰੱਖਿਆ ਗਿਆ ਅਤੇ ਮਗਰੋਂ ਮੁਲਤਾਨ ਜੇਲ੍ਹ ਭੇਜ ਦਿੱਤਾ ਗਿਆ, ਜਿੱਥੇ ਉਨ੍ਹਾਂ ਨੂੰ ਕਾਲ-ਕੋਠੜੀ ਵਿੱਚ ਰੱਖਿਆ ਗਿਆ। ਫ਼ਰਵਰੀ 1915 ਦੇ ਅੰਤ ਵਿੱਚ ਉਨ੍ਹਾਂ ਨੂੰ ਸੈਂਟਰਲ ਜੇਲ੍ਹ ਲਾਹੌਰ ਭੇਜ ਦਿੱਤਾ ਗਿਆ। 26 ਅਪਰੈਲ 1915 ਨੂੰ ਉਨ੍ਹਾਂ 'ਤੇ ਡੀਫੈਂਸ ਆਫ਼ ਇੰਡੀਆ ਐਕਟ ਅਧੀਨ ਪਹਿਲਾ ਲਾਹੌਰ ਸਾਜ਼ਿਸ਼ ਕੇਸ ਨਾਂ ਦਾ ਮੁਕੱਦਮਾ ਚਲਾਇਆ ਗਿਆ। ਵਾਇਸਰਾਏ ਲਾਰਡ ਹਾਰਡਿੰਗ (1910-16) ਦੇ ਹੁਕਮਾਂ ਤਹਿਤ ਜਿਨ੍ਹਾਂ 24 ਫਾਂਸੀ ਦੀ ਸਜ਼ਾ ਵਾਲੇ ਕੈਦੀਆਂ ਵਿੱਚੋਂ 17 ਨੂੰ ਫਾਂਸੀ ਤੋੜ ਕੇ ਉਮਰ ਕੈਦ ਦੀ ਸਜ਼ਾ ਦਿੱਤੀ ਗਈ, ਉਨ੍ਹਾਂ ਵਿੱਚ ਸੋਹਣ ਸਿੰਘ ਵੀ ਸਨ। ਦਸੰਬਰ 1915 ਵਿੱਚ ਅੰਡੇਮਾਨ ਸੈਲੂਲਰ ਜੇਲ੍ਹ ਕਾਲੇ ਪਾਣੀ ਭੇਜਿਆ ਗਿਆ। 1927 ਵਿੱਚ ਉਨ੍ਹਾਂ ਨੂੰ ਯਰਵਾਦਾ ਜੇਲ੍ਹ ਵਿੱਚ ਇੱਕ ਮਹੀਨਾ ਭੁੱਖ ਹੜਤਾਲ ਕਰਨ ਉੱਤੇ ਸੈਂਟਰਲ ਜੇਲ੍ਹ ਲਾਹੌਰ ਭੇਜ ਦਿੱਤਾ ਗਿਆ, ਜਿੱਥੇ ਉਨ੍ਹਾਂ 1929 ਵਿੱਚ ਭਗਤ ਸਿੰਘ ਤੇ ਉਸ ਦੇ ਸਾਥੀਆਂ ਦੇ ਹੱਕ ਵਿੱਚ ਭੁੱਖ ਹੜਤਾਲ ਕੀਤੀ। ਉਹ ਕਾਂਗਰਸੀ ਲਹਿਰਾਂ ਨਾਲ ਵੀ ਜੁੜੇ ਰਹੇ। ਸਿਕੰਦਰ ਹਿਆਤ ਖ਼ਾਂ ਦੀ ਵਜ਼ਾਰਤ ਸਮੇਂ 1938 ਦੇ ਕਿਸਾਨ ਮੋਰਚੇ ਵਿੱਚ ਉਨ੍ਹਾਂ ਹਰਨਾਮ ਸਿੰਘ ਕਸੇਲ ਤੇ ਜਥੇਦਾਰ ਊਧਮ ਸਿੰਘ ਨਾਗੋਕੇ ਨਾਲ ਮਿਲ ਕੇ ਅੰਦੋਲਨ ਦੀ ਅਗਵਾਈ ਕੀਤੀ। ਇਸ ਮੋਰਚੇ ਵਿੱਚ ਉਨ੍ਹਾਂ ਨੇ ਇੱਕ ਸਾਲ ਕੈਦ ਦੀ ਸਜ਼ਾ ਸ਼ਾਹਪੁਰ ਜੇਲ੍ਹ ਵਿੱਚ ਕੱਟੀ। 1939 ਦੇ ਲਾਹੌਰ ਕਿਸਾਨ ਮੋਰਚੇ ਵਿੱਚ ਉਨ੍ਹਾਂ ਇੱਕ ਸਾਲ ਕੈਦ ਰਾਵਲਪਿੰਡੀ ਜੇਲ੍ਹ ਵਿੱਚ ਕੱਟੀ। ਜਦੋਂ ਦੂਜਾ ਵਿਸ਼ਵ ਯੁੱਧ ਸ਼ੁਰੂ ਹੋਇਆ ਤਾਂ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਕੇ ਦਿਉਲੀ ਕੈਂਪ (ਜ਼ਿਲ੍ਹਾ ਕੋਟਾ, ਰਾਜਸਥਾਨ) ਵਿੱਚ ਭੇਜਿਆ ਗਿਆ।

ਦੇਸ਼ ਆਜ਼ਾਦ ਹੋਣ ਪਿੱਛੋਂ ਬਾਬਾ ਸੋਹਣ ਸਿੰਘ ਭਕਨਾ ਕਮਿਊਨਿਸਟ ਪਾਰਟੀ ਵਿੱਚ ਸਰਗਰਮ ਹੋ ਗਏ। ਮਾਰਚ 1948 ਵਿੱਚ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਕੇ ਯੋਲ ਕੈਂਪ (ਜ਼ਿਲ੍ਹਾ ਕਾਂਗੜਾ) ਜੇਲ੍ਹ ਵਿੱਚ ਨਜ਼ਰਬੰਦ ਕਰ ਦਿੱਤਾ ਗਿਆ। ਬਾਬਾ ਵਿਸਾਖਾ ਸਿੰਘ ਦਦੇਹਰ ਵੱਲੋਂ ਪੰਡਤ ਜਵਾਹਰ ਲਾਲ ਨਹਿਰੂ ਨੂੰ ਕਹਿਣ 'ਤੇ ਬਾਬਾ ਜੀ ਨੂੰ ਰਿਹਾਅ ਕਰ ਦਿੱਤਾ ਗਿਆ। ਸਤੰਬਰ 1955 ਵਿੱਚ ਸੰਤ ਵਿਸਾਖਾ ਸਿੰਘ ਵਰਗੇ ਗਦਰੀਆਂ ਦੇ ਉਦਮ ਨਾਲ 'ਦੇਸ਼ ਭਗਤ ਯਾਦਗਾਰ ਕਮੇਟੀ' ਬਣਾਈ ਗਈ। ਸੋਹਣ ਸਿੰਘ ਭਕਨਾ ਨੂੰ ਇਸ ਦਾ ਪ੍ਰਧਾਨ ਬਣਾਇਆ ਗਿਆ। ਬਾਬਾ ਜੀ ਸਿਆਣੇ ਰਾਜਸੀ ਆਗੂ, ਸਫ਼ਲ ਵਕਤਾ ਤੇ ਲਿਖਾਰੀ ਵੀ ਸਨ। ਰਸਾਲਿਆਂ ਤੇ ਅਖ਼ਬਾਰਾਂ ਵਿੱਚ ਪ੍ਰਕਾਸ਼ਿਤ ਹੋਣ ਵਾਲੇ ਲੇਖਾਂ ਤੋਂ ਬਿਨਾਂ ਉਨ੍ਹਾਂ ਨੇ ਜੀਵਨ ਸੰਗ੍ਰਾਮ (ਆਤਮ ਕਥਾ), ਦੁੱਖ, ਜੀਵਨ ਕਰਤੱਵ, ਇਨਕਲਾਬੀ ਲਹਿਰ, ਗ਼ਰੀਬੀ, ਭਾਰਤ ਵਿੱਚ ਇਸਤਰੀ ਜਾਤੀ ਆਦਿ ਪੁਸਤਕਾਂ ਲਿਖੀਆਂ।

16 ਨਵੰਬਰ, 1968 ਦੀ ਸਰਦੀ ਵਿੱਚ ਸ਼ਹੀਦ ਕਰਤਾਰ ਸਿੰਘ ਸਰਾਭਾ ਦੀ ਬਰਸੀ ਉੱਤੇ ਨਿਗੂਣੀ ਹਾਜ਼ਰੀ ਦੇ ਮਾਨਸਿਕ ਦੁੱਖ ਅਤੇ ਥੋੜੀ ਜਿਹੀ ਠੰਢ ਨਾਲ ਉਨ੍ਹਾਂ ਨੂੰ ਨਮੂਨੀਆ ਹੋ ਗਿਆ। ਇਸ ਕਾਰਨ 99 ਸਾਲ ਦੀ ਉਮਰ ਵਿੱਚ 20 ਦਸੰਬਰ 1968 ਨੂੰ ਉਨ੍ਹਾਂ ਦਾ ਦੇਹਾਂਤ ਹੋ ਗਿਆ।

## ਕਸ਼ਮੀਰ ਤੇ ਅਸਾਮ ਦੀ ਸਮੱਸਿਆ ਦਾ ਜ਼ਿੰਮੇਵਾਰ ਕੌਣ ?

ਬਾਗਾਂ ਦਾ ਵਿਕਾਸ ਏਨਾ ਹੋ ਚੁੱਕਾ ਹੈ ਕਿ ਹੋਰ ਜ਼ਿਆਦਾ ਚਾਹ ਦੇ ਬਾਗ ਨਹੀਂ ਲਗਾਏ ਜਾ ਸਕਦੇ ਸਨ। ਇਸ ਲਈ ਅੰਗਰੇਜ਼ ਮਾਲਕਾਂ ਨੇ ਧਾਨ ਦੀ ਖੇਤੀ ਕਰਨ ਵਿਚ ਮਾਹਿਰ ਬੰਗਾਲੀ ਮੁਸਲਮਾਨ ਕਿਸਾਨਾਂ ਨੂੰ ਬ੍ਰਹਮਪੁੱਤਰ ਨਦੀ ਦੇ ਉਪਜਾਊ ਮੈਦਾਨੀ ਕਿਨਾਰਿਆਂ ਤੇ ਡੁੱਬਦੇ, ਉਭਰਦੇ ਟਾਪੂਆਂ ਵਿਚ ਜਿਨ੍ਹਾਂ ਨੂੰ ਚਾਰ ਕਿਹਾ ਜਾਂਦਾ ਹੈ, ਅਸਾਮ ਆਉਣ ਦੇ ਲਈ ਉਤਸ਼ਾਹਿਤ ਕੀਤਾ। ਅੰਗਰੇਜ਼ਾਂ ਦੇ ਲਈ ਅਸਾਮ ਦੇ ਜੰਗਲ ਤੇ ਤਰਾਈ ਵਾਲਾ ਹਿੱਸਾ ਜੇਕਰ ਟੈਰਾ ਨਾਲਿਸ (ਲਾਵਾਰਸ ਵੀ ਨਹੀਂ ਸੀ) ਤਾਂ ਉਹ ਜ਼ਮੀਨ ਲਗਭਗ ਲਾਵਾਰਸ ਹੀ ਸੀ। ਇਸ ਖੇਤਰ ਵਿਚ ਬਹੁਤ ਸਾਰੇ ਆਦਿਵਾਸੀ ਕਬੀਲਿਆਂ ਦੀ ਮੌਜੂਦਗੀ ਨੂੰ ਅੱਖੋਂ ਪਰੋਖੇ ਕਰਦੇ ਹੋਏ ਅੰਗਰੇਜ਼ਾਂ ਨੇ ਇਨ੍ਹਾਂ ਮਾਮੂਲੀ ਆਦਿਵਾਸੀਆਂ ਦੀਆਂ ਜ਼ਮੀਨਾਂ ਉਤਪਾਦਕ ਕਿਸਾਨਾਂ ਨੂੰ ਦੇਣੀਆਂ ਸ਼ੁਰੂ ਕਰ ਦਿੱਤੀਆਂ ਤਾਂ ਜੋ ਉਹ ਆਉਣ ਵਾਲੇ ਸਮੇਂ ਦੌਰਾਨ ਬ੍ਰਿਟਿਸ਼ ਰਾਜ ਦੀ ਆਰਥਿਕਤਾ ਵਿਚ ਯੋਗਦਾਨ ਪਾ ਸਕਣ। ਹਜ਼ਾਰਾਂ ਦੀ ਸੰਖਿਆ ਵਿਚ ਮੁਸਲਮਾਨ ਕਿਸਾਨ ਇੱਥੇ ਆ ਕੇ ਵਸੇ। ਇਨ੍ਹਾਂ ਲੋਕਾਂ ਨੇ ਜੰਗਲ ਸਾਫ ਕੀਤੇ ਤੇ ਇੱਥੋਂ ਦੀ ਦਲਦਲੀ ਜ਼ਮੀਨ ਨੂੰ ਖੇਤਾਂ ਵਿਚ ਤਬਦੀਲ ਕਰਕੇ ਖੁਰਾਕ ਅਤੇ ਜੂਟ ਦੀ ਖੇਤੀ ਦੇ ਲਈ ਉਪਜਾਊ ਬਣਾਇਆ। 1930 ਤੱਕ ਇਸ ਜਨਸੰਖਿਆ ਨੇ ਇੱਥੋਂ ਦੀ ਆਬਾਦੀ ਦੇ ਸੰਤੁਲਿਨ ਨੂੰ ਤੇ ਅਰਥ ਤੰਤਰ ਨੂੰ ਵੱਡੇ ਪੈਮਾਨੇ 'ਤੇ ਬਦਲ ਦਿੱਤਾ। ਸ਼ੁਰੂਆਤ ਵਿਚ ਅਸਾਮ ਦੇ ਰਾਸ਼ਟਰਵਾਦੀ ਭਾਈਚਾਰਿਆਂ ਨੇ ਮੁਸਲਮਾਨ ਕਿਸਾਨਾਂ ਦਾ ਸੁਆਗਤ ਕੀਤਾ ਪਰ ਜਲਦੀ ਹੀ ਜਾਤੀ, ਧਾਰਮਿਕ ਤੇ ਭਾਸ਼ਾਈ ਤਣਾਅ ਸ਼ੁਰੂ ਹੋ ਗਿਆ। ਇਹ ਤਣਾਅ ਉਸ ਵਕਤ ਥੋੜ੍ਹਾ ਘੱਟ ਹੋਇਆ ਜਦ 1937 ਦੀ ਜਨਗਣਤਾ ਦੌਰਾਨ ਬੰਗਾਲੀ ਭਾਸ਼ੀ ਮੁਸਲਮਾਨਾਂ ਨੇ ਅਸਾਮੀ ਨੂੰ ਆਪਣੀ ਮਾਤਰ ਭਾਸ਼ਾ ਐਲਾਨ ਦਿੱਤਾ।

ਬਾਅਦ ਦੇ ਸਾਲਾਂ ਦੌਰਾਨ ਅਸਾਮ ਦੀਆਂ ਹੱਦਾਂ ਵਾਰ ਵਾਰ ਬਣਦੀਆਂ ਤੇ ਵਿਗੜਦੀਆਂ ਗਈਆਂ। 1905 ਦੌਰਾਨ ਅੰਗਰੇਜ਼ਾਂ ਨੇ ਬੰਗਾਲ ਦੀ ਵੰਡ ਕਰ ਦਿੱਤੀ ਤੇ ਉਨ੍ਹਾਂ ਨੇ ਅਸਾਮ ਨੂੰ ਮੁਸਲਮ ਬਹੁਗਿਣਤੀ ਵਾਲੇ ਪੂਰਬੀ ਬੰਗਾਲ ਦੇ ਨਾਲ ਮਿਲਾ ਦਿੱਤਾ, ਜਿਸ ਦੀ ਰਾਜਧਾਨੀ ਢਾਕਾ ਸੀ। ਅਚਾਨਕ ਹੀ ਅਸਾਮ ਦੀ ਮਾਈਗ੍ਰੇਟ ਜਾਂ ਪ੍ਰਵਾਸੀ ਅਬਾਦੀ, ਪ੍ਰਵਾਸੀ ਨਹੀਂ ਰਹੀ ਬਲਕਿ ਬਹੁਗਿਣਤੀ ਅਬਾਦੀ ਦਾ ਹਿੱਸਾ ਬਣ ਗਈ। ਇਸ ਦੇ 7 ਸਾਲ ਬਾਅਦ ਜਦ ਬੰਗਾਲ ਦਾ ਦੁਬਾਰਾ ਏਕੀਕਰਨ ਹੋਇਆ ਤਾਂ ਅਸਾਮ ਖੁਦ ਇਕ ਪ੍ਰਾਂਤ ਬਣ ਗਿਆ ਤੇ ਇਸ ਦੀ ਬੰਗਾਲੀ ਆਬਾਦੀ ਇਕ ਵਾਰ ਫਿਰ ਪ੍ਰਵਾਸੀ ਹੋ ਗਈ। 1947 ਦੀ ਵੰਡ ਦੇ ਬਾਅਦ ਪੂਰਬੀ ਬੰਗਾਲ, ਪੂਰਬੀ ਪਾਕਿਸਤਾਨ ਬਣ ਗਿਆ ਤੇ ਅਸਾਮ ਵਿਚ ਵਸੇ ਬੰਗਾਲੀ ਮੁਸਲਮਾਨਾਂ ਨੇ ਅਸਾਮ ਵਿਚ ਹੀ ਰਹਿਣਾ ਸਵੀਕਾਰ ਕੀਤਾ। ਪਰ ਵੰਡ ਦੇ ਬਾਅਦ ਅਸਾਮ ਵਿਚ ਵੱਡੀ ਸੰਖਿਆ ਵਿਚ ਬੰਗਾਲੀ ਸ਼ਰਨਾਰਥੀ ਹਿੰਦੂ ਤੇ ਮੁਸਲਮਾਨ ਆਏ। ਇਸ ਦੇ ਬਾਅਦ 1971 ਦੌਰਾਨ ਜਦ ਪਾਕਿਸਤਾਨੀ ਫੌਜ ਨੇ ਪੂਰਬੀ ਪਾਕਿਸਤਾਨ ਵਿਚ ਨਸਲੀ ਨਸਲਕੁਸ਼ੀ ਕੀਤੀ ਤੇ ਲੱਖਾਂ ਲੋਕ ਮਾਰੇ ਗਏ ਸਨ। ਇਸ ਕਾਰਨ ਇਕ ਵਾਰ ਫਿਰ ਇਸ ਖੇਤਰ ਵਿਚ ਸ਼ਰਨਾਰਥੀ ਵੱਡੀ ਗਿਣਤੀ ਵਿਚ ਇਧਰ ਆਏ। ਮੁਕਤੀ ਯੁਧ ਦੇ ਬਾਅਦ ਨਵਾਂ ਰਾਸ਼ਟਰ ਬੰਗਲਾਦੇਸ ਵਜੂਦ ਵਿਚ ਆ ਗਿਆ।

ਇਹ ਗੱਲ ਸਮਝਣ ਵਾਲੀ ਹੈ ਕਿ ਅਸਾਮ ਪਹਿਲਾਂ ਹੀ ਪੂਰਬੀ ਬੰਗਾਲ ਦਾ ਹਿੱਸਾ ਸੀ ਤੇ ਬਾਅਦ ਵਿਚ ਹਿੱਸਾ ਨਹੀਂ ਰਿਹਾ। ਪੂਰਬੀ ਬੰਗਾਲ, ਪੂਰਬੀ ਪਾਕਿਸਤਾਨ ਬਣਿਆ ਤੇ ਪੂਰਬੀ ਪਾਕਿਸਤਾਨ ਬੰਗਲਾਦੇਸ ਬਣ ਗਿਆ। ਦੇਸ ਬਦਲ ਗਏ, ਝੰਡੇ ਬਦਲ ਗਏ, ਰਾਸ਼ਟਰੀ ਗੀਤ ਬਦਲ ਗਿਆ। ਸ਼ਹਿਰ ਫੈਲ ਗਏ, ਜੰਗਲ ਸੁੰਗੜ ਗਏ। ਦਲਦਲੀ ਜ਼ਮੀਨ ਖੇਤੀ ਲਾਇਕ ਬਣਾ ਦਿੱਤੀ ਗਈ ਤੇ ਆਦਿਵਾਸੀਆਂ ਦੀ ਜ਼ਮੀਨ ਨੂੰ ਆਧੁਨਿਕ ਵਿਕਾਸ ਨੇ ਨਿਗਲ ਲਿਆ ਤੇ ਲੋਕਾਂ ਵਿਚਾਲੇ ਦਰਾੜਾਂ ਪੁਰਾਣੀਆਂ ਹੋ ਕੇ ਸਖ਼ਤ ਤੇ ਏਨੀਆਂ ਡੂੰਘੀਆਂ ਹੋ ਗਈਆਂ ਕਿ ਹੁਣ ਇਨ੍ਹਾਂ ਨੂੰ ਭਰਿਆ ਨਹੀਂ ਜਾ ਸਕਦਾ।

**(ਚਲਦਾ..)**

## ਨਾਗਰਿਕਤਾ ਸੋਧ ਬਿੱਲ ਭਗਵੇਂਵਾਦ ਦਾ ਫਿਰਕੂ ਏਜੰਡਾ

ਤਿਆਰ ਕੀਤਾ ਗਿਆ ਸੀ ਅਤੇ ਇਹ ਉੱਥੇ ਗ਼ੈਰਕਾਨੂੰਨੀ ਬੰਗਲਾਦੇਸ਼ੀ ਪ੍ਰਵਾਸੀਆਂ ਦੀ ਕਥਿਤ ਘੁਸਪੈਠ ਕਰਕੇ ਹੋਏ ਜਨ ਅੰਦੋਲਨਾਂ ਦਾ ਨਤੀਜਾ ਹੈ। ਇਸ ਜਨ ਅੰਦੋਲਨ ਤੋਂ ਬਾਅਦ ਅਸਾਮ ਸਮਝੌਤੇ 'ਤੇ ਦਸਤਖ਼ਤ ਹੋਏ ਸੀ ਅਤੇ ਸਾਲ 1986 ਵਿੱਚ ਸਿਟੀਜ਼ਨਸ਼ਿਪ ਐਕਟ ਵਿੱਚ ਸੋਧ ਕਰਕੇ ਉਸ ਵਿੱਚ ਅਸਾਮ ਵਿੱਚ ਵਿਸ਼ੇਸ਼ ਪ੍ਰੋਵੀਜ਼ਨ ਬਣਾਇਆ ਗਿਆ।

ਇਸ ਤੋਂ ਬਾਅਦ ਸਾਲ 2005 ਵਿੱਚ ਤਤਕਾਲੀ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਦੀ ਪ੍ਰਧਾਨਗੀ ਵਿੱਚ ਹੋਈ ਇੱਕ ਬੈਠਕ ਵਿੱਚ ਅਸਾਮ ਸਰਕਾਰ ਅਤੇ ਆਲ ਅਸਾਮ ਸਟੂਡੈਂਟ ਯੂਨੀਅਨ ਯਾਨਿ ਆਸੂ ਦੇ ਨਾਲ-ਨਾਲ ਕੇਂਦਰ ਨੇ ਵੀ ਹਿੱਸਾ ਲਿਆ ਸੀ। ਇਸ ਬੈਠਕ ਵਿੱਚ ਤੈਅ ਹੋਇਆ ਕਿ ਅਸਾਮ ਵਿੱਚ ਐਨਆਰਸੀ ਨੂੰ ਅਪਡੇਟ ਕੀਤਾ ਜਾਣਾ ਚਾਹੀਦਾ ਹੈ। ਸੁਪਰੀਮ ਕੋਰਟ ਪਹਿਲੀ ਵਾਰ ਇਸ ਪ੍ਰਕਿਰਿਆ ਵਿੱਚ 2009 ਵਿਚ ਸ਼ਾਮਲ ਹੋਇਆ ਸੀ ਅਤੇ 2014 ਵਿੱਚ ਅਸਾਮ ਸਰਕਾਰ ਨੂੰ ਐਨਆਰਸੀ ਅਪਡੇਟ ਕਰਨ ਦੀ ਪ੍ਰਕਿਰਿਆ ਪੂਰੀ ਕਰਨ ਦਾ ਹੁਕਮ ਦਿੱਤਾ ਸੀ। ਇਸ ਤਰ੍ਹਾਂ 2015 ਤੋਂ ਸੁਪਰੀਮ ਕੋਰਟ ਦੀ ਨਿਗਰਾਨੀ ਵਿੱਚ ਇਹ ਪ੍ਰਕਿਰਿਆ ਇੱਕ ਵਾਰ ਮੁੜ ਸ਼ੁਰੂ ਹੋਈ। 31 ਅਗਸਤ 2019 ਨੂੰ ਐਨਆਰਸੀ ਦੀ ਆਖ਼ਰੀ ਲਿਸਟ ਜਾਰੀ ਕੀਤੀ ਗਈ ਤੇ 19,06,657 ਲੋਕ ਇਸ ਲਿਸਟ ਤੋਂ ਬਾਹਰ ਹੋ ਗਏ। ਇਸ ਐਕਟ ਵਿੱਚ ਹੁਣ ਤੱਕ ਪੰਜ ਵਾਰ (1986, 1992, 2003, 2005 ਅਤੇ 2015) ਸੋਧ ਕੀਤਾ ਜਾ ਚੁੱਕਿਆ ਹੈ।

ਇੱਥੇ ਜ਼ਿਕਰਯੋਗ ਹੈ ਕਿ ਪਿਛਲੀ ਮੋਦੀ ਸਰਕਾਰ ਸਮੇਂ ਇਸ ਤਰਮੀਮੀ ਬਿੱਲ ਨੂੰ ਪਾਸ ਕਰਾਉਣ ਦਾ ਯਤਨ ਕੀਤਾ ਗਿਆ ਸੀ। ਲੋਕ ਸਭਾ ਵਿਚ ਇਹ ਬਿੱਲ ਪਾਸ ਵੀ ਹੋ ਗਿਆ ਸੀ ਪਰ ਰਾਜ ਸਭਾ ਵਿਚ ਕੌਮੀ ਜਮਹੂਰੀ ਗੱਠਜੋੜ ਦਾ ਬਹੁਮਤ ਨਾ ਹੋਣ ਕਾਰਨ ਇਹ ਵਿਚਾਲੇ ਹੀ ਲਟਕ ਗਿਆ ਸੀ। ਭਾਜਪਾ ਨੇ ਨਾਗਰਿਕਤਾ ਸਬੰਧੀ ਕਾਨੂੰਨ ਬਣਾਉਣਾ ਆਪਣੇ ਚੋਣ ਮਨੋਰਥ ਪੱਤਰ ਦਾ ਇਕ ਵੱਡਾ ਨਿਸ਼ਾਨਾ ਮਿਥਿਆ ਹੋਇਆ ਸੀ। ਨਵੇਂ ਤਰਮੀਮੀ ਬਿੱਲ ਦਾ ਮੰਤਵ ਤਿੰਨ ਗੁਆਂਢੀ ਮੁਲਕਾਂ ਪਾਕਿਸਤਾਨ, ਬੰਗਲਾਦੇਸ਼ ਅਤੇ ਅਫ਼ਗਾਨਿਸਤਾਨ ਵਿਚੋਂ ਘੱਟ-ਗਿਣਤੀ ਫ਼ਿਰਕਿਆਂ ਨਾਲ ਸਬੰਧ ਰੱਖਦੇ ਭਾਰਤ ਵਿਚ ਦਾਖ਼ਲ ਹੋਏ ਲੋਕਾਂ ਨੂੰ ਨਾਗਰਿਕਤਾ ਪ੍ਰਦਾਨ ਕਰਨਾ ਹੈ।

ਇਸ ਗੱਲ ਵਿਚ ਵੱਡੀ ਸਚਾਈ ਹੈ ਕਿ ਪਿਛਲੇ ਦਹਾਕਿਆਂ ਦੌਰਾਨ ਇਨ੍ਹਾਂ ਤਿੰਨਾਂ ਮੁਸਲਿਮ ਦੇਸ਼ਾਂ ਵਿਚ ਵੱਖ-ਵੱਖ ਵਰਗਾਂ ਦੇ ਲੋਕਾਂ ਖ਼ਾਸ ਕਰਕੇ ਘੱਟ-ਗਿਣਤੀ ਭਾਈਚਾਰਿਆਂ ਨਾਲ ਸਬੰਧਿਤ ਲੋਕਾਂ ਨੂੰ ਅਨੇਕਾਂ ਪਹਿਲੂਆਂ ਤੋਂ ਵੱਡੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ ਹੈ। ਇਸ ਕਾਰਨ ਬਹੁਤ ਸਾਰੇ ਵਿਅਕਤੀ ਗ਼ੈਰ-ਕਾਨੂੰਨੀ ਢੰਗ ਨਾਲ ਭਾਰਤ ਵਿਚ ਸ਼ਰਨਾਰਥੀ ਬਣ ਕੇ ਆ ਗਏ ਸਨ। ਮੋਦੀ ਸਰਕਾਰ ਆਪਣੇ ਪ੍ਰਸਤਾਵਿਤ ਬਿੱਲ ਅਨੁਸਾਰ ਇਨ੍ਹਾਂ ਵਿਚੋਂ ਹਿੰਦੂ, ਸਿੱਖ, ਬੋਧੀ, ਇਸਾਈ ਅਤੇ ਪਾਰਸੀ ਸ਼ਰਨਾਰਥੀਆਂ ਨੂੰ ਤਾਂ ਨਾਗਰਿਕਤਾ ਦੇਣ ਲਈ ਤਿਆਰ ਹੈ ਪਰ ਮੁਸਲਮਾਨਾਂ ਨੂੰ ਘੁਸਪੈਠੀਏ ਕਰਾਰ ਦੇ ਕੇ ਨਾਗਰਿਕਤਾ ਤੋਂ ਵਾਂਝੇ ਰੱਖਣਾ ਚਾਹੁੰਦੀ ਹੈ। ਇਸ ਮਕਸਦ ਲਈ ਉਹ ਸ਼ਰਨਾਰਥੀਆਂ ਸਬੰਧੀ 1955 ਵਿਚ ਜੋ ਕਾਨੂੰਨ ਬਣਿਆ ਸੀ, ਉਸ ਵਿਚ ਤਰਮੀਮਾਂ ਕਰਨਾ ਚਾਹੁੰਦੀ ਹੈ। ਲੋੜ ਤਾਂ ਇਹ ਹੈ ਕਿ ਨਾਗਰਿਕਤਾ ਸਬੰਧੀ ਕਿਸੇ ਧਰਮ ਨੂੰ ਆਧਾਰ ਨਹੀਂ ਬਣਾਇਆ ਜਾਣਾ ਚਾਹੀਦਾ। ਪਰ ਭਾਜਪਾ ਭਾਰਤ ਨੂੰ ਹਿੰਦੂ ਰਾਸ਼ਟਰ ਸਿਰਜਣਾ ਚਾਹੁੰਦੀ ਹੈ। ਇਸੇ ਲਈ ਉਹ ਮੁਸਲਮਾਨਾਂ ਨਾਲ ਨਫ਼ਰਤ ਦੀ ਦਿਸ਼ਾ ਵਿਚ ਸੰਵਿਧਾਨ ਦੀ ਉਲੰਘਣਾ ਕਰ ਰਹੀ ਹੈ। ਅਸਲ ਵਿਚ ਉਹ ਇਸ ਮੁੱਦੇ ਨੂੰ ਸੱਤਾ ਵਿਚ ਬਣੇ ਰਹਿਣ ਦੇ ਲਈ ਹਥਿਆਰ ਦੇ ਤੌਰ 'ਤੇ ਇਸਤੇਮਾਲ ਕਰ ਰਹੀ ਹੈ। ਭਾਜਪਾ ਨੇ ਹੁਣ ਤੱਕ ਜਿੰਨੀਆਂ ਵੀ ਚੋਣਾਂ ਲੜੀਆਂ ਹਨ, ਸਾਰੀਆਂ ਹਿੰਦੂਤਵ ਦੇ ਮੁੱਦਿਆਂ 'ਤੇ ਚੋਣਾਂ ਲੜੀਆਂ ਹਨ। ਭਾਜਪਾ ਦੀ ਅਜਿਹੀ ਕਾਰਵਾਈ ਦੇਸ ਨੂੰ ਧਰਮਾਂ ਦੇ ਨਾਮ 'ਤੇ ਵੰਡਣ ਦੀ ਕਾਰਵਾਈ ਹੈ। ਇਸ ਦਾ ਸਖ਼ਤ ਵਿਰੋਧ ਹੋਣਾ ਚਾਹੀਦਾ ਹੈ।

## ਸਿੱਖ ਧਰਮ ਵਿਚ ਸ਼ਹਾਦਤ ਦਾ ਸੰਕਲਪ

ਕਰਦਿਆਂ ਹੋਵੇ। ਜੋ ਇਸ ਤਰ੍ਹਾਂ ਆਪਣੇ ਜੀਵਨ ਨੂੰ ਸੰਪੂਰਨ ਕਰਦਾ ਹੈ, ਉਹੀ ਸ਼ਹੀਦ ਤੇ ਸੂਰਮੇ ਦੇ ਰੁਤਬੇ ਨੂੰ ਪ੍ਰਾਪਤ ਕਰਦਾ ਹੈ। ਸੂਰਮਾ ਉਹੀ ਹੈ ਜੋ ਧਰਮ, ਸਚ, ਇਨਸਾਫ਼ ਖ਼ਾਤਰ ਬੋਟੀ-ਬੋਟੀ ਤਾਂ ਹੋ ਜਾਂਦਾ ਹੈ ਪਰ ਸੁਤੰਤਰ ਸਿੱਖ ਸੱਚ, ਹੋਂਦ-ਹਸਤੀ ਤੇ ਪਹਿਚਾਣ ਨੂੰ ਬਰਕਰਾਰ ਰੱਖਦਾ ਹੈ। ਅਜਿਹੇ ਸੂਰਮੇ ਸਮੇਂ-ਸਥਾਨ ਦੀਆਂ ਸੀਮਾਵਾਂ ਤੋਂ ਸੁਤੰਤਰ ਹੋ ਮੌਤ 'ਤੇ ਫ਼ਤਹਿ ਪ੍ਰਾਪਤ ਕਰ ਸ਼ਹੀਦ ਸਦਵਾਉਂਦੇ ਹਨ। ਬਾਬਾ ਕਬੀਰ ਜੀ ਸਪੱਸ਼ਟ ਕਰਦੇ ਹਨ:

ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ
ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ 2 (ਪੰਨਾ 1105)

ਸਿੱਖ ਧਰਮ, ਦਰਸ਼ਨ ਤੇ ਇਤਿਹਾਸ ਸੂਰਮਿਆਂ ਦੀ ਸੂਰਮਗਤੀ ਨਾਲ ਭਰਪੂਰ ਹੈ। ਸ਼ਹੀਦ ਹਰੇਕ ਸਤਿਕਾਰਤ ਹੈ, ਸ਼ਹੀਦ ਦਾ ਪਵਿੱਤਰ ਖ਼ੂਨ ਜਿਸ ਧਰਤੀ 'ਤੇ ਵੀ ਡੁੱਲ੍ਹ ਜਾਵੇ ਉਹ ਧਰਤ ਸੁਹਾਵੀ, ਪਵਿੱਤਰ, ਪੂਜਨੀਕ ਤੇ ਇਤਿਹਾਸਕ ਹੋ ਨਿਬੜਦੀ ਹੈ। ਸ਼ਹੀਦ ਰੁਤਬੇ ਤੇ ਸਤਿਕਾਰ ਕਰਕੇ ਸਭ ਸਤਿਕਾਰਯੋਗ ਹਨ। ਸ਼ਹੀਦਾਂ ਦੇ ਜੀਵਨ-ਦਰਸ਼ਨ ਤੋਂ ਮਿਲਦੀ ਰੌਸ਼ਨੀ ਦੀ ਲਾਲੀ ਵੀ ਬਰਾਬਰ ਹੁੰਦੀ ਹੈ, ਪਰ ਬਾਲ ਵਰੇਸ 'ਚ ਲਾਲ-ਸੁਰਖ ਬੁਲ੍ਹੀਆਂ ਵਾਲੇ ਬਾਲ ਸ਼ਹੀਦਾਂ ਸਾਹਿਬਜ਼ਾਦਿਆਂ ਦੀ ਦਾਸਤਾਨ ਪੜ੍ਹ ਕੇ ਹਰੇਕ ਦੇ ਮਨ 'ਚ ਝਰਨਾਹਟ ਜ਼ਰੂਰ ਛਿੜਦੀ ਹੈ। ਸਹਿਬੇ-ਕਮਾਲ ਗੁਰੂ ਗੋਬਿੰਦ ਸਿੰਘ ਜੀ ਦੇ ਚਾਰੇ ਸਾਹਿਬਜ਼ਾਦੇ 7 ਦਿਨਾਂ 'ਚ ਸ਼ਹੀਦੀ ਜਾਮ ਪੀ ਗਏ। ਇਨ੍ਹਾਂ 7 ਦਿਨ੍ਹਾਂ ਨੂੰ ਸ਼ਹੀਦੀ ਸਾਤੇ ਵਜੋਂ ਯਾਦ ਕੀਤਾ ਜਾਂਦਾ ਹੈ। ਵੱਡੇ-ਸਾਹਿਬਜ਼ਾਦੇ ਚਮਕੌਰ ਦੀ ਜੰਗ 'ਚ ਸਨਮੁੱਖ ਹੋ ਲੜਦੇ ਹੋਏ ਸ਼ਹੀਦੀ ਜਾਮ ਪੀ ਕੇ ਸ਼ਹੀਦਾਂ ਦੇ ਸਿਰਤਾਜ ਸ੍ਰੀ ਗੁਰੂ ਅਰਜਨ ਦੇਵ ਤੇ ਧਰਮ ਹੇਤ ਸਾਕਾ ਕਰਨ ਵਾਲੇ ਗੁਰੂ ਤੇਗ਼ ਬਹਾਦਰ ਦੀ ਗੋਦੀ ਦਾ ਹਮੇਸ਼ਾ ਵਾਸਤੇ ਸ਼ਿੰਗਾਰ ਬਣ ਗਏ।

ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਦਾਸਤਾਨ ਬਹੁਤ ਦਰਦਮਈ ਹਾਲਤਾਂ ਤੇ ਜ਼ਾਲਮ ਸਰਕਾਰ ਸੂਬਾ ਸਰਹਿੰਦ ਦੀ ਦਰਿੰਦਗੀ ਨੂੰ ਰੂਪਮਾਨ ਕਰਦੀ ਹੈ। 7 ਤੇ 9 ਸਾਲ ਤੋਂ ਵੀ ਘੱਟ ਸੰਸਾਰਿਕ ਉਮਰ ਦੇ ਛੋਟੇ ਸਾਹਿਬਜ਼ਾਦਿਆਂ ਨੂੰ ਜਾਬਰਾਂ, ਜ਼ਾਲਮਾਂ ਨੇ ਜ਼ੁਲਮ ਦੀ ਇੰਤਹਾ ਕਰਦਿਆਂ ਜੀਉਂਦੇ ਜੀਅ ਨੀਹਾਂ 'ਚ ਚਿਣ ਕੇ ਸ਼ਹੀਦ ਕਰ ਦਿੱਤਾ। ਛੋਟੀਆਂ ਜਿੰਦਾਂ-ਵੱਡਾ ਸਾਕਾ ਕਰ ਆਪਣੀ ਬਾਲ ਵਰੇਸ 'ਚ ਹੀ ਬਾਬਿਆਂ, ਸੂਰਮਿਆਂ ਤੇ ਸ਼ਹੀਦਾਂ ਦਾ ਰੁਤਬਾ ਪ੍ਰਾਪਤ ਕਰ ਗਏ। ਬਾਬਾ ਫ਼ਤਹਿ ਸਿੰਘ ਨੇ ਸਭ ਤੋਂ ਛੋਟੀ ਉਮਰ 'ਚ ਮੌਤ 'ਤੇ ਫ਼ਤਹਿ ਪਾਈ। ਇਕ ਪਾਸੇ ਇਨ੍ਹਾਂ ਦਿਨਾਂ 'ਚ ਬਾਲ ਵਰੇਸ ਦੇ ਸ਼ਹੀਦ ਹੋ ਬਾਬੇ ਸਦਵਾਏ ਤੇ ਦੂਸਰੇ ਪਾਸੇ 83 ਸਾਲ ਦੀ ਬਜ਼ੁਰਗ ਮਾਤਾ, ਮਾਤਾ ਗੁਜਰੀ ਜੀ ਵੀ ਸ਼ਹੀਦੀ ਜਾਮ ਪੀ ਕੇ ਗੁਰੂ ਪਤੀ, ਗੁਰੂ ਤੇਗ਼ ਬਹਾਦਰ ਜੀ ਨਾਲ ਕੀਤਾ ਇਕਰਾਰ ਸੰਪੂਰਨ ਕਰ ਗਏ। ਸ਼ਹੀਦਾਂ ਨੂੰ ਅਸੀਂ ਸਮੇਂ ਅਤੇ ਸਥਾਨ ਦੀਆਂ ਦੀਵਾਰਾਂ 'ਚ ਕੈਦ ਨਹੀਂ ਕਰ ਸਕਦੇ। ਉਨ੍ਹਾਂ ਦੁਆਰਾ ਸਥਾਪਿਤ ਕੀਤੇ ਕੀਰਤੀਮਾਨ ਤੇ ਮਾਰਗ ਸਮੁੱਚੀ ਮਾਨਵਤਾ ਲਈ ਸਾਂਝੇ ਹੁੰਦੇ ਹਨ। ਜੇਕਰ ਮਨੁੱਖ ਗੁਰੂ ਕਿਰਪਾ-ਮਿਹਰ ਸਦਕਾ, ਹਉਮੈ, ਹੰਕਾਰ, ਖੁਦੀ ਨੂੰ ਮਾਰ ਕੇ, ਖੁਦੀ ਬਖੀਲੀ, ਚੋਰੀ, ਜਾਰੀ, ਖੁਸ਼ਾਮਦ, ਨਿੰਦਾ, ਈਰਖਾ, ਦਵੈਸ਼, ਮੈਂ-ਮੇਰੀ ਦੀ ਭਾਵਨਾ ਤੋਂ ਮੁਕਤ ਹੋ ਜਾਵੇ ਫਿਰ ਮਨੁੱਖ ਦਾ ਬਾਰ-ਬਾਰ ਮਰਨਾ ਨਹੀਂ ਹੁੰਦਾ। ਲੋੜ ਹੈ, ਜੀਵਨ ਮੁਕਤ ਹੋਣ ਦੀ:

ਗੁਰ ਪ੍ਰਸਾਦਿ ਜੀਵਤੁ ਮਰੈ ਤਾ ਫਿਰਿ ਮਰਣੁ ਨ ਹੋਇ 2 (ਪੰਨਾ 554)

ਗੁਰੂ ਦੀ ਕਿਰਪਾ ਦੇ ਪਾਤਰ ਬਣਨ ਵਾਸਤੇ ਸੂਝ-ਸਮਝ, ਸਮਰਪਣ ਭਾਵਨਾ ਦੀ ਜ਼ਰੂਰਤ ਹੈ। ਗਿਆਨ ਦੇ ਪ੍ਰਕਾਸ਼ ਨਾਲ ਅਗਿਆਨਤਾ ਦਾ ਹਨੇਰਾ ਦੂਰ ਕਰਦਿਆਂ, ਸ਼ਬਦ-ਗੁਰੂ ਨੂੰ ਸਮਰਪਿਤ ਹੁੰਦਿਆਂ ਮੇਰ-ਤੇਰ, ਮੈ-ਮੇਰੀ ਤੇ ਆਪਾ ਭਾਵ ਮਿਟਾ ਕੇ ਜੀਵਨ ਜੀਵਿਆ ਜੀਆ ਜਾ ਸਕਦਾ ਹੈ। ਗੁਰਬਾਣੀ ਦਾ ਕਥਨ ਹੈ ਕਿ ਸ਼ਬਦ ਦੀ ਤਾਬਿਆ 'ਚ ਸਦ ਜੀਵਨ ਹੀ ਜੀਵਨ ਹੈ, ਮੌਤ ਕਿਧਰੇ ਨਹੀਂ, ਅਨੰਦ ਹੀ ਅਨੰਦ ਹੈ, ਦੁੱਖ-ਦਲਿੱਦਰ, ਆਲਸ ਕਿਧਰੇ ਨਹੀਂ:

ਸਬਦਿ ਮਰਹੁ ਫਿਰਿ ਜੀਵਹੁ ਸਦ ਹੀ ਤਾ ਫਿਰਿ ਮਰਣੁ ਨ ਹੋਈ
ਅੰਮ੍ਰਿਤੁ ਨਾਮੁ ਸਦਾ ਮਨਿ ਮੀਠਾ ਸਬਦੇ ਪਾਵੈ ਕੋਈ 3 (ਪੰਨਾ 604)

ਲੋੜ ਹੈ ਇਨ੍ਹਾਂ ਸਤਿਕਾਰਤ ਬਾਬਿਆਂ, ਸੂਰਮਿਆਂ, ਸ਼ਹੀਦਾਂ ਪਾਸੋਂ ਸਚ, ਧਰਮ, ਇਨਸਾਫ਼ ਦੀ ਪ੍ਰੇਰਨਾ ਲੈ ਕੇ ਜ਼ਬਰ-ਜ਼ੁਲਮ, ਧਾਰਮਿਕ, ਸਮਾਜਿਕ, ਰਾਜਨੀਤਿਕ ਬੁਰਾਈਆਂ ਦੇ ਵਿਰੁੱਧ ਸਮੇਂ ਸਿਰ ਸਚ ਬੋਲਣ ਦੀ। ਸਤਿਗੁਰੂ ਰਹਿਮਤ ਕਰਨ ਅਸੀਂ ਇਨ੍ਹਾਂ ਸ਼ਹੀਦਾਂ ਦੇ ਜੀਵਨ ਦਰਸ਼ਨ ਤੇ ਸ਼ਹੀਦੀ ਦਾਸਤਾਨ ਤੋਂ ਰੌਸ਼ਨੀ ਪ੍ਰਾਪਤ ਕਰ ਆਪਣਾ ਵਰਤਮਾਨ ਤੇ ਭਵਿੱਖ ਸਵਾਰ ਸਕੀਏ।

## ਗੁਰੂ ਨਾਨਕ ਸਾਹਿਬ ਦਾ ਧਰਮ ਯੁੱਧ ਤੇ ਸਨਾਤਨ ਧਰਮ

5. ਗੁਰੂ ਨਾਨਕ ਸਾਹਿਬ ਦਾ ਪੈਗੰਬਰੀ ਜਲਾਲ ਦੁਸ਼ਮਨ ਦੀਆਂ ਸਫਾਂ ਨੂੰ ਭਸਮ ਨਹੀਂ ਸੀ ਕਰਦਾ, ਸਗੋਂ ਜਿਵੇਂ ਕਿ ਕਲਯੁਗ ਅਤੇ ਸੱਜਣ ਠੱਗ ਦੇ ਪ੍ਰਸੰਗ ਵਿਚ ਵੇਖਿਆ ਗਿਆ ਹੈ, ਉਹ ਦੰਭ ਦੇ ਸੀਸ ਉੱਤੇ ਸੱਚ ਦੇ ਮਹਾਂ ਭੁਜਾ ਨੂੰ ਉਲਾਰਦਾ ਤੱਕ ਵੀ ਨਹੀਂ। ਕੇਵਲ ਤ੍ਰੈ-ਗੁਣੀ ਸੰਸਾਰ ਦੀ ਤੁੱਛਤਾ ਸਾਹਮਣੇ ਉਹ ਸੱਚ ਦੀ ਮਹਾਨ ਚੁੱਪ ਦਾ ਭੂਚਾਲ ਵਰਗਾ ਭੈਅ ਲਿਆ ਖੜਾ ਕਰਦੇ ਹਨ, ਜਿਹੜਾ ਕਿ ਦੁਸ਼ਮਣ ਦੇ ਲਸ਼ਕਰਾਂ ਵਿਚ ਆਪਾ-ਵਿਰੋਧ ਦੀਆਂ ਮਾਰੂ ਤ੍ਰੇੜਾਂ ਲਿਆ ਕੇ ਗੁਨਾਹ ਦਾ ਇਕ ਜ਼ਬਰਦਸਤ ਅਹਿਸਾਸ ਪੈਦਾ ਕਰ ਦਿੰਦਾ ਹੈ। 'ਜ਼ਫਰਨਾਮਾ' ਪੜ੍ਹਨ ਪਿੱਛੋਂ ਔਰੰਗਜ਼ੇਬ ਅੰਦਰ ਵੀ ਆਪਣੇ ਵਡੇਰੇ ਬਾਬਰ ਅਤੇ ਦਾਦੇ ਜਹਾਂਗੀਰ ਵਾਂਗ ਗੁਨਾਹ ਦਾ ਕੋਈ ਅਕਹਿ-ਅਦ੍ਰਿਸ਼ਟ ਕਾਂਬਾ ਛਿੜਿਆ ਸੀ। ਬਾਬਾ ਬੰਦਾ ਸਿੰਘ ਬਹਾਦਰ ਦੇ ਸਰਹਿੰਦ ਧਾਵਾ ਕਰਨ ਤੋਂ ਪਹਿਲਾਂ ਵਜ਼ੀਰ ਖ਼ਾਨ ਦੀ ਬੇਚੈਨੀ ਵੀ ਔਰੰਗਜ਼ੇਬ ਜਿਹੀ ਹੀ ਸੀ।

ਜ਼ਕਰੀਆ ਖਾਨ ਅਤੇ ਮੀਰ ਮੰਨੂ ਦੇ ਆਖ਼ਰੀ ਵਕਤ ਵੀ ਸ਼ੈਤਾਨ ਦੇ ਕਰਾਹੁਣ ਦਾ ਨਜ਼ਾਰਾ ਪੇਸ਼ ਕਰਦੇ ਹਨ। ਏਥੇ ਸੱਚ ਦੀ ਭਰੀ-ਪੀਤੀ ਚੁੱਪ-ਖਲੋਤੀ ਹਨੇਰੀ ਤੋਂ ਮਨੁੱਖੀ ਹੋਂਦ ਨੂੰ ਵਲੂੰਧਰ ਦੇਣ ਵਾਲਾ ਜੋ ਭੈਅ ਉਪਜਿਆ, ਉਸ ਦਾ ਸ਼ਿਕਾਰ ਇਕੱਲੇ ਇਕੱਲੇ ਵਿਅਕਤੀ ਹੀ ਹੋਏ, ਪਰ ਸਿੰਘਾਂ ਦੀ ਫ਼ਰੰਗੀਆਂ ਨਾਲ ਪਹਿਲੀ ਜੰਗ ਪਿੱਛੋਂ ਇਤਿਹਾਸ ਵਿਚ ਇਹ ਗੱਲ ਪਹਿਲੀ ਵਾਰ ਵੇਖਣ ਵਿਚ ਆਈ ਕਿ ਸਮੁੱਚੀ ਜੇਤੂ ਕੌਮ ਹੀ ਗੁਨਾਹ ਦੇ ਇਕ ਤਿੱਖੇ ਵਾਰ ਹੇਠ ਆ ਗਈ ਹੋਵੇ। ਡੋਗਰਿਆਂ ਅਤੇ ਪੂਰਬੀਆਂ ਦੇ ਕਪਟ ਕਾਰਨ ਜਦ ਫੌਜਾਂ ਜਿੱਤ ਕੇ ਅੰਤ ਨੂੰ ਹਾਰੀਆਂ ਤਾਂ ਇਹਨਾਂ ਦੰਭ ਵਿਚ ਘਿਰੇ ਸ਼ੇਰਾਂ ਦੀ ਬੇਬਸੀ, ਰਣਜੀਤ ਦੀ ਯਾਦ ਵਿਚ ਰੋਂਦਾ ਸਬਰ, ਤੋਪਾਂ ਦੇ ਗੋਲਿਆਂ ਹੇਠ ਦਲੀਪ ਦੀ ਸਲਾਮਤੀ ਲਈ ਕੀਤੀ ਦੁਆ ਅਤੇ ਸਭਰਾਵਾਂ ਦੇ ਮੈਦਾਨ ਵਿਚ ਭੁੱਖਿਆਂ ਹੀ ਇਲਾਹੀ ਸ਼ੁਕਰ ਵਿਚ ਤੇਗਾਂ ਉਠਾਣ ਦਾ ਵਲਵਲਾ ਅੰਗਰੇਜ਼ ਕੌਮ ਦੀ ਨਾਸਤਕ-ਪਾਸ਼ਵੀ ਬਿਰਤੀ ਵਿਚ ਆਪਣੀ ਫ਼ਕੀਰੀ, ਤੀਖਣਤਾ ਅਤੇ ਸੋਜ਼ ਨਾਲ ਇਕ ਅਜੀਬ ਗੁਨਾਹ ਭਰੀ ਚੀਖ ਪੈਦਾ ਕਰਦੇ ਹਨ। ਜਾਹਨ ਐਮ ਲੁਡਲੋ, ਸਰ ਚਾਰਲਸ ਨੇਪੀਅਰ, ਹੈਨਰੀ ਹੇਵਲਾਕ, ਆਦਮ, ਵਿਲੀਅਮ ਐਡਵਰਡਜ਼ ਅਤੇ ਕਨਿੰਘਮ ਦੀਆਂ ਲਿਖਤਾਂ ਅਤੇ ਕਦੇ ਕਦੇ ਹਾਰਡਿੰਗ ਅਤੇ ਡਲਹੌਜ਼ੀ ਦੇ ਖ਼ਤਾਂ ਤੋਂ ਵੀ ਇਕ ਅਜੀਬ ਕਿਸਮ ਦਾ ਭੈਅ, ਪਛਤਾਵਾ, ਗੁਨਾਹ ਦਾ ਇਕਬਾਲ ਆਪਣੇ ਆਪ ਨੂੰ ਕੋਸਣ ਦੀ ਤਸੱਲੀ ਅਤੇ ਉਨ੍ਹਾਂ ਗਦਾਰਾਂ ਨਾਲ ਹੀ ਘ੍ਰਿਣਾ, ਜਿਨ੍ਹਾਂ ਦੇ ਕਾਰਨ ਫਰੰਗੀਆਂ ਨੂੰ ਕਾਮਯਾਬੀ ਨਸੀਬ ਹੋਈ ਸੀ—ਕੁਝ ਅਜਿਹੇ ਪੱਖ ਸਾਹਮਣੇ ਆਉਂਦੇਹਨ, ਜਿਹੜੇ ਇਕ ਜੇਤੂ ਕੌਮ ਦੀ ਉੱਘੜ-ਦੁਘੜੀ ਅਵਸਥਾ ਦਾ ਸਾਕਾਰ ਚਿਤਰ ਹਨ। ਸ਼ਾਹ ਮੁਹੰਮਦ ਅਨੁਸਾਰ ਸਿੰਘ ਜਿੱਤ ਕੇ ਹਾਰੇ ਸਨ, ਪਰ ਉਹ ਹਾਰੇ ਹੋਏ ਵੀ ਫਰੰਗੀਆਂ ਲਈ ਆਤਮਕ ਸੰਸਾਰ ਦੇ ਸ਼ਾਹ ਸਵਾਰ ਹੀ ਰਹੇ। ਸਿੱਖਾਂ ਦੀ ਪਹਿਲੀ ਜੰਗ ਨੇ ਅੰਗਰੇਜ਼ ਕੌਮ ਅੰਦਰ ਇਕ ਮਹਾਨ ਰੂਹਾਨੀ ਸੰਕਟ ਪੈਦਾ ਕੀਤਾ।

ਗੁਰੂ ਨਾਨਕ ਨੂੰ ਸਮਝੇ ਬਿਨਾਂ ਸਿੱਖ-ਇਤਿਹਾਸ ਨਹੀਂ ਸਮਝਿਆ ਜਾ ਸਕਦਾ, ਕਿਉਂਕਿ ਉਹਨਾਂ ਦੀ ਪੈਗੰਬਰੀ ਪ੍ਰਤਿਭਾ ਦੇ ਨਿਰਾਕਾਰ ਵੇਗ ਦੀ ਵਿਸ਼ਾਲਤਾ, ਅਨੇਕਤਾ, ਤੀਬਰਤਾ ਅਤੇ ਗਹਿਰਾਈ ਖਾਲਸਾ ਚੇਤਨਾ ਹੀ ਬਣ ਗਈ ਹੈ। ਖਾਲਸਾ ਚੇਤਨਾ ਅਨੇਕ ਜੀਵਨ ਸਿਧਾਂਤਾਂ, ਦੇਗ-ਤੇਗ ਦੇ ਨਜ਼ਾਰਿਆ ਅਤੇ ਸ਼ਹੀਦੀਆਂ ਦੀ ਜਾਨ ਹੈ ਅਤੇ ਤਿੰਨ ਸਦੀਆਂ ਤੋਂ ਖਾਲਸੇ ਦੇ ਜੌਹਰ ਨੂੰ ਨਿਆਰਾ ਅਤੇ ਵਿਲੱਖਣ ਬਣਾ ਰਹੀ ਹੈ। ਸਿੰਘ ਬਾਬਾ ਬੰਦਾ ਸਿੰਘ ਬਹਾਦਰ ਵਾਂਗ ਮੈਦਾਨਿ-ਜੰਗ ਵਿਚ ਰੂਹਾਨੀਅਤ ਦੀ ਸਜ-ਧਜ ਦਾ ਹੁਸਨ ਲੈ ਕੇ ਬਹੁੜਦਾ ਹੈ ਅਤੇ ਤੇਗ ਦੇ ਜੌਹਰ ਵਿਖਾਉਂਦਾ ਹੋਇਆ ਈਮਾਨ ਦੇ ਕੋਟ ਖੜੇ ਕਰਦਾ ਹੈ। ਵੀਹਵੀਂ ਸਦੀ ਦੇ ਸਿੰਘ ਦੀ ਸਿਮਰਤੀ ਵਿਚ ਵੀ ਪਿਛਲੀਆਂ ਸਦੀਆਂ ਦੇ ਰਣਾਂ ਵਿਚ ਖਲੋਤੇ ਉਹਨਾਂ ਈਮਾਨ ਦੇ ਕੋਟਾਂ ਦਾ ਜੇਤੂ ਜਲਾਲ ਕਾਇਮ ਹੈ।

ਕਾਰਲ ਮਾਰਕਸ ਦੀ ਕੈਪੀਟਲ ਦੀ ਵਿਸ਼ਾਲ ਦ੍ਰਿਸ਼ਟੀ ਅਨੁਸਾਰ ਇਤਿਹਾਸ ਪੈਦਾਵਾਰੀ ਸਾਧਨਾਂ ਦੀ ਪ੍ਰੇਰਨਾ ਅਧੀਨ ਹੋਂਦ ਵਿਚ ਆਈਆਂ ਮਾਦੇ ਦੀਆਂ ਅਨੇਕ ਬਾਰੀਕ ਸ਼ਕਲਾਂ, ਉਹਨਾਂ ਬਾਰੀਕ ਸ਼ਕਲਾਂ ਨਾਲ ਪੈਦਾ ਹੋਏ ਦਵੰਦ ਦਾ ਫੈਲਾਉ ਅਤੇ ਉਸ ਫੈਲਾਉ ਦੀ ਰਗੜ ਵਿਚੋਂ ਪੈਦਾ ਹੋਏ ਮਨੁੱਖੀ ਪ੍ਰਤੀਕਰਮਾਂ ਦੇ ਸਾਂਝੇ ਅਮਲ ਅਤੇ ਸਾਂਝੀ ਗਤੀ ਦਾ ਸਿੱਟਾ ਹੈ, ਪਰ ਸਿੱਖ ਇਤਿਹਾਸ ਦੀ ਵਿਆਖਿਆ ਮਾਰਕਸੀ ਦ੍ਰਿਸ਼ਟੀਕੋਣ ਤੋਂ ਨਹੀਂ ਹੋ ਸਕਦੀ।

ਸਿੱਖ ਇਤਿਹਾਸ ਅਜਿਹੇ ਅਮਲ ਦੀ ਕੋਈ ਵਿਸ਼ਾਲ ਲਰਜ਼ ਹੈ, ਜਿਸਦਾ ਪ੍ਰਿਥਮ ਰੂਪ ਮਨੁੱਖੀ ਚੇਤਨਾ ਵਿਚ ਆਪਣੀ ਜੜ੍ਹ ਫੜਦਾ ਹੈ ਅਤੇ ਫੇਰ ਮਾਦੇ ਦੀਆਂ ਬਾਰੀਕ ਸ਼ਕਲਾਂ ਨੂੰ ਆਪਣੇ ਚਿਹਨ ਚੱਕਰਾਂ ਵਿਚ ਢਾਲਦਾ ਹੋਇਆ ਇਤਿਹਾਸਕ ਗਤੀ ਨੂੰ ਜਨਮ ਦਿੰਦਾ ਹੈ। ਮਿਸਾਲ ਲਈ ਬਾਬਾ ਬੰਦਾ ਸਿੰਘ ਬਹਾਦਰ ਦੇ ਸਭ ਪੁਰਾਤਨ ਸੰਸਕਾਰ ਗੁਰੂ ਨਾਨਕ ਪ੍ਰਤਿਭਾ ਦੇ ਵਿਸ਼ਾਲ ਲਰਜ਼ੇ ਵਿਚ ਭਸਮ ਹੋ ਜਾਂਦੇ ਹਨ। ਰੱਬੀ ਤਰਸ ਦਾ ਇਲਾਹੀ ਜਜ਼ਬਾ ਐਸੀ ਸਿਖਰ ਉੱਤੇ ਪਹੁੰਚਦਾ ਹੈ ਕਿ ਇਸ ਦਾ ਅਮਲ ਹਿੰਸਕ ਹੋ ਜਾਂਦਾ ਹੈ। ਅੰਤ ਵਿਚ ਇਹ ਹਿੰਸਕ ਅਮਲ ਅਤੇ ਸਰਹਿੰਦ ਦਾ ਵਿਨਾਸ਼ ਇਕ ਚੀਜ਼ ਹੋ ਜਾਂਦੇ ਹਨ। ਸਰਹਿੰਦ ਦੀ ਇੱਟ ਨਾਲ ਇੱਟ ਵਜਾਉਣ ਦਾ ਕਹਿਰ ਬਾਬਾ ਬੰਦਾ ਸਿੰਘ ਬਹਾਦਰ ਦੇ ਮਨ ਦੀ ਪ੍ਰਚੰਡ ਹਿੰਸਾ ਹੀ ਹੈ, ਜਿਸ ਵਿਚ ਕਿ ਰਹਿਮ, ਸਬਰ ਅਤੇ ਯਕੀਨ ਦਾ ਸਾਂਝਾ ਸੇਕ ਹੈ। ਜਿਵੇਂ ਭਾਰਤੀ ਅਤੇ ਇਸਲਾਮੀ ਦਰਸ਼ਨ ਅਤੇ ਪੁਰਾਣ ਅਤੇ ਇਤਿਹਾਸ ਦੇ ਮਹਾਨ ਨਾਇਕ ਗੁਰੂ ਨਾਨਕ ਸਾਹਿਬ ਦੇ "ਸਚਿ ਖੰਡ" ਦੀ ਕਾਵਿ-ਦ੍ਰਿਸ਼ਟੀ ਹੇਠਾਂ ਅਕਾਲ ਸ਼ਕਤੀ ਦੇ ਲਘੂ ਬਿੰਦੂ ਬਣ ਕੇ ਘੁੰਮਣ ਘੇਰੀਆਂ ਖਾ ਰਹੇ ਹਨ, ਇਸੇ ਤਰ੍ਹਾਂ ਇਕ ਵਾਰ ਬਾਬਾ ਬੰਦਾ ਸਿੰਘ ਬਹਾਦਰ ਦੀ ਰੱਬੀ ਮਿਹਰ ਦੀ ਚਮਕਦੀ ਸਿਖਰ ਵਿਚ ਉਸ ਦੇ ਸਭ ਬਲਹੀਣ ਸੰਸਕਾਰ ਭਸਮ ਹੋ ਗਏ ਹਨ। ਸਰਹਿੰਦ ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਕਤੀ ਦਾ ਸੋਮਾ ਹੈ, ਉਥੇ ਹੀ ਉਸ ਦੇ ਈਮਾਨ ਦਾ ਕੇਂਦਰ ਹੈ।

ਜਿਹਨਾਂ ਕੋਲ ਧਰਤਿ ਦੇ ਸਬਰ ਦਾ ਕੋਈ ਈਮਾਨ ਸੀ, ਜਿਹਨਾਂ ਅੱਤਾਰ ਦੀ ਅੰਤਿਮ ਮੰਜ਼ਲ 'ਵਾਈਦੇ-ਫ਼ਨਾ' ਦਾ ਰਸ ਚੱਖਿਆ ਸੀ, ਵਜਦ ਦੀ ਉਸ ਧਰਤੀ ਵਿਚ ਗੁਰੂ ਨਾਨਕ ਦੀ ਫਸਲ ਬਹੁਤ ਉੱਗੀ। ਰਾਇ ਬੁਲਾਰ, ਮਰਦਾਨਾ, ਮੀਆਂ ਮੀਰ, ਪੀਰ ਬੁੱਧੂ ਸ਼ਾਹ, ਸੈਦ ਖਾਨ, ਗ਼ਨੀ ਖਾਂ ਅਤੇ ਨਬੀ ਖਾਂ, ਭਾਈ ਨੰਦ ਲਾਲ ਅਤੇ ਸ਼ਾਹ ਮੁਹੰਮਦ ਖਾਲਸਾ-ਚੇਤਨਾ ਦੇ ਦੇਗ-ਤੇਗ ਦੀ ਅਮੀਰੀ ਦੇ ਫ਼ਕੀਰ-ਗਵਾਹ ਹਨ, ਪਰ ਗੁਰੂ ਨਾਨਕ ਸਾਹਿਬ ਦੀ ਪੈਗੰਬਰੀ ਪ੍ਰਤਿਭਾ ਵਿਚ ਇਕ ਮਾਸੂਮੀਅਤ ਵੀ ਹੈ, ਜਿਸ ਨੂੰ ਤ੍ਰੈ-ਗੁਣੀ ਸੰਸਾਰ ਦਾ ਸਾਜ਼ਸ਼ੀ ਕਪਟ ਵਕਤੀ ਤੌਰ ਉੱਤੇ ਨੁਕਸਾਨ ਪਹੁੰਚਾਉਂਦਾ ਹੈ, ਪਰ ਇਸ ਦੇ ਹਰ ਆਕਰਮਣ ਨਾਲ ਖਾਲਸਾ-ਚੇਤਨਾ ਦਾ ਸੇਕ ਅਤੇ ਸੁਹਜ ਹੋਰ ਡੂੰਘਾ ਹੋ ਜਾਂਦਾ ਹੈ।

ਸੱਜਨ ਠੱਗ, ਚੰਦੂ, ਗੰਗੂ, ਲਖਪਤ ਰਾਏ, ਜ਼ਕਰੀਆ ਖਾਨ ਦੇ ਜ਼ਮਾਨੇ ਦੇ ਅਨੇਕ ਚੁਗਲ ਖੋਰ, ਗੁਲਾਬ ਸਿੰਘ ਅਤੇ ਉਸ ਦੇ ਹੋਰ ਡੋਗਰੇ ਸਾਥੀ, ਲਾਲ ਸਿੰਘ ਅਤੇ ਤੇਜ ਸਿੰਘ ਜਿਹੇ ਕਪਟੀ ਪੂਰਬੀਏ—ਇਕ ਐਸੇ ਮੀਸਣੇ ਦੰਭ ਦਾ ਫੈਲਾਉ ਹਨ, ਜੋ ਰੱਬੀ ਗਜ਼ਬ ਦੀ ਚੁੱਪ ਵਿਚ ਹੋਰ ਕਹਿਰ ਜਮ੍ਹਾਂ ਕਰਦੇ ਹਨ। ਇਸ ਮੀਸਣੇ ਦੰਭ ਨਾਲ ਖਾਲਸਾ-ਚੇਤਨਾ ਨੂੰ ਕਦੇ ਕਦੇ ਮਾਰੂ ਝਟਕਾ ਵੀ ਵੱਜਦਾ ਹੈ, ਪਰ ਯਕੀਨ ਦੀ ਸ਼ਾਨ ਖਾਲਸਾ-ਚੇਤਨਾ ਦੇ ਦੋਖੀਆਂ ਨੂੰ ਹੋਰ ਵੀ ਤੁੱਛ ਬਣਾ ਜਾਂਦੀ ਹੈ।

## ਦੁਨੀਆਂ ਦੀ ਅਸਾਵੀਂ ਜੰਗ

ਗੁਰੂ ਸਾਹਿਬ ਨੇ ਗੜ੍ਹੀ ਦੇ ਝਰੋਖੇ ਵਿਚੋਂ ਵੇਖ ਖੁਸ਼ੀ ਵਿਚ ਜੈਕਾਰਾ ਛੱਡਿਆ ਤੇ ਅਕਾਲ ਪੁਰਖ ਦਾ ਧੰਨਵਾਦ ਕੀਤਾ।

ਵੱਡੇ ਭਰਾ ਦੇ ਮੌਤ ਲਾੜੀ ਨਾਲ ਵਿਆਹ ਕਰਵਾਉਣ ਤੋਂ ਬਾਅਦ ਵੇਖਦੇ ਛੋਟੇ ਜੁਝਾਰ ਸਿੰਘ ਨੇ ਵੀ ਰਣ ਜੂਝਣ ਲਈ ਆਪਣੇ ਪਿਤਾ ਨੂੰ ਬੇਨਤੀ ਕੀਤੀ। ਗੁਰੂ ਜੀ ਨੇ ਪਰਖਣ ਲਈ ਛੋਟੀ ਉਮਰ ਤੇ ਲੜਾਈ ਦੇ ਢੰਗ-ਤਰੀਕਿਆਂ ਤੋਂ ਅਨਜਾਣ ਹੋਣ ਬਾਰੇ ਕਿਹਾ ਤਾਂ ਪੁੱਤਰ ਨੇ ਜਵਾਬ ਦਿੱਤਾ

ਅਗਰ ਵੋ 'ਅਜੀਤ' ਥਾ ਤੋ, ਮੈਂ ਭੀ 'ਜੁਝਾਰ' ਹੂੰ।
'ਗਰ ਵੋ 'ਖੰਜਰ' ਥਾ ਤੋ, ਮੈਂ ਭੀ 'ਕਟਾਰ' ਹੂੰ।
'ਗਰ ਮੁਝੇ 'ਮਾਰਨਾ' ਨਹੀਂ ਆਤਾ 'ਮਰਨਾ' ਤੋ ਹੈ ਆਤਾ।

ਹੌਸਲਾ ਤੇ ਲੜਨ-ਮਰਨ ਦਾ ਚਾਅ ਵੇਖ ਕੇ ਜੱਫ਼ੀ ਵਿਚ ਘੁੱਟ ਕੇ ਪਿਆਰ ਕੀਤਾ ਤੇ ਰਣ-ਭੂਮੀ ਵਿਚ ਜੂਝਣ ਲਈ ਬਿਲਕੁਲ ਪਹਿਲੇ ਦੀ ਤਰ੍ਹਾਂ ਵਿਦਾਅ ਕੀਤਾ। ਵੈਰੀਆਂ ਦੇ ਹੌਸਲੇ ਵਧੇ ਹੋਣ ਕਾਰਨ ਸਾਹਿਬਜ਼ਾਦੇ ਨੂੰ ਗੜ੍ਹੀ ਵਿਚੋਂ ਨਿਕਲਣ ਸਾਰ ਹੀ ਘੇਰ ਲਿਆ। ਗੁਰੂ ਜੀ ਉਨ੍ਹਾਂ ਦੇ ਘੇਰੇ ਨੂੰ ਤੋੜਨ ਲਈ ਅੰਦਰੋਂ ਤੀਰਾਂ ਦੀ ਵਰਖਾ ਕਰਦੇ ਰਹੇ। ਬਹੁਤੇ ਵੈਰੀਆਂ ਨੂੰ ਮਾਰਦਾ ਜੁਝਾਰ ਸਿੰਘ ਵੀਰ ਗਤੀ ਨੂੰ ਪ੍ਰਾਪਤ ਹੋਇਆ ਤਾਂ ਗੁਰੂ ਸਾਹਿਬ ਨੇ ਫਿਰ ਜੈਕਾਰਾ ਛੱਡਿਆ ਤੇ ਕਿਹਾ :

"ਤੁਝ ਕੀ ਅਮਾਨਤ ਅਦਾ ਹੂਈ" ਅਤੇ ਅਕਾਲ ਪੁਰਖ ਦਾ ਫਿਰ ਸ਼ੁਕਰਾਨਾ ਕੀਤਾ। ਸ਼ਾਮ ਨੂੰ ਜੰਗ ਬੰਦ ਹੋਈ। ਦੁਸ਼ਮਣ ਦੀ ਕਾਫੀ ਫੌਜ ਇੱਥੋਂ ਤਕ ਕਿ ਬਾਹਰੋਂ ਗੜ੍ਹੀ ਦੇ ਉਪਰ ਪੌੜੀ ਲਾ ਕੇ ਚੜ੍ਹਨ ਵਾਲੇ ਗੁਰੂ ਜੀ ਵੱਲੋਂ ਚਲਾਏ ਅਣਗਿਣਤ ਤੀਰਾਂ ਨਾਲ ਅਤੇ ਸਿੰਘਾਂ ਦੇ ਲੜ-ਮਰਨ ਕਾਰਨ ਮਾਰੀ ਗਈ ਸੀ। ਦੁਸ਼ਮਣ ਅਗਲੇ ਦਿਨ ਫਿਰ ਤਕੜਾ ਹੱਲਾ ਕਰਕੇ ਗੁਰੂ ਸਾਹਿਬ ਨੂੰ ਘੇਰ ਕੇ ਸ਼ਹੀਦ ਕਰਨ ਜਾਂ ਜ਼ਿੰਦਾ ਫੜ੍ਹਨ ਦੀ ਤਿਆਰੀ ਕਰਨ ਲੱਗਾ।

ਦਿਨ ਦੀ ਲੜਾਈ ਵਿਚ ਗੁਰੂ ਸਾਹਿਬ ਨੇ ਹੇਮਕੁੰਟ ਦੀ ਤਪੱਸਿਆ ਦੌਰਾਨ ਅਕਾਲ ਪੁਰਖ ਤੇ ਖਾਲਸੇ ਨਾਲ ਆਨੰਦਪੁਰ ਸਾਹਿਬ ਅੰਮ੍ਰਿਤ ਛਕਾਉਣ ਸਮੇਂ 'ਸਵਾ ਲੱਖ ਸੇ ਏਕ ਲੜਾਊਂ' ਦਾ ਵਾਅਦਾ ਪੂਰਾ ਕੀਤਾ। ਦੂਸਰਾ ਵਾਅਦਾ ਰਾਤ ਸਮੇਂ ਪੰਥ ਖਾਲਸੇ ਦਾ ਹੁਕਮ ਮੰਨ 'ਖਾਲਸਾ ਗੁਰੂ' ਦਾ ਪ੍ਰਣ ਨਿਭਾਉਂਦਿਆਂ ਸਰੀਰਕ ਤੌਰ 'ਤੇ ਖਾਲਸੇ ਨੂੰ ਗੱਦੀ ਦੇ ਦਿੱਤੀ। ਆਪਣੀ ਕਲਗੀ ਤੇ ਚੋਲਾ ਭਾਈ ਸੰਗਤ ਸਿੰਘ (ਜਿਸ ਦੀ ਸ਼ਕਲ-ਸੂਰਤ ਉਨ੍ਹਾਂ ਨਾਲ ਮਿਲਦੀ-ਜੁਲਦੀ ਸੀ), ਨੂੰ ਦੇ ਕੇ ਦੂਰ ਦਾ ਪਾਂਧੀ, ਮਜ਼ਲੂਮਾਂ, ਗਰੀਬਾਂ, ਨਿਤਾਣਿਆਂ, ਨਿਆਸਰਿਆਂ, ਲਿਤਾੜਿਆਂ ਲਈ, ਆਖਰੀ ਦਮ ਤਕ ਜ਼ੁਲਮ ਦੇ ਖ਼ਿਲਾਫ਼ ਲੜਨ ਦਾ ਪ੍ਰਣ ਕਰਕੇ ਆਪਣੇ ਦੋਹਾਂ ਸ਼ਹੀਦ ਪੁੱਤਾਂ ਦੀਆਂ ਲਾਸ਼ਾਂ ਨੂੰ ਲਿਤਾੜਦਾ, ਅਕਾਲ ਪੁਰਖ ਦੇ ਭਾਣੇ ਵਿਚ, ਚਮਕੌਰ ਗੜ੍ਹੀ ਵਿਚੋਂ ਤਾਰਿਆਂ ਦੀ ਛਾਵੇਂ, "ਪੀਰੇ-ਹਿੰਦ ਮੇ ਰਵਦ" ਕਹਿ ਕੇ ਤਾੜੀ ਮਾਰ ਕੇ, ਦੂਰ ਦਿਸਦੀ ਮੰਜ਼ਿਲ ਵੱਲ ਵੇਖਦਾ, "ਅਹੁ ਗਿਆ, ਅਹੁ ਗਿਆ।" ਤਦ ਹੀ ਕਹਿੰਦੇ ਹਨ :

ਬਸ ਹਿੰਦ ਮੇਂ ਏਕ ਹੀ ਤੀਰਥ ਹੈ
ਯਾਤਰਾ ਕੇ ਲੀਏ,
ਕਟਾਏ ਬਾਪ ਨੇ ਬੇਟੇ ਜਹਾਂ
ਖ਼ੁਦਾ ਕੇ ਲੀਏ। (ਅੱਲ੍ਹਾ ਯਾਰ ਖਾਂ ਯੋਗੀ)

ਚਮਕੌਰ ਸਾਹਿਬ ਵਿਖੇ ਹਰ ਸਾਲ ਵੱਡੇ ਸਾਹਿਬਜ਼ਾਦਿਆਂ, ਬਾਬਾ ਅਜੀਤ ਸਿੰਘ ਤੇ ਬਾਬਾ ਜੁਝਾਰ ਸਿੰਘ ਤੇ ਮਰਜੀਵੜੇ ਸਿੰਘਾਂ ਦੀ ਯਾਦ ਵਿਚ ਸ਼ਹੀਦੀ ਜੋੜ-ਮੇਲਾ 7-8 ਪੋਹ ਨੂੰ ਲੱਖਾਂ ਦੀ ਗਿਣਤੀ ਵਿਚ ਭਰਦਾ ਹੈ।

## ਵਾਸ਼ਿੰਗਟਨ ਦੇ ਡਿਪਟੀ ਚੀਫ ਆਫ ਮਿਸ਼ਨ ਇੰਡੀਅਨ ਨਾਲ ਨਿੱਘੀ ਮਿਲਣੀ

ਬਿਹਤਰੀ ਕਰਕੇ ਉੱਚੇ ਅਹੁਦਿਆਂ ਤੇ ਬਿਰਾਜਮਾਨ ਹਨ।ਅਤੇ ਇਨ੍ਹਾਂ ਦੀ ਮਿਹਨਤ ਸਦਕਾ ਭਾਰਤ ਦਾ ਨਾਮ ਰੌਸ਼ਨ ਹੈ। ਜਿਸ ਕਰਕੇ ਅਮਰੀਕਾ ਨੇ 159 ਬਿਲੀਅਨ ਦਾ ਨਿਵੇਸ਼ ਵੱਖ-ਵੱਖ ਖੇਤਰਾਂ ਵਿੱਚ ਕੀਤਾ ਹੈ। ਉਨ੍ਹਾਂ ਦੱਸਿਆ ਕਿ ਪੁਲਾੜ ਵਿੱਚ ਸਾਂਝੇ ਤੌਰ ਤੇ ਰਾਕਟ ਛੱਡਣ ਦਾ ਮਾਰਕਾ ਵੀ ਦੋਹਾਂ ਮੁਲਕਾਂ ਨੇ ਮਾਰਿਆ ਹੈ। ਅਮਰੀਕਾ ਪੂਰੀ ਤਰ੍ਹਾਂ ਭਾਰਤ ਨੂੰ ਹਰ ਖੇਤਰ ਵਿੱਚ ਹਿੱਸੇਦਾਰ ਬਣਾਉਣ ਵਿੱਚ ਪਹਿਲ ਕਦਮੀ ਕਰ ਰਿਹਾ ਹੈ। ਜਿਸ ਕਰਕੇ ਨਿਊਕਲੀਅਰ ਪੀਸ ਸੰਧੀ ਵਿੱਚ ਇਨ੍ਹਾਂ ਦੀ ਸੰਧੀ ਨੇ ਇਤਿਹਾਸ ਸਿਰਜਿਆ ਹੈ। ਅੱਜ ਭਾਰਤ ਸੁਪਰ ਪਾਵਰ ਦਾ ਭਾਗੀਦਾਰ ਬਣ ਗਿਆ ਹੈ। ਕੇਂਦਰ ਸਰਕਾਰ ਨੇ ਨਰਿੰਦਰ ਮੋਦੀ ਦੀ ਅਗਵਾਈ ਵਿੱਚ ਧਾਰਾ 370 ਖਤਮ ਕਰਨਾ, ਬੈਂਕਾਂ ਦਾ ਨਵੀਨੀਕਰਨ ਅਤੇ ਸਵੱਛ ਭਾਰਤ ਤੋਂ ਇਲਾਵਾ ਡਿਜ਼ੀਟਲ ਭਾਰਤ ਬਣਾਉਣ ਵਿੱਚ ਮੋਹਰੀ ਬਣ ਗਿਆ ਹੈ।

ਡਾ. ਸੁਰਿੰਦਰ ਸਿੰਘ ਗਿੱਲ ਵੱਲੋਂ ਅਮਿਤ ਕੁਮਾਰ ਡਿਪਟੀ ਅੰਬੈਸਡਰ ਨੂੰ ਗੁਲਦਸਤਾ ਭੇਂਟ ਕੀਤਾ। ਸੋਨੀਆ ਸਿੰਘ ਨੇ ਮਿਸਜ਼ ਅਮਿਤ ਕੁਮਾਰ, ਅਰੁਨਾਦਿਤੀ ਵਲੋਂ ਅਨੁਰਾਗ ਕੁਮਾਰ ਕਮਿਊਨਿਟੀ ਮਨਿਸਟਰ, ਸਿਲੋਨੀ ਵਲੋਂ ਮਿਸਜ਼ ਅਨੁਰਾਗ ਕੁਮਾਰ, ਬਲਜਿੰਦਰ ਸਿੰਘ ਸ਼ੰਮੀ ਵਲੋਂ ਡਾ. ਜੈਦੀਪ ਸਿੰਘ ਨਾਯਰ ਅਤੇ ਅੰਜਨਾ ਵੱਲੋਂ ਕ੍ਰਿਸਟੀਨਾ ਪੋਉ ਡਾਇਰੈਕਟਰ ਸਾਊਥ ਏਸ਼ੀਅਨ ਕਮਿਸ਼ਨਰ ਨੂੰ ਗੁਲਦਸਤੇ ਭੇਂਟ ਕਰਵਾਏ।ਜ਼ਿਕਰਯੋਗ ਹੈ ਕਿ ਅਰੁਨਾਦਿਤੀ, ਅੰਜਨਾ, ਬਾਉਲਡ ,ਰਮਾਂ ਸ਼ਰਮਾ, ਗੁਰਚਰਨ ਸਿੰਘ, ਰੇਨੂਕਾ ਮਿਸ਼ਰਾ, ਡਾ. ਸੁਰੇਸ਼ ਕੁਮਾਰ ਅਤੇ ਰੌਬਿਨ ਗੋਸਵਾਮੀ ਨੇ ਰੰਗਾਰੰਗ ਪ੍ਰੋਗਰਾਮ ਨਾਲ ਮਹਿਮਾਨਾਂ ਦਾ ਖੂਬ ਮੰਨੋਰੰਜਨ ਕੀਤਾ। ਜੋ ਕਿ ਬਹੁਤ ਕਾਬਲੇ ਤਾਰੀਫ ਸੀ। ਸਟੇਜ ਸੰਚਾਲਕ ਦਾ ਕਾਰਜ ਸਿਉਨੀ ਨੇ ਬਾਖੂਬੀ ਨਾਲ ਨਿਭਾਇਆ। ਜਦ ਕਿ ਰਜਿਸਟ੍ਰੇਸ਼ਨ ਸੈਸ਼ਨ ਦੀ ਸੇਵਾ ਅੰਜਨਾ, ਡਾ. ਗਿੱਲ, ਅਰੁਨਾਨਿਧੀ ਅਤੇ ਪਿੰਕੀ ਨੇ ਪੂਰੀ ਦਿਲਚਸਪੀ ਨਾਲ ਨਿਭਾਈ। ਅਬਦਲ ਅਬਦੁਲਾ ਦੀ ਸ਼ੇਅਰੋ ਸ਼ਾਇਰੀ ਨੇ ਵੀ ਖੂਬ ਰੰਗ ਬੰਨ੍ਹਿਆ। ਇਸ ਸਮਾਗਮ ਵਿੱਚ ਮੁੱਖ ਤੌਰ ਤੇ ਕਲੀਨ ਕਵਾਜਾ, ਤਰੁਨਾ ਕਵਾਜਾ, ਮੋਨਾ ਸਿੰਘ, ਰਾਜ ਰਠੌਰ, ਸੇਟੀ ਬ੍ਰਦਰਜ਼ ਤੇ ਹਰਜੀਤ ਹੁੰਦਲ ਵੀ ਹਾਜ਼ਰ ਸਨ।

## ਪੰਜਾਬ ਦੀ ਸਿਆਸਤ ਪਰਿਵਾਰਕ ਮੋਹ ’ਚ ਫਸੀ

ਦਿਵਸ ਮੌਕੇ ਵਧਾਈ ਸੰਦੇਸ਼ ਭੇਜਿਆ ਹੈ ਪਰ ਭਾਜਪਾ ਅਤੇ ਕੇਂਦਰ ਸਰਕਾਰ, ਬਾਦਲ ਪਰਿਵਾਰ ਦੇ ਸ਼੍ਰੋਮਣੀ ਅਕਾਲੀ ਦਲ ਪ੍ਰਤੀ ਅਗਲਾ ਰੁਖ ਕੀ ਹੋਏਗਾ, ਇਸ ਬਾਰੇ ਹੁਣ ਉਸ ਵੇਲੇ ਤੋਂ ਕੋਈ ਦੋ ਰਾਵਾਂ ਨਹੀਂ ਰਹਿ ਗਈਆਂ, ਜਦੋਂ ਤੋਂ ਹਰਿਆਣਾ ‘ਚ ਸ੍ਰੋਮਣੀ ਅਕਾਲੀ ਦਲ( ਬ) ਨੇ ਭਾਜਪਾ ਦੇ ਵਿਰੋਧ ਵਿਚ ਸਟੈਂਡ ਲਿਆ ਅਤੇ ਪੰਜਾਬ ਵਿੱਚ ਵੀ ਉਪ ਚੋਣਾਂ ਸਮੇਂ ਸ਼੍ਰੋਮਣੀ ਅਕਾਲੀ ਦਲ (ਬ) ਵਲੋਂ ਭਾਜਪਾ ਦੇ ਉਮੀਦਵਾਰਾਂ ਨੂੰ ਵੋਟ ਦੇਣ ਦੀ ਥਾਂ ਅੰਦਰੋਗਤੀ ਕਾਂਗਰਸ ਉਮੀਦਵਾਰਾਂ ਨੂੰ ਦੇਣ ਦੇ ਚਰਚੇ ਸੁਨਣ ਨੂੰ ਮਿਲੇ। ਵਿਰੋਧੀ ਧਿਰ ਦੋਸ਼ ਤਾਂ ਇਹ ਵੀ ਲਗਾ ਰਹੀ ਹੈ ਕਿ ਬਾਦਲ ਪਰਿਵਾਰ ਤੇ ਕੈਪਟਨ ਆਪਸ ਵਿੱਚ ਰਲੇ ਹੋਏ ਹਨ। ਬਿਨ੍ਹਾਂ ਸ਼ੱਕ ਪਰਿਵਾਰਕ ਸਿਆਸਤ ਨੇ ਸਿੱਖ ਸਿਆਸਤ ਦਾ ਹੀ ਨਹੀਂ, ਪੰਜਾਬ ਦਾ ਵੀ ਵੱਡਾ ਨੁਕਸਾਨ ਕੀਤਾ ਹੈ। ਸਿਆਸੀ ਖੁਦਗਰਜ਼ੀ ਕਾਰਨ ਚਾਪਲੂਸੀ ਦਾ ਮਹੌਲ ਪੰਜਾਬ ਵਿਚ ਪੈਦਾ ਹੋਇਆ ਹੈ, ਜਿਸ ਨਾਲ ਸਿਆਸੀ ਵਰਕਰ ਸਿਆਸੀ ਧਿਰਾਂ ਤੋਂ ਪਿਛਾਂਹ ਹਟੇ ਹਨ ਅਤੇ ਮਾਫੀਆ ਦੇ ਲੋਕਾਂ ਨੇ ਨੇਤਾਵਾਂ ਦੁਆਲੇ ਘੇਰਾ ਪਾਇਆ ਹੈ।

ਨਿੱਤ ਦਿਹਾੜੇ ਮਾਫੀਆ ਗ੍ਰੋਹਾਂ ਦੀਆਂ ਕਾਰਵਾਈਆਂ ਅਤੇ ਸਿਆਸੀ ਲੋਕਾਂ ਵਲੋਂ ਇਹਨਾ ਗੁੰਡਾ ਗਿਰੋਹਾਂ ਨਾਲ ਜੁੜੇ ਹੋਣ ਦੀਆਂ ਖ਼ਬਰਾਂ ਆਮ ਲੋਕਾਂ ਨੂੰ ਚਿੰਤਤ ਕਰ ਰਹੀਆਂ ਹਨ। ਉਪਰੋਂ ਸ਼੍ਰੋਮਣੀ ਅਕਾਲੀ ਦਲ ਦੇ ਰਾਜਾਂ ਲਈ ਖੁਦਮੁਖਤਿਆਰੀ ਦੇ ਏਜੰਡੇ ਨੂੰ ਕਹਿਣ ਨੂੰ ਤਾਂ ਭਾਵੇਂ ਅਪਨਾਈ ਰੱਖਿਆ, ਪਰ ਆਪਣੀ ਭਾਈਵਾਲ ਭਾਜਪਾ ਵਲੋਂ ਰਾਜਾਂ ਦੀ ਖੁਦਮੁਖਤਿਆਰੀ ਦੇ ਹੱਕ ਨੂੰ ਜਦੋਂ ਵੀ ਸੱਟ ਮਾਰੀ, ਉਦੋਂ ‘ਬਾਦਲ ਪਰਿਵਾਰ’ ਨੇ ਆਪਣੇ ਬੁਲ੍ਹ ਸੀਤੇ ਰੱਖੇ, ਜਿਸ ਨਾਲ ਸ਼੍ਰੋਮਣੀ ਅਕਾਲੀ ਦਲ ਦਾ ਅਕਸ ਲੋਕਾਂ ਵਿਚੋਂ ਲਗਾਤਾਰ ਡਿੱਗਿਆ ਹੈ।

## ਸਿੱਖ ਵਿਚਾਰ ਮੰਚ ਚੰਡੀਗੜ੍ਹ ਵੱਲੋਂ ਮੋਦੀ ਸਰਕਾਰ ਦੀ ਤਾਨਾਸ਼ਾਹੀ ਵਿਰੁਧ ਲਾਮਬੰਦ ਹੋਣ ਦੀ ਅਪੀਲ

ਮਸਲਿਆਂ ਦੇ ਇੰਚਾਰਜ ਰਾਮ ਮਾਧਵ ਦਾ ਕਸ਼ਮੀਰ ਬਾਰੇ ਦਿਤਾ ਗਿਆ ਇਹ ਬਿਆਨ ਹੈ, ਕਿ ‘ਲਾਤੋਂ ਕੇ ਭੂਤ ਬਾਤੋਂ ਸੇ ਨਹੀਂ ਮਾਨਤੇਂ’। ਇਸ ਦਾ ਮਤਲਬ ਹੈ ਕਿ ਪਾਰਟੀ ਕਿਸੇ ਵੀ ਸੂਰਤ ਵਿਚ ਕਸ਼ਮੀਰੀ ਲੋਕਾਂ ਨੂੰ ਕੋਈ ਵੀ ਰਾਹਤ ਦੇਣ ਨੂੰ ਤਿਆਰ ਨਹੀਂ। ਅਗਸਤ ਮਹੀਨੇ ਤੋਂ ਆਰੰਭ ਕਰਕੇ ਮੋਦੀ ਸਰਕਾਰ ਲਗਾਤਾਰ ਦੇਸ ਵਿਚ ਰਹਿੰਦੇ ਲਗਪਗ 18 ਕਰੋੜ ਮੁਸਲਮਾਨਾਂ ਦੇ ਸਵੈਮਾਣ ਨੂੰ ਕੁਚਲ ਰਹੀ ਹੈ। ਨਾਗਿਰਕਤਾ ਸੋਧ ਕਾਨੂੰਨ, ਰਾਸ਼ਟਰੀ ਨਾਗਰਿਕ ਰਜਿਸਟਰ ਤੇ ਇਹ ਜੁਲਮ-ਜਬਰ ਸਾਰੇ ਏਧਰ ਨੂੰ ਸੇਧਤ ਹਨ। ਹਾਲਾਂ ਕਿ ਯੂਨਾਈਟਡ ਨੇਸ਼ਨਜ ਨੇ ਮੋਦੀ ਸਰਕਾਰ ਨੂੰ ਚੇਤੇ ਕਰਵਾਇਆ ਹੈ ਕਿ ਇਹ ਸਾਰੇ ਕਾਨੂੰਨ ਭਾਰਤ ਸਰਕਾਰ ਵਲੋਂ ਕੋਮਾਂਤਰੀ ਇਕਰਾਰਨਾਮਿਆਂ ਉਤੇ ਕੀਤੇ ਗਏ ਦਸਖਤਾਂ ਦੇ ਉਲਟ ਹਨ। ਅਮਰੀਕਾ ਦੇ ‘ਆਲਮੀ ਧਾਰਮਿਕ ਆਜਾਦੀ ਕਮਿਸ਼ਨ’ ਤੇ ਬਿਦੇਸੀ ਮਾਮਲਿਆਂ ਦੀ ਕਮੇਟੀ ਨੇ ਵੀ ਇਸ ਕਾਨੂੰਨ ਨੂੰ ਲਾਗੂ ਕਰਨ ਦੀ ਨਿਖੇਧੀ ਕੀਤੀ ਹੈ। ਬੰਗਲਾ ਦੇਸ ਦੇ ਦੋ ਮੰਤਰੀਆਂ ਨੇ ਇਸ ਦੇ ਰੋਸ ਵਜੋਂ ਭਾਰਤ ਦੇ ਆਪਣੇ ਦੌਰੇ ਰਦ ਕਰ ਦਿਤੇ ਹਨ। ਜਾਪਾਨ ਦੇ ਪ੍ਰਧਾਨ ਮੰਤਰੀ ਸ਼ਿੰਜੋ ਐਬੇ ਦਾ ਸਰਕਾਰੀ ਦੌਰਾ ਰਦ ਕਰਨਾ ਪਿਆ ਹੈ। ਪਰ ਇਸਦੇ ਬਾਵਜੂਦ ਮੋਦੀ ਸਰਕਾਰ ਆਪਣੇ ਇਸ ਵਿਧਾਨ ਵਿਰੋਧੀ ਫੈਸਲੇ ਪ੍ਰਤੀ ਬਜਿਦ ਹੈ। ਦਰਅਸਲ ਇਹ ਵਿਧਾਨ ਵਿਚ ਦਾਖਲ ਕੀਤੀ ਜਾ ਰਹੀ ਆਰ ਐਸ ਐਸ ਦੀ ਮਨੂਵਾਦੀ ਸੋਚ ਦਾ ਸਿਧਾ ਪ੍ਰਗਟਾਵਾ ਹੈ। ਇਹ ਸੋਧ ਦੇਸ ਅਤੇ ਇਸ ਖੇਤਰ ਦੇ ਅਮਨ-ਚੈਨ ਨੂੰ ਲਾਂਬੂ ਲਾ ਸਕਦੀ ਹੈ। ਪਰ ਕਿਉਂਕਿ ਮੋਦੀ ਸਰਕਾਰ ਕੋਲ ਦੇਸ ਦੀਆਂ ਆਰਥਿਕ ਸਮਸਿਆਵਾਂ ਸਮੇਤ ਦੇਸ ਦੀਆਂ ਸਮਾਜੀ ਅਤੇ ਸਭਿਆਚਾਰਕ ਸਮਸਿਆਵਾਂ ਦਾ ਕੋਈ ਹਲ ਨਹੀਂ ਹੈ, ਇਸ ਲਈ ਉਹ ਲੋਕਾਂ ਨੂੰ ਭਰਾਮਾਰੂ ਲੜਾਈ ਵਿਚ ਉਲਝਾ ਕੇ ਦੇਸ ਉਤੇ ਰਾਜ ਕਰਨਾ ਚਾਹੁੰਦੀ ਹੈ। ਸਿਖ ਵਿਚਾਰ ਮੰਚ ਨੇ ਦੇਸ ਭਰ ਦੇ ਇਨਕਲਾਬੀ ਤੇ ਜਮਹੂਰੀ ਲੋਕਾਂ ਤੇ ਖਾਸ ਕਰਕੇ ਸਿਖਾਂ ਸਮੇਤ ਸਾਰੀਆਂ ਧਾਰਮਿਕ ਘਟ ਗਿਣਤੀਆਂ ਤੇ ਬਹੁਜਨ ਸਮਾਜ ਨੂੰ ਅਪੀਲ ਕੀਤੀ ਹੈ ਕਿ ਉਹ ਮੋਦੀ ਸਰਕਾਰ ਦੀਆਂ ਇਹਨਾਂ ਨੀਤੀਆਂ ਦਾ ਡਟ ਕੇ ਵਿਰੋਧ ਕਰਨ ਨਹੀਂ ਤੇ ਤਬਾਹੀ ਅਤੇ ਬਰਬਾਦੀ ਵਲ ਵਧ ਰਹੇ ਇਸ ਦੇਸ ਨੂੰ ਕਿਵੇਂ ਵੀ ਰੋਕਿਆ ਨਹੀਂ ਜਾ ਸਕੇਗਾ। ਇਸ ਪ੍ਰੈਸ ਮਿਲਣੀ ਵਿਚ ਗੁਰਤੇਜ ਸਿੰਘ, ਡਾ. ਗੁਰਦਰਸ਼ਨ ਸਿੰਘ ਢਿੱਲੋਂ, ਪ੍ਰੋ. ਮਨਜੀਤ ਸਿੰਘ, ਮਾਲਵਿੰਦਰ ਸਿੰਘ ਮਾਲੀ, ਗੁਰਪ੍ਰੀਤ ਸਿੰਘ, ਪ੍ਰਧਾਨ ਇੰਸਟੀਚਿਊਟ ਆਫ ਸਿੱਖ ਸਟੱਡੀਜ਼, ਜਸਪਾਲ ਸਿੰਘ ਸਿੱਧੂ, ਜਥੇਦਾਰ ਗੁਰਨਾਮ ਸਿੰਘ ਸਿੱਧੂ, ਮੌਲਵੀ ਮੁਹੰਮਦ ਇਮਰਾਨ, ਡਾ. ਮੁਹੰਮਦ ਖਾਲਿਦ, ਕਾਜ਼ੀ ਸ਼ਮਸ਼ੇਰ ਬੁੜੈਲ ਸ਼ਾਮਲ ਹੋਏ।

## ਗ਼ਦਰ ਪਾਰਟੀ ਦੀ ਨੀਂਹ ਦਾ ਇੱਕ ਪੱਥਰ ‘ਭਾਈਆਂ ਵਾਲਾ ਡੇਰਾ’

ਥੋੜ੍ਹੇ ਸਮੇਂ ਵਿੱਚ ਹੀ ਹੋਲਟ ਖੇਤੀ ਫਾਰਮ ਸ਼ਾਂਤ ਸਾਗਰ ਦੇ ਕੰਢੇ ਵੱਲ ਕੰਮ ਦੀ ਭਾਲ ਵਿੱਚ ਆਉਣ ਵਾਲੇ ਅਨਪੜ੍ਹ ਅਤੇ ਅੱਧਪੜ੍ਹ ਪੰਜਾਬੀ ਕਾਮਿਆਂ ਲਈ ਵੱਡੀ ਠਾਹਰ ਬਣ ਗਿਆ। ਹਰ ਪੰਜਾਬੀ ਕਾਮੇ ਦੀ ਪਹਿਲੀ ਚੋਣ ਹੋਲਟ ਖੇਤੀ ਫਾਰਮ ਹੀ ਹੁੰਦੀ। ਹੋਲਟ ਖੇਤੀ ਫਾਰਮ ਦੇ ਮੁਖੀ ਭਾਈ ਜਵਾਲਾ ਸਿੰਘ ਅਤੇ ਭਾਈ ਵਿਸਾਖਾ ਸਿੰਘ ਦੇ ਨਾਂਵਾਂ ਨਾਲ ਲੱਗੇ ‘ਭਾਈ’ ਸ਼ਬਦ ਕਾਰਨ ਇਸ ਫਾਰਮ ਦਾ ਨਾਂ ‘ਭਾਈਆਂ ਵਾਲਾ ਡੇਰਾ’ ਪੈ ਗਿਆ।

ਹੋਲਟ ਖੇਤੀ ਫਾਰਮ ਉੱਤੇ ਗੁਰਦੁਆਰੇ ਦੀ ਸਥਾਪਨਾ: ਹੋਲਟ ਫਾਰਮ ਵਾਲੇ ਦੇਸ਼ਭਗਤ ਪੰਜਾਬੀਆਂ ਨੂੰ ਗੁਆਂਢੀ ਦੇਸ਼ ਕੈਨੇਡਾ ਵਿੱਚ ਵੈਨਕੂਵਰ ਸਥਿਤ ਗੁਰਦੁਆਰੇ, ਜਿਸ ਦੀ ਸਥਾਪਨਾ 1908 ਵਿੱਚ ਹੋਈ ਸੀ, ਵਿੱਚ ਮਿਲ ਬੈਠ ਕੇ ਕੈਨੇਡਾ ਵੱਸਦੇ ਹਿੰਦੀਆਂ ਨੂੰ ਦਰਪੇਸ਼ ਮੁਸ਼ਕਿਲਾਂ ਨੂੰ ਵਿਚਾਰਨ, ਉਨ੍ਹਾਂ ਦੇ ਨਿਵਾਰਣ ਲਈ ਰਾਹ ਲੱਭਣ ਅਤੇ ਦੇਸ਼ ਦੀ ਆਜ਼ਾਦੀ ਲਈ ਕੀਤੀਆਂ ਜਾ ਰਹੀਆਂ ਸਰਗਰਮੀਆਂ ਦੀ ਕਨਸੋ ਸੀ। ਸ਼ਾਇਦ ਇਸ ਤੋਂ ਪ੍ਰੇਰਨਾ ਲੈਂਦਿਆਂ ਉਨ੍ਹਾਂ ਨੇ ਵੀ ਫਾਰਮ ਉੱਤੇ ਗੁਰਦੁਆਰਾ ਸਥਾਪਿਤ ਕਰਨ ਦੀ ਸਲਾਹ ਕੀਤੀ ਅਤੇ ਇਸ ਵਿਚਾਰ ਨੂੰ ਅਮਲੀ ਰੂਪ ਦੇਣ ਲਈ ਆਪਸ ਵਿੱਚ ਡਿਊਟੀਆਂ ਵੰਡ ਲਈਆਂ। ਇਸ ਅਨੁਸਾਰ ਬਾਬਾ ਜੁਆਲਾ ਸਿੰਘ ਪ੍ਰਧਾਨ, ਬਾਬਾ ਵਸਾਖਾ ਸਿੰਘ ਮੀਤ ਪ੍ਰਧਾਨ, ਭਾਈ ਸੰਤੋਖ ਸਿੰਘ ਸਕੱਤਰ ਅਤੇ ਨੰਦ ਸਿੰਘ ਨੂੰ ਖ਼ਜ਼ਾਨਚੀ ਥਾਪਿਆ ਗਿਆ। ਗ੍ਰੰਥੀ ਵਜੋਂ ਸੇਵਾ ਭਾਈ ਹਜ਼ਾਰਾ ਸਿੰਘ ਨੂੰ ਸੌਂਪੀ ਗਈ। ਇਸ ਗੁਰਦੁਆਰੇ ਵਿੱਚ 27 ਦਸੰਬਰ 1911 ਨੂੰ ਮਨਾਏ ਗਏ ਦਸਮ ਪਿਤਾ ਗੁਰੂ ਗੋਬਿੰਦ ਸਿੰਘ ਦੇ ਜਨਮ ਪੁਰਬ ਸਮੇਂ ਲਾਲਾ ਹਰਦਿਆਲ ਅਤੇ ਭਾਈ ਪਰਮਾ ਨੰਦ ਨੇ ਵੀ ਹਾਜ਼ਰੀ ਭਰੀ।

ਦੇਸ਼ ਸੇਵਾ ਦੇ ਰਾਹ ‘ਤੇ: ਹੋਲਟ ਖੇਤੀ ਫਾਰਮ ਵਿੱਚ ਸਥਾਪਿਤ ਇਹ ਗੁਰਦੁਆਰਾ ਸਿਰਫ਼ ਪਾਠ ਕਰਨ ਵਾਲਾ ਰਵਾਇਤੀ ਧਰਮ ਸਥਾਨ ਹੀ ਨਹੀਂ ਸੀ, ਸਗੋਂ ਇਸ ਨੂੰ ‘ਵਿਦਿਆਰਥੀਆਂ ਲਈ ਸਕੂਲ, ਰੋਗੀਆਂ ਲਈ ਸ਼ਫਾਖ਼ਾਨਾ, ਭੁੱਖਿਆਂ ਲਈ ਅੰਨਪੂਰਣਾ ਅਤੇ ਮੁਸਾਫ਼ਰਾਂ ਲਈ ਵਿਸ਼ਰਾਮ ਦਾ ਅਸਥਾਨ’ ਦੇ ਰੂਪ ਵਿੱਚ ਸੰਕਲਪਿਆ ਗਿਆ ਸੀ। ਮਾਸਿਕ ਇਸ ਡੇਰੇ ਬਾਰੇ ਬਾਬਾ ਸੋਹਨ ਸਿੰਘ ਭਕਨਾ ਦੱਸਦੇ ਹਨ, ‘ਜਦੋਂ ਕਦੀ ਸਾਡੇ ਕੱਪੜੇ ਖ਼ਰਾਬ ਹੋ ਜਾਂਦੇ ਸਨ ਜਾਂ ਇੱਕ ਅੱਧਾ ਦਿਨ ਵਿਸ਼ਰਾਮ ਕਰਨ ਦੀ ਲੋੜ ਹੁੰਦੀ ਸੀ ਤਾਂ ਭਾਈ ਵਿਸਾਖਾ ਸਿੰਘ ਤੇ ਜਵਾਲਾ ਸਿੰਘ ਦੇ ਘਰ ਆ ਕੇ ਟਿਕਦੇ ਸਾਂ ਤੇ ਉੱਥੇ ਹੀ ਕੱਪੜੇ ਸਾਫ਼ ਕਰਦੇ ਸਾਂ। ਮੇਰੀ ਜਾਚੇ ਕੈਲੇਫੋਰਨੀਆ ਵਿੱਚ ਸ਼ਾਇਦ ਹੀ ਕੋਈ ਦੇਸ਼ ਭਗਤ ਹੋਵੇ, ਜਿਸ ਨੇ ਇਸ ਘਰ ਵਿੱਚ ਦੋ ਚਾਰ ਦਿਨ ਆ ਕੇ ਸੁਖਾਸਨ ਨਾ ਕੀਤਾ ਹੋਵੇ ਤੇ ਪ੍ਰੇਮ ਪ੍ਰਸ਼ਾਦ ਨਾ ਛਕਿਆ ਹੋਵੇ। ਵਿਦਿਆਰਥੀ ਵੀ ਛੁੱਟੀਆਂ ਵਿੱਚ ਅਕਸਰ ਇੱਥੇ ਆ ਜਾਇਆ ਕਰਦੇ ਸਨ।' ਜਦੋਂ ਸਾਨ ਫਰਾਂਸਿਸਕੋ ਵਿੱਚ ਗ਼ਦਰ ਆਸ਼ਰਮ ਸਥਾਪਿਤ ਹੋਇਆ ਤਾਂ ਆਸ਼ਰਮ ਦੇ ਲੰਗਰ ਵਾਸਤੇ ਲੋੜੀਂਦੀ ਸਮੱਗਰੀ ਹੋਲਟ ਫਾਰਮ ਤੋਂ ਭੇਜੀ ਜਾਂਦੀ ਸੀ।

ਹੋਲਟ ਖੇਤੀ ਫਾਰਮ ਦੀਆਂ ਗੁਪਤ ਸਰਗਰਮੀਆਂ: ਗ਼ਦਰ ਪਾਰਟੀ ਦੀ ਸਥਾਪਨਾ ਹੋ ਗਈ ਤਾਂ ਗ਼ਦਰੀਆਂ ਨੇ ਹੋਲਟ ਫਾਰਮ ਨੂੰ ਬੰਬ ਬਣਾਉਣ ਅਤੇ ਆਤਸ਼ੀ ਹਥਿਆਰ ਚਲਾਉਣ ਦੀ ਸਿਖਲਾਈ ਦੇਣ ਵਰਗੇ ਕੰਮਾਂ ਦਾ ਅੱਡਾ ਬਣਾ ਲਿਆ। ਗ਼ਦਰ ਲਹਿਰ ਬਾਰੇ ਸੂਚਨਾ ਇਕੱਠੀ ਕਰਨ ਵਾਲੇ ਤਤਕਾਲੀਨ ਅੰਗਰੇਜ਼ ਅਧਿਕਾਰੀਆਂ ਆਈਸਮੋਂਗਰ ਅਤੇ ਸਲੇਟਰੀ ਅਨੁਸਾਰ, “ਅਮਰ ਸਿੰਘ, ਜਵਾਲਾ ਸਿੰਘ ਦਾ ਨਜ਼ਦੀਕੀ ਦੋਸਤ ਸੀ ਅਤੇ ਬੰਬ ਬਣਾਉਣ ਦਾ ਤਜਰਬਾ ਕਰਨ ਲਈ ਜਵਾਲਾ ਸਿੰਘ ਦੇ ਘਰ ਜਾਇਆ ਕਰਦਾ ਸੀ।' ਇੱਥੇ ਹੀ ਬੰਬ ਬਣਾਉਣ ਦਾ ਤਜਰਬਾ ਕਰਦਿਆਂ ਭਾਈ ਹਰਨਾਮ ਸਿੰਘ ਕੋਟਲਾ ਨੌਧ ਸਿੰਘ ਦਾ ਇੱਕ ਹੱਥ ਕੱਟਿਆ ਗਿਆ। ਅਕਤੂਬਰ 1914 ਤੱਕ ਹੋਲਟ ਫਾਰਮ ਦੇ ਸੰਸਥਾਪਕ ਗ਼ਦਰ ਪਾਰਟੀ ਦੇ ਸੱਦੇ ਉੱਤੇ ਹਿੰਦੁਸਤਾਨ ਵੱਲ ਚਲੇ ਗਏ ਤਾਂ ਹੋਲਟ ਖੇਤੀ ਫਾਰਮ ਦੀ ਜ਼ਿੰਮੇਵਾਰੀ ਨੰਦ ਸਿੰਘ ਪਿੰਡ ਲਿੱਧੜਾਂ ਜ਼ਿਲ੍ਹਾ ਹੁਸ਼ਿਆਰਪੁਰ ਨੇ ਸੰਭਾਲੀ। ਗ਼ਦਰ ਡਾਇਰੈਕਟਰੀ ਅਨੁਸਾਰ ਨੰਦ ਸਿੰਘ ਲਿੱਧੜਾਂ ਨੇ ਹੋਲਟ ਫਾਰਮ ਉੱਤੇ 29 ਜਨਵਰੀ 1915 ਨੂੰ ਗ਼ਦਰੀਆਂ ਦੀ ਇੱਕ ਮੀਟਿੰਗ ਕੀਤੀ ਗਈ।

ਇਸ ਮੀਟਿੰਗ ਦਾ ਮੁੱਖ ਬੁਲਾਰਾ ਵੀ ਉਹ ਖ਼ੁਦ ਸੀ। ਇਸ ਮੀਟਿੰਗ ਨੂੰ ਸੰਬੋਧਨ ਕਰਨ ਵਾਲੇ ਕੁਝ ਹੋਰ ਬੁਲਾਰਿਆਂ ਵਿੱਚ ਕਰਤਾਰ ਸਿੰਘ, ਕੇਦਾਰ ਨਾਥ ਸੋਂਧੀ, ਊਧੋ ਰਾਮ, ਜਗਤ ਸਿੰਘ, ਮੁਕੰਦ ਲਾਲ ਪਾਠਕ, ਮਿਹਰ ਸਿੰਘ, ਮੇਲਾ ਸਿੰਘ ਬਲ, ਪੂਰਨ ਸਿੰਘ ‘ਜਾਰਜ’, ਵਤਨ ਚੰਦ, ਗੋਪਾਲ ਸਿੰਘ ਸੋਹੀਆਂ ਆਦਿ ਸਨ। ਹੋਲਟ ਖੇਤੀ ਫਾਰਮ ਅਤੇ ਇੱਥੇ ਸਥਾਪਿਤ ਗੁਰਦੁਆਰਾ ਪੰਜਾਬੀ ਦੇਸ਼-ਭਗਤਾਂ ਦਾ ਅੱਡਾ ਬਣਿਆ ਜਿਨ੍ਹਾਂ ਨੇ ਦੇਸ਼ ਪਿਆਰ ਦੀ ਭਾਵਨਾ ਨੂੰ ਪ੍ਰਬਲ ਰੂਪ ਦੇਣ ਲਈ ਮਹੱਤਵਪੂਰਨ ਯੋਗਦਾਨ ਪਾਇਆ।

## ਇੰਡੀਅਨ ਓਵਰਸੀਜ਼ ਕਾਂਗਰਸ ਵਲੋਂ ਭਾਰਤੀ ਕੌਂਸਲਖਾਨੇ ਮੂਹਰੇ ‘ਭਾਰਤ ਬਚਾਓ’ ਰੈਲੀ

ਹਨ। ਉਨ੍ਹਾਂ ਇਹ ਵੀ ਦੋਸ਼ ਲਾਇਆ ਕਿ ਮੋਦੀ ਸਰਕਾਰ ਦੇਸ਼ ਦੇ ਲੋਕਾਂ ਦਾ ਧਿਆਨ ਹੋਰਨਾਂ ਮੁੱਦਿਆਂ ਵੱਲ ਲਿਜਾਣ ਦੀ ਕੋਸ਼ਿਸ਼ ਕਰ ਰਹੀ ਹੈ ਅਤੇ ਇਹ ਦੇਸ਼ ਨੂੰ ਫਿਰਕੂ ਲੀਹਾਂ ਤੇ ਵੰਡਣ ਦੀ ਕੋਸ਼ਿਸ਼ ਕਰ ਰਹੀ ਹੈ। ਪਾਰਟੀ ਦੇ ਜਨਰਲ ਸਕੱਤਰ ਹਰਬਚਨ ਸਿੰਘ ਨੇ ਕਿਹਾ ਕਿ ਕਾਰਖਾਨੇ ਬੰਦ ਹੋ ਰਹੇ ਹਨ ਅਤੇ ਭਾਰਤ ਦੀ ਕੁੱਲ ਘਰੇਲੂ ਪੈਦਾਵਾਰ ਵੀ 4.5% ਤੇ ਆ ਗਈ ਹੈ। ਉਨ੍ਹਾਂ ਕਿਹਾ ਕਿ ਨਰੇਂਦਰ ਮੋਦੀ ਸਿਰਫ਼ ਆਰਥਿਕਤਾ ਨੂੰ ਹੀ ਨਹੀਂ ਡੁਬੋ ਰਹੇ ਸਗੋਂ ਜਮਹੂਰੀਅਤ ਦਾ ਵੀ ਘਾਣ ਕਰ ਰਹੇ ਹਨ। ਇਸ ਰੈਲੀ ਨੂੰ ਹੋਰਨਾਂ ਤੋਂ ਇਲਾਵਾ ਸਕੱਤਰ ਰਾਜਿੰਦਰ ਦਿਸ਼ਪੱਲੀ, ਪੰਜਾਬ ਚੈਪਟਰ ਦੇ ਪ੍ਰਧਾਨ ਗੁਰਮੀਤ ਗਿੱਲ ਮੁੱਲਾਂਪੁਰ, ਉਪ ਪ੍ਰਧਾਨ ਫੁੰਮਣ ਸਿੰਘ, ਰਾਜੇਸ਼ ਅਲਾਦਦ, ਪ੍ਰਦੀਪ ਸਮਾਲਾ, ਜੌਨ ਜੌਸਫ਼ ਅਤੇ ਸਵਰਨ ਸਿੰਘ ਨੇ ਵੀ ਸੰਬੋਧਨ ਕੀਤਾ। ਪੰਜਾਬ ਚੈਪਟਰ ਦੇ ਚੇਅਰਮੈਨ ਸਤੀਸ਼ ਸ਼ਰਮਾ, ਕੇਰਲਾ ਚੈਪਟਰ ਦੇ ਪ੍ਰਧਾਨ ਲੀਲਾ ਮਾਰੇਟ, ਤੇਲੰਗਾਨਾ ਦੇ ਪ੍ਰਧਾਨ ਰਾਜੇਸ਼ਵਰ ਰੈਡੀ, ਗੁਜਰਾਤ ਦੇ ਪ੍ਰਧਾਨ ਜਾਵੇਸ਼ ਪਾਟੇਲ, ਦਿੱਲੀ ਦੇ ਪ੍ਰਧਾਨ ਸੰਦੀਪ ਕੁਮਾਰ, ਸੀਨੀਅਰ ਆਗੂਆਂ, ਗੁਰਮੀਤ ਬੁੱਟਰ, ਕ੍ਰਿਸ ਅਰੋੜਾ, ਵਿਜੇ ਨਾਡੇਲਾ, ਪੱਪੀ ਬਦੇਸ਼ਾ, ਮਨੋਜ ਸ਼ਿੰਦੇ, ਵਿਨੇ ਵਿਕਾਸ ਅਤੇ ਧਨੰਜੇ ਨਵਾਦਨਰ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ।

## ਨਾਗਰਿਕਤਾ ਕਾਨੂੰਨ ਕਾਰਨ ਭਾਰਤ ’ਚ ਫੈਲੀ ਹਿੰਸਾ

ਜ਼ਖ਼ਮੀ ਹੋ ਗਏ। ਪ੍ਰਦਰਸ਼ਨਾਂ ਤੋਂ ਬਾਅਦ ਜਾਮੀਆ ਮਿਲੀਆ ਇਸਲਾਮੀਆ ਯੂਨੀਵਰਸਿਟੀ ਨੂੰ ਬੰਦ ਕਰ ਦਿੱਤਾ ਗਿਆ। ਇਸ ਸਬੰਧੀ ਜਾਮੀਆ ਮਿਲੀਆ ਇਸਲਾਮੀਆ ਵਿਦਿਆਰਥੀ ਸੰਗਠਨ ਨੇ ਕਿਹਾ ਕਿ ਉਨ੍ਹਾਂ ਦਾ ਇਸ ਹਿੰਸਾ ਨਾਲ ਕੋਈ ਲੈਣਾ-ਦੇਣਾ ਨਹੀਂ ਹੈ। ਉਨ੍ਹਾਂ ਦੱਸਿਆ ਕਿ ਸੰਘ ਪਰਿਵਾਰ ਦੇ ਤੱਤਾਂ ਨੇ ਵਿਦਿਆਰਥੀਆਂ ਦਾ ਅੰਦੋਲਨ ਫੇਲ ਕਰਨ ਲਈ ਪ੍ਰਦਰਸ਼ਨ ਵਿਚ ਸ਼ਮੂਲੀਅਤ ਕੀਤੀ ਤੇ ਇਸ ਨੂੰ ਹਿੰਸਕ ਰੂਪ ਦਿੱਤਾ। ਜਾਮੀਆ ਯੂਨੀਵਰਸਿਟੀ ਵਿਚ ਨਾਗਰਿਕਤਾ ਕਾਨੂੰਨ ਦੇ ਵਿਰੋਧ ਵਿਚ ਪ੍ਰਦਰਸ਼ਨ ਕਰ ਰਹੇ ਵਿਦਿਆਰਥੀਆਂ ’ਤੇ ਪੁਲਿਸ ਦੀ ਜ਼ਾਲਮਾਨਾ ਕਾਰਵਾਈ ਦੀ ਸਿਆਸੀ ਪਾਰਟੀਆਂ ਵਲੋਂ ਨਿੰਦਾ ਕੀਤੀ ਜਾ ਰਹੀ ਹੈ। ਪੁਲਸ ਦੀਆਂ ਧਾੜਾਂ ਨੇ ਯੂਨੀਵਰਸਿਟੀ ਅੰਦਰ ਦਾਖ਼ਲ ਹੋ ਕੇ ਵਿਦਿਆਰਥੀਆਂ ਉੱਤੇ ਅੰਨ੍ਹਾ ਤਸ਼ੱਦਦ ਕੀਤਾ। 100 ਦੇ ਕਰੀਬ ਵਿਦਿਆਰਥੀ ਜ਼ਖ਼ਮੀ ਹੋਏ ਹਨ। ਬਹੁਤ ਸਾਰੇ ਗੰਭੀਰ ਜ਼ਖ਼ਮੀ, ਜਿਨ੍ਹਾਂ ਦੀਆਂ ਲੱਤਾਂ-ਬਾਹਾਂ ਤੋੜ ਦਿੱਤੀਆਂ, ਹਸਪਤਾਲਾਂ ਵਿੱਚ ਦਾਖਲ ਹਨ।

ਇੱਕ ਵੀਡੀਓ ਵਿੱਚ ਇੱਕ ਘਰ ਵਿੱਚ ਵੜੇ ਵਿਦਿਆਰਥੀਆਂ, ਜਿਨ੍ਹਾਂ ਵਿੱਚ ਇੱਕ ਲੜਕਾ ਤੇ 5-6 ਲੜਕੀਆਂ ਸਨ, ਨੂੰ ਬੇਰਹਿਮੀ ਨਾਲ ਕੁੱਟਿਆ ਜਾ ਰਿਹਾ ਹੈ। ਕੁੱਟਣ ਵਾਲਿਆਂ ਵਿੱਚ ਇੱਕ ਵਿਅਕਤੀ, ਜੋ ਬਿਨਾਂ ਵਰਦੀ ਦੇ ਹੈ ਤੇ ਹੈਲਮਟ ਪਾਇਆ ਹੋਇਆ ਹੈ, ਡਾਂਗਾਂ ਵਰ੍ਹਾ ਰਿਹਾ ਹੈ। ਪੁਲਸ ਟੁਕੜੀ ਨਾਲ ਇਹ ਵਿਅਕਤੀ ਕੌਣ ਸੀ, ਇਸ ਬਾਰੇ ਪੁਲਸ ਨੂੰ ਸਪੱਸ਼ਟ ਕਰਨਾ ਚਾਹੀਦਾ ਹੈ। ਇੱਕ ਹੋਰ ਵੀਡੀਓ ਵਿੱਚ ਪੁਲਸ ਪਾਰਟੀ ਵਿੱਚ ਸ਼ਾਮਲ ਮੁਲਾਜ਼ਮਾਂ ਨੇ ਆਪਣੇ ਮੂੰਹ ਕੱਪੜੇ ਨਾਲ ਢਕੇ ਹੋਏ ਹਨ, ਜੇਕਰ ਇਹ ਪੁਲਸ ਵਾਲੇ ਸਨ ਤਾਂ ਉਨ੍ਹਾਂ ਨੂੰ ਆਪਣੇ ਮੂੰਹ ਛੁਪਾਉਣ ਦੀ ਜ਼ਰੂਰਤ ਕਿਉਂ ਪਈ? ਜਾਂ ਤਾਂ ਇਹ ਪੁਲਸ ਵਰਦੀ ਵਿੱਚ ਬਾਹਰੀ ਵਿਅਕਤੀ ਲਿਆਂਦੇ ਗਏ ਸਨ ਜਾਂ ਪੁਲਸ ਆਪਣੀਆਂ ਕਰਤੂਤਾਂ ’ਤੇ ਪਰਦਾ ਪਾਉਣ ਲਈ ਅਜਿਹਾ ਕਰ ਰਹੀ ਸੀ। ਯੂਨੀਵਰਸਿਟੀ ਦੀ ਵਾਈਸ ਚਾਂਸਲਰ ਨੇ ਕਿਹਾ ਹੈ ਕਿ ਉਹ ਪੁਲਸ ਦੀ ਇਸ ਜ਼ਾਲਮਾਨਾ ਕਾਰਵਾਈ ਵਿਰੁੱਧ ਕੇਸ ਦਰਜ ਕਰਵਾਏਗੀ। ਹਾਲੀਵੁੱਡ ਸਟਾਰ ਜਾਨ ਕੁਸੈਕ, ਫਿਲਮ ਨਿਰਦੇਸ਼ਕ ਅਨੁਰਾਗ ਕਸ਼ਿਅਪ, ਸੁਧੀਰ ਮਿਸ਼ਰਾ ਅਤੇ ਅਭਿਨੇਤਰੀ ਤਾਪਸੀ ਪੰਨੂ ਅਤੇ ਕੋਂਕਣਾ ਸੇਨ ਸ਼ਰਮਾ ਸਮੇਤ ਕਈ ਲੋਕਾਂ ਨੇ ਵਿਦਿਆਰਥੀਆਂ ਦਾ ਸਮਰਥਨ ਕਰਦੇ ਹੋਏ ਯੂਨੀਵਰਸਿਟੀ ਕੰਪਲੈਕਸ ਵਿਚ ਹਿੰਸਾ ’ਤੇ ਨਾਰਾਜ਼ਗੀ ਪ੍ਰਗਟਾਈ ਹੈ।

ਸਹਿਮੀਆਂ ਹੋਈਆਂ ਵਿਦਿਆਰਥਣਾਂ ਨੇ ਕਿਹਾ ਕਿ ਉਹ ਹੋਸਟਲ ਛੱਡ ਕੇ ਜਾ ਰਹੀਆਂ ਹਨ। ਇਕ ਹੋਰ ਵਿਦਿਆਰਥਣ ਨੇ ਕਿਹਾ,“ਮੈਂ ਪੂਰੇ ਮੁਲਕ ਵਿਚ ਆਪਣੇ ਆਪ ਨੂੰ ਹੁਣ ਸੁਰੱਖਿਅਤ ਮਹਿਸੂਸ ਨਹੀਂ ਕਰਦੀ। ਮੈਨੂੰ ਨਹੀਂ ਪਤਾ ਕਿ ਮੈਂ ਕਿਥੇ ਜਾਵਾਂਗੀ ਅਤੇ ਕਿਤੇ ਮੈਂ ਹਜੂਮੀ ਹਿੰਸਾ (ਲਿੰਚਿੰਗ) ਦਾ ਸ਼ਿਕਾਰ ਨਾ ਬਣ ਜਾਵਾਂ।”

ਜਾਮੀਆ ਦੇ ਵਿਦਿਆਰਥੀਆਂ ਨੇ ਪੁਲੀਸ ਤਸ਼ੱਦਦ ਦੇ ਰੋਸ ਵਜੋਂ ਕਮੀਜ਼ਾਂ ਉਤਾਰ ਕੇ ਪ੍ਰਦਰਸ਼ਨ ਕੀਤਾ। ਇਸ ਤੋਂ ਪਹਿਲਾਂ ਵਿਦਿਆਰਥੀਆ ਨੇ ਮਨੁੱਖੀ ਲੜੀ ਬਣਾ ਕੇ ਵੀ ਨਾਗਰਿਕਤਾ ਕਾਨੂੰਨ ਪ੍ਰਤੀ ਆਪਣਾ ਵਿਰੋਧ ਪ੍ਰਦਰਸ਼ਿਤ ਕੀਤਾ।

ਲੁਧਿਆਣਾ ਦੀ ਇਤਿਹਾਸਕ ਜਾਮਾ ਮਸਜਿਦ ਤੋਂ ਡਿਪਟੀ ਕਮਿਸ਼ਨਰ ਲੁਧਿਆਣਾ ਦਫਤਰ ਤੱਕ ਸ਼ਹਿਰ ਦੀ ਸਾਰੀਆਂ ਮਸਜਿਦਾਂ ਦੇ ਮੈਂਬਰਾਂ ਨੇ ਸ਼ਾਹੀ ਇਮਾਮ ਪੰਜਾਬ ਮੌਲਾਨਾ ਹਬੀਬ ਉਰ ਰਹਿਮਾਨ ਸਾਨੀ ਲੁਧਿਆਣਵੀ ਦੀ ਅਗਵਾਈ ਵਿਚ ਰੋਸ ਮੁਜ਼ਾਹਰਾ ਕੀਤਾ। ਇਸ ਮੌਕੇ ਮਜਲਿਸ ਅਹਿਰਾਰ ਇਸਲਾਮ ਹਿੰਦ ਦੇ ਕੌਮੀ ਪ੍ਰਧਾਨ ਤੇ ਸ਼ਾਹੀ ਇਮਾਮ ਪੰਜਾਬ ਮੌਲਾਨਾ ਹਬੀਬ ਉਰ ਰਹਿਮਾਨ ਨੇ ਕਿਹਾ ਕਿ ਰੋਸ ਮਾਰਚ ਵਿਚ ਹਿੰਦੂ-ਸਿੱਖ ਤੇ ਦਲਿਤ ਭਰਾ ਵੀ ਹਿੱਸਾ ਲੈਣ।

ਭਾਜਪਾ ਅੰਦਰੋਂ ਵੀ ਅਵਾਜ਼ਾਂ ਉਠਣੀਆਂ ਸ਼ੁਰੂ ਹੋ ਗਈਆਂ ਹਨ। ਅਸਾਮ ਵਿਧਾਨ ਸਭਾ ਦੇ ਸਪੀਕਰ ਹਿਤੇਂਦਰ ਨਾਥ ਗੋਸਵਾਮੀ ਨੇ ਕਿਹਾ ਹੈ ਕਿ ਕਾਨੂੰਨ ਉੱਤੇ ਲੋਕਾਂ ਦਾ ਸ਼ੱਕ ਨਿਰਅਧਾਰ ਨਹੀਂ ਹੈ। ਇਸ ਦੇ ਲਾਗੂ ਹੋਣ ਨਾਲ ਭਾਈਚਾਰਕ ਫੁੱਟ ਪੈ ਸਕਦੀ ਹੈ। ਅਸਾਮ ਸਟੇਟ ਫ਼ਿਲਮ ਫਾਇਨੈਂਸ ਡਿਵੈੱਲਪਮੈਂਟ ਕਾਰਪੋਰੇਸ਼ਨ ਦੇ ਚੇਅਰਮੈਨ ਜਤਿਨ ਬੋਰਾ ਨੇ ਭਾਜਪਾ ਤੋਂ ਅਸਤੀਫ਼ਾ ਦੇ ਦਿੱਤਾ ਹੈ। ਐਕਟਰ ਜਤਿਨ ਬੋਰਾ ਨੇ ਕਿਹਾ ਕਿ ਮੇਰੀ ਭਾਸ਼ਾ ਤੇ ਸੰਸਕ੍ਰਿਤੀ ਮੇਰੇ ਲਈ ਸਭ ਕੁਝ ਹੈ। ਮੈਂ ਇਨ੍ਹਾਂ ਨੂੰ ਬਚਾਉਣ ਲਈ ਚੁੱਕੇ ਗਏ ਅਸਾਮ ਦੇ ਲੋਕਾਂ ਦੇ ਹਰ ਕਦਮ ਦੀ ਹਮਾਇਤ ਕਰਦਾ ਹਾਂ। ਇਸ ਤੋਂ ਪਹਿਲਾਂ ਅਸਾਮੀ ਅਭਿਨੇਤਾ ਰਵੀ ਸ਼ਰਮਾ ਨੇ ਵੀ ਭਾਜਪਾ ਵਿੱਚੋਂ ਅਸਤੀਫ਼ਾ ਦੇ ਦਿੱਤਾ ਸੀ।

ਅਮਰੀਕੀ ਵਿਦੇਸ਼ ਵਿਭਾਗ ਦੇ ਬੁਲਾਰੇ ਨੇ ਕਿਹਾ ਹੈ ਕਿ ਭਾਰਤ ਵਿਚ ਸੋਧੇ ਗਏ ਨਾਗਰਿਕਤਾ ਕਾਨੂੰਨ ਤੋਂ ਬਾਅਦ ਬਣੀ ਸਥਿਤੀ ’ਤੇ ਮੁਲਕ ‘ਨੇੜਿਓਂ ਨਜ਼ਰ’ ਰੱਖ ਰਿਹਾ ਹੈ। ਅਮਰੀਕਾ ਨੇ ਨਵੀਂ ਦਿੱਲੀ ਨੂੰ ਭਾਰਤ ਦੀਆਂ ਸੰਵਿਧਾਨਕ ਤੇ ਲੋਕਤੰਤਰਿਕ ਕਦਰਾਂ-ਕੀਮਤਾਂ ਮੁਤਾਬਕ ਧਾਰਮਿਕ ਘੱਟ ਗਿਣਤੀਆਂ ਦੇ ਹੱਕ ਸੁਰੱਖਿਅਤ ਕਰਨ ਦੀ ਅਪੀਲ ਕੀਤੀ ਹੈ। ਇਸ ਤੋਂ ਇਲਾਵਾ ਸੰਯੁਕਤ ਰਾਸ਼ਟਰ ਨੇ ਵੀ ਕਿਹਾ ਹੈ ਕਿ ਸੋਧ ਬਿੱਲ ਦੇ ਕਾਨੂੰਨ ਬਣਨ ਤੋਂ ਬਾਅਦ ਭਾਰਤ ਵਿਚ ਉਪਜ ਰਹੀ ਸਥਿਤੀ ਦੀ ਸੰਗਠਨ ਸਮੀਖ਼ਿਆ ਕਰ ਰਿਹਾ ਹੈ। ਨਾਗਰਿਕਤਾ ਕਾਨੂੰਨ ਬਾਰੇ ਪਾਕਿਸਤਾਨੀ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਵੱਲੋਂ ਕੀਤੀ ਟਿੱਪਣੀ ਦੀ ਭਾਰਤ ਵੱਲੋਂ ਨਿਖੇਧੀ ਦਾ ਜਵਾਬ ਦਿੰਦਿਆਂ ਪਾਕਿ ਨੇ ਕਿਹਾ ਕਿ ‘ਝੂਠ’ ਇਸ ਕਾਨੂੰਨ ਦਾ ਅਧਾਰ ਹੈ। ਇਮਰਾਨ ਨੇ ਕਿਹਾ ਸੀ ਕਿ ਭਾਰਤ ਦਾ ਇਹ ਸੋਧ ਬਿੱਲ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ‘ਹਿੰਦੂ ਕੱਟੜਵਾਦੀ ਏਜੰਡੇ’ ਦਾ ਅਗਲਾ ਕਦਮ ਹੈ ਤੇ ਇਹ ਕਾਨੂੰਨ ਮਨੁੱਖੀ ਹੱਕਾਂ ਨਾਲ ਜੁੜੇ ਸਾਰੇ ਨੇਮਾਂ ਦੀ ਉਲੰਘਣਾ ਕਰਦਾ ਹੈ। ਇਸ ਮਗਰੋਂ ਭਾਰਤ ਨੇ ਕਿਹਾ ਸੀ ਕਿ ਗੁਆਂਢੀ ਮੁਲਕ ਨੂੰ ਪਹਿਲਾਂ ਧਾਰਮਿਕ ਘੱਟ ਗਿਣਤੀਆਂ ਨਾਲ ਕੀਤੇ ਆਪਣੇ ਵਿਹਾਰ ’ਤੇ ਝਾਤੀ ਮਾਰਨੀ ਚਾਹੀਦੀ ਹੈ।

## ਸੇਂਗਰ ਦੋਸ਼ੀ ਕਰਾਰ

ਵਿਸ਼ੇਸ਼ ਕਾਨੂੰਨ ਤਹਿਤ ਚਲਾਇਆ ਗਿਆ ਮੁਕੱਦਮਾ ਸਹੀ ਸੀ। ਜੱਜ ਨੇ ਜਦੋਂ ਫ਼ੈਸਲਾ ਸੁਣਾਉਣਾ ਸ਼ੁਰੂ ਕੀਤਾ ਤਾਂ ਸਹਿ-ਮੁਲਜ਼ਮ ਸ਼ਸ਼ੀ ਸਿੰਘ ਬੇਹੋਸ਼ ਹੋ ਗਈ। ਅਦਾਲਤ ਨੇ ਇਹ ਵੀ ਕਿਹਾ ਕਿ ਪੀੜਤਾ ਵੱਲੋਂ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਨੂੰ ਚਿੱਠੀ ਲਿਖੇ ਜਾਣ ਤੋਂ ਬਾਅਦ ਉਸ ਦੇ ਪਰਿਵਾਰ ਵਾਲਿਆਂ ਖ਼ਿਲਾਫ਼ ਕਈ ਮੁਕੱਦਮੇ ਦਰਜ ਕੀਤੇ ਗਏ ਅਤੇ ਉਨ੍ਹਾਂ ‘ਤੇ ‘ਸੇਂਗਰ ਦੀ ਛਾਪ’ ਸੀ।

ਅਦਾਲਤ ਨੇ ਜਬਰ-ਜਨਾਹ ਕੇਸ ’ਚ ਸੀਬੀਆਈ ਵੱਲੋਂ ਚਾਰਜਸ਼ੀਟ ਦਾਖ਼ਲ ਕਰਨ ਵਿਚ ਕੀਤੀ ਗਈ ਦੇਰੀ ’ਤੇ ਵੀ ਹੈਰਾਨੀ ਜਤਾਈ ਜਿਸ ਕਾਰਨ ਸੇਂਗਰ ਅਤੇ ਹੋਰਾਂ ਖ਼ਿਲਾਫ਼ ਮੁਕੱਦਮਾ ਲੰਬਾ ਚਲਿਆ। ਪੋਕਸੋ ਦਾ ਜ਼ਿਕਰ ਕਰਦਿਆਂ ਅਦਾਲਤ ਨੇ ਕਿਹਾ ਕਿ ਕਾਨੂੰਨ ’ਚ ਕੁਝ ਵੀ ਗਲਤ ਨਹੀਂ ਹੈ ਪਰ ਇਸ ਨੂੰ ਜ਼ਮੀਨੀ ਪੱਧਰ ’ਤੇ ਅਸਰਦਾਰ ਢੰਗ ਨਾਲ ਲਾਗੂ ਕਰਨ ਅਤੇ ਸਬੰਧਤ ਅਧਿਕਾਰੀਆਂ ਵਿਚ ਮਾਨਵੀ ਰਵੱਈਏ ਦੀ ਘਾਟ ਕਰਕੇ ਅਕਸਰ ਅਜਿਹੇ ਹਾਲਾਤ ਬਣ ਜਾਂਦੇ ਹਨ ਜਿਥੇ ਇਨਸਾਫ਼ ’ਚ ਦੇਰੀ ਹੋ ਜਾਂਦੀ ਹੈ। ਅਦਾਲਤ ਮੁਤਾਬਕ ਸੀਬੀਆਈ ਖੁਦ ਜਾਂਚ ਅਤੇ ਇਸਤਗਾਸਾ ਨਾਲ ਜੁੜੀ ਨੇਮਾਵਲੀ ਦਾ ਪਾਲਣ ਨਹੀਂ ਕਰਦੀ ਹੈ। ਸੁਪਰੀਮ ਕੋਰਟ ਵੱਲੋਂ ਇਸ ਮਾਮਲੇ ਨੂੰ ਉਨਾਓ ਤੋਂ ਕੌਮੀ ਰਾਜਧਾਨੀ ’ਚ ਤਬਦੀਲ ਕੀਤੇ ਜਾਣ ਤੋਂ ਬਾਅਦ ਇਸ ਅਹਿਮ ਕੇਸ ਦੀ ਸੁਣਵਾਈ ਬੰਦ ਕਮਰੇ ’ਚ ਹੋਈ ਸੀ।

## ਕੈਲੀਫੋਰਨੀਆ ਦੇ ਸੈਲਮਾ ਸ਼ਹਿਰ ਦੇ ਸਰਕਾਰੀ ਸਕੂਲਾਂ ਵਿਚ ਹੋਵੇਗੀ ਪੰਜਾਬੀ ਦੀ ਪੜ੍ਹਾਈ ਸ਼ੁਰੂ

ਸਟੈਲਾ ਪਾਦਰੋਂ ਦੁਆਰਟੀ, ਬਲਜੀਤ ਕੌਰ ਅਤੇ ਸ੍ਰੀਮਤੀ ਡਾ. ਦਵਿੰਦਰ ਸਿੱਧੂ ਨੇ ਹਿੱਸਾ ਲਿਆ। ਸਿਖਿਆ ਮਹਿਕਮੇ ਨੇ ਭਰੋਸਾ ਦਿੱਤਾ ਕਿ ਪੰਜਾਬੀ ਪੜ੍ਹਨ ਵਾਲੇ ਵਿਦਿਆਰਥੀਆਂ ਦੀ ਗਿਣਤੀ ਪੂਰੀ ਹੋ ਜਾਣ ’ਤੇ ਸਥਾਨਕ ਸਕੂਲਾਂ ’ਚ ਪੰਜਾਬੀ ਦੀ ਪੜ੍ਹਾਈ ਸ਼ੁਰੂ ਕੀਤੇ ਜਾਣ ਬਾਰੇ ਕੋਈ ਦਿੱਕਤ ਨਹੀਂ ਆਵੇਗੀ ਅਤੇ ਇਸ ਸਬੰਧੀ ਪੰਜਾਬੀ ਵਿਦਿਆਰਥੀਆਂ ਨੂੰ ਆਪਣੀ ਮਾਂ-ਬੋਲੀ ’ਚ ਸ਼ੁਰੂ ਕੀਤੇ ਜਾਣ ਵਾਲੇ ਵਿਸ਼ੇ ਦੀ ਪੜ੍ਹਾਈ ’ਚ ਦਿਲਚਸਪੀ ਦਿਖਾਉਣੀ ਹੋਵੇਗੀ। ਸਿਖਿਆ ਮਹਿਕਮੇ ਨੇ ਇਹ ਵੀ ਜਾਣਕਾਰੀ ਦਿੱਤੀ ਕਿ ਪੰਜਾਬੀ ਪੜ੍ਹਾਈ ਸ਼ੁਰੂ ਕਰਨ ਲਈ ਅਧਿਆਪਕਾਂ ਦੀ ਭਰਤੀ ਲਈ ਉਨ੍ਹਾਂ ਕੋਲ ਬਣਦਾ ਬਜਟ ਉਪਲਬਧ ਹੈ ਅਤੇ ਹੁਣ ਸਥਾਨਕ ਪੰਜਾਬੀਆਂ ਨੂੰ ਆਪਣੇ ਬੱਚਿਆਂ ’ਚ ਆਪਣੀ ਭਾਸ਼ਾ ਪੜ੍ਹਨ ਲਈ ਉਤਸ਼ਾਹ ਪੈਦਾ ਕਰਨਾ ਹੋਵੇਗਾ। ਸਿੱਖਿਆ ਮਹਿਕਮੇ ਵੱਲੋਂ ਦਿੱਤੇ ਭਰੋਸੇ ਅਤੇ ਪਿਛਲੇ ਦੋ ਦਿਨ ਚੱਲੀਆਂ ਮੀਟਿੰਗਾਂ ਤੋਂ ਅੰਦਾਜ਼ਾ ਲਾਇਆ ਜਾ ਰਿਹਾ ਹੈ ਕਿ ਸਿਖਿਆ ਬੋਰਡ ਦੀ ਜਨਵਰੀ ਮਹੀਨੇ ’ਚ ਹੋਣ ਵਾਲੀ ਮੀਟਿੰਗ ਵਿੱਚ ਇਸ ਬਾਰੇ ਬਾਕਾਇਦਾ ਐਲਾਨ ਹੋ ਜਾਵੇਗਾ ਅਤੇ ਅਗਲੇ ਵਿਦਿਅਕ ਸਾਲ ਤੋਂ ਸੈਲਮਾ ਦੇ ਸਰਕਾਰੀ ਸਕੂਲਾਂ ’ਚ ਪੰਜਾਬੀ ਦੀ ਪੜ੍ਹਾਈ ਸ਼ੁਰੂ ਹੋ ਜਾਵੇਗੀ।

## ਪਾਕਿਸਤਾਨ ਦੇ ਸਾਬਕਾ ਰਾਸ਼ਟਰਪਤੀ ਪਰਵੇਜ਼ ਮੁਸ਼ੱਰ਼ਫ ਨੂੰ ਸਜ਼ਾ-ਏ-ਮੌਤ

(ਰਿਟਾਇਰਡ) ਪਰਵੇਜ਼ ਮੁਸ਼ਰਫ਼ ਨੂੰ ਦੋਸ਼ੀ ਬਣਾਇਆ ਸੀ। ਉਹ ਪਾਕਿਸਤਾਨ ਦੇ ਇਤਿਹਾਸ ਵਿੱਚ ਪਹਿਲੇ ਅਜਿਹੇ ਵਿਅਕਤੀ ਸਨ, ਜਿਨ੍ਹਾਂ ਦੇ ਵਿਰੁੱਧ ਸੰਵਿਧਾਨ ਦੀ ਉਲੰਘਣਾ ਦਾ ਮੁਕੱਦਮਾ ਚੱਲਿਆ। ਦਰਅਸਲ, ਸਾਲ 2013 ਦੀਆਂ ਚੋਣਾਂ ਵਿੱਚ ਜਿੱਤ ਤੋਂ ਬਾਅਦ ਪਾਕਿਸਤਾਨ ਮੁਸਲਿਮ ਲੀਗ (ਨਵਾਜ਼) ਸਰਕਾਰ ਵਿੱਚ ਆਈ। ਸਰਕਾਰ ਆਉਣ ਤੋਂ ਬਾਅਦ ਸਾਬਕਾ ਫ਼ੌਜੀ ਰਾਸ਼ਟਰਪਤੀ ਪਰਵੇਜ਼ ਮੁਸ਼ੱਰਫ਼ ਦੇ ਖ਼ਿਲਾਫ਼ ਸੰਵਿਧਾਨ ਦੀ ਉਲੰਘਣਾ ਦਾ ਮਾਮਲਾ ਦਰਜ ਕੀਤਾ ਗਿਆ ਸੀ।


jus
HINDI HD
DAILY LIVE CALL IN SHOWS
Zindagi Fullon
M-F 1:30PM EST
LO KARLO BAAT
M-F 12:30PM EST
CALL NOW FOR
SPECIAL ADVERTISEMENT RATES
D CODE
THE QUOTE
M-F 12PM EST
AWAM ki AWAZ
M-F 2:30PM EST
America's Premiere Indian Television Channel
WATCH jus HINDI HD CHANNEL 725 ON
dish | sling TELEVISION
CALL TO ADVERTISE + 1-718-752-9293 | CALL TO SUBSCRIBE +1-800-246-6242
www.jusbroadcasting.com




22




GET FLAT 22 CENTS
DISCOUNT AT

TA TravelCenters of America

PETRO Stopping Centers®

We also offer Line of Credit for Fuel Card

Additional Services with our Fuel Card

- ✓ National Tire Program
- ✓ PM & Light Mechanical
- ✓ 24 Hour Dedicated Repair Service

TRANS-ALLIANCE
TOGETHER WE SAVE

ਪੰਜਾਬੀ ਵਿਚ ਜਾਣਕਾਰੀ ਲਈ
1.855.641.6955

1.888.795.7035
www.trans-alliance.com


SHER®
BESAN
YEHI TO PURE HAI
SHER®
BESAN
CHANA FLOUR
SUPER FINE
बेसन • ਵੇਸਣ • ચણાનો લોટ • بیسن •
FARINE DE CHANA
Perfect for: Sweets, Bhajias, Pakoras, Kaddi, etc.
4 lb
1.81 kg
Milled In Canada
Moulu Au Canada
SHER BESAN SUPER FINE
www.sherbrarmills.com